# ONE YEAR DIPLOMA IN SIKH THEOLOGY

## SEMESTER-II

## COURSE: THEOLOGICAL STUDY OF SIKH INSTITUTIONS

## UNIT 1 – AKAL TAKHAT SAHIB

**STRUCTURE**

1.0 ਉਦੇਸ਼

1.1 ਜਾਣ-ਪਛਾਣ

1.2 ਸ੍ਰੀ ਅਕਾਲ ਤਖ਼ਤ ਸਾਹਿਬ: ਸ਼ਾਬਦਿਕ ਅਰਥ

1.3 ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ, ਸਿਧਾਂਤ ਤੇ ਸਰੂਪ

1.4 ਪ੍ਰਮੁੱਖ ਪੱਖ

1.5 ਮੀਰੀ-ਪੀਰੀ ਦਾ ਅਨੋਖਾ ਸੁਮੇਲ

1.6 ਸਿੱਖ ਪ੍ਰਭੂਸੱਤਾ ਦਾ ਪ੍ਰਤੀਕ

1.7 ਸਿੱਖੀ ਦੇ ਪੰਥਕ ਜੀਵਨ ਦਾ ਆਧਾਰ

1.8 ਵਿਲੱਖਣਤਾ ਵਾਲਾ ਪੱਖ

1.9 ਅਕਾਲ ਤਖ਼ਤ ਸਾਹਿਬ ਦੀ ਸਦੀਵੀਂ ਹੋਂਦ

1.10 ਸਿੱਟਾ

1.11 ਪੜ੍ਹਣਯੋਗ ਪੁਸਤਕਾਂ

### 1.0 ਉਦੇਸ਼

ਪ੍ਰਸਤੁਤ ਵਿਸ਼ੇ ਦਾ ਉਦੇਸ਼ ਵਿਦਿਆਰਥੀਆਂ ਨੂੰ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਿਧਾਂਤ, ਉਸ ਦੇ ਸਰੂਪ, ਧਰਮ ਦੇ ਲਈ ਕੀਤੇ ਜਾ ਰਹੇ ਕਾਰਜਾਂ ਅਤੇ ਇਸ ਦੇ ਵਿਲੱਖਣ ਪੱਖਾਂ ਤੋਂ ਜਾਣੂ ਕਰਵਾਉਣਾ ਹੈ।

### 1.1 ਜਾਣ-ਪਛਾਣ

ਸਿੱਖ ਧਰਮ ਵਿੱਚ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਪ੍ਰਗਟ ਕਰਨ ਵਾਲੀ ਸੰਸਥਾ ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਧਰਮ ਵਿੱਚ ਨਿਵੇਕਲਾ ਸਥਾਨ ਰੱਖਦੀ ਹੈ। ਦੁਨੀਆਂ ਦੀ ਧਰਮ ਪਰੰਪਰਾ ਵਿੱਚ ਇਹ ਸੰਸਥਾ ਇਸ ਪੱਖ ਤੋਂ ਵਿਲੱਖਣਤਾ ਰੱਖਦੀ ਹੈ ਕਿ ਕਿਸੇ ਵੀ ਧਰਮ ਵਿੱਚ ਇਸ ਪ੍ਰਕਾਰ ਦਾ ਧਰਮ ਅਤੇ ਰਾਜਨੀਤੀ ਦਾ ਅਨੋਖਾ ਸੁਮੇਲ ਪ੍ਰਾਪਤ ਨਹੀਂ ਹੁੰਦਾ। ਸਿੱਖ ਧਰਮ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਇਸ ਸਿਧਾਂਤ ਨੂੰ ਪ੍ਰਗਟ ਕਰਦਾ ਹੈ ਕਿ ਧਰਮ ਅਤੇ ਰਾਜਨੀਤੀ ਵੱਖਰੇ-ਵੱਖਰੇ ਨਹੀਂ ਚੱਲ ਸਕਦੇ ਪਰ ਰਾਜਨੀਤੀ ਉੱਪਰ ਧਰਮ ਦਾ ਕੁੰਡਾ ਹੋਣਾ ਅਤਿ ਜ਼ਰੂਰੀ ਹੈ। ਸਿੱਖ ਧਰਮ ਵਿੱਚ ਧਰਮ ਅਤੇ ਰਾਜਨੀਤੀ ਦੇ ਅਨੋਖੇ ਸੁਮੇਲ ਨੂੰ ਸਿਰਦਾਰ ਕਪੂਰ ਸਿੰਘ ਦੇ ਇਹ ਵਿਚਾਰ ਭਲੀ ਭਾਂਤ ਸਪੱਸ਼ਟ ਕਰਦੇ ਹਨ- *ਜਦੋਂ ਸਿੱਖ ਇਹ ਕਹਿੰਦੇ ਹਨ ਕਿ ਧਰਮ ਤੇ ਰਾਜਨੀਤੀ ਨੂੰ ਵੱਖ ਨਹੀਂ ਕਰਨਾ ਚਾਹੀਦਾ, ਤਾਂ ਇਸ ਦਾ ਮਤਲਬ ਇਹ ਨਹੀਂ ਕਿ ਸਿੱਖਾਂ ਦਾ ਰੱਬ ਨਾਲ ਸਿੱਧਾ ਰਾਬਤਾ ਹੈ। ਇਸ ਦਾ ਕੇਵਲ ਇਹੀ ਭਾਵ ਹੁੰਦਾ ਹੈ ਕਿ ਮਨੁੱਖ ਦੀ ਜਨਤਕ, ਨਿੱਜੀ ਅਤੇ ਅਧਿਆਤਮਕ ਜ਼ਿੰਦਗੀ ਨੂੰ ਵੱਖ ਨਹੀਂ ਕੀਤਾ ਜਾ ਸਕਦਾ ਅਤੇ ਇਸ ਤਰ੍ਹਾਂ ਦੇ ਮਿਲੇ- ਜੁਲੇ ਸਭਿਆਚਾਰ ਵਿਚ ਧਰਮ ਅਤੇ ਸਮਾਜ ਦਾ ਲਾਭ ਹੈ ਅਤੇ ਇਸੇ ਵਿਚ ਕਿਸੇ ਵਿਅਕਤੀ ਅਤੇ ਸਮੂਹ ਦੇ ਹਿਤ ਹਨ।* ਅਸਲ ਵਿਚ ਧਰਮ ਰਾਜਨੀਤੀ ਦੇ ਸਿਰ ’ਤੇ ਇਕ ਕੁੰਡੇ ਦਾ ਕਾਰਜ ਕਰਦਾ ਹੈ। ਧਰਮ ਤੋਂ ਵਿਹੂਣੀ ਰਾਜਨੀਤੀ ਦੇ ਆਪ-ਹੁਦਰੇਪਣ ਨੂੰ ਰੋਕਣ ਲਈ ਸਿੱਖ ਧਰਮ ਵਿੱਚ ਭਗਤੀ ਅਤੇ ਸ਼ਕਤੀ ਦਾ ਸੁਮੇਲ ਕੀਤਾ ਗਿਆ ਹੈ ਜੋ ਮੀਰੀ ਪੀਰੀ ਦੇ ਸਿਧਾਂਤ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਮੀਰੀ-ਪੀਰੀ ਨੂੰ ਪ੍ਰਗਟ ਕਰਨ ਲਈ ਇੱਕ ਸੰਸਥਾ ਜ਼ਰੂਰੀ ਸੀ ਜੋ ਸ੍ਰੀ ਅਕਾਲ ਤਖਤ ਸਾਹਿਬ ਦੇ ਰੂਪ ਵਿੱਚ ਸਥਾਪਤ ਹੋਈ। ਇਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਝਣ ਲਈ ਮੀਰੀ-ਪੀਰੀ ਦੇ ਸਿਧਾਂਤ ਨੂੰ ਵੀ ਸਮਝਣਾ ਜ਼ਰੂਰੀ ਹੈ ਜਿਸ ਦਾ ਵਿਹਾਰਕ ਰੂਪ ਸ੍ਰੀ ਅਕਾਲ ਤਖਤ ਸਾਹਿਬ ਹੈ।

### 1.2. ਸ੍ਰੀ ਅਕਾਲ ਤਖ਼ਤ ਸਾਹਿਬ: ਸ਼ਾਬਦਿਕ ਅਰਥ

ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਤੇ ਸਰੂਪ ਨੂੰ ਸਮਝਣ ਦੇ ਲਈ ਸਾਨੂੰ ਇਸ ਦੇ ਅੱਖਰੀਂ ਅਰਥਾਂ ਨੂੰ ਵੀ ਸਮਝਣਾ ਪਵੇਗਾ। ਅਕਾਲ ਤਖ਼ਤ ਸਾਹਿਬ ਕੇਵਲ ਮਾਤਰ ਧਾਰਮਿਕ ਸਥਾਨ ਹੀ ਨਹੀਂ ਹੈ, ਸਗੋਂ ਚਿੰਤਨ ਪ੍ਰਸੰਗ ਵਿੱਚ ਅਕਾਲ ਤਖ਼ਤ ਸਾਹਿਬ ਤਾਂ ਸਿੱਖੀ ਦੇ ਸਮੁੱਚ ਦਰ ਪ੍ਰਤਿਨਿਧਤਵ ਕਰਨ ਵਾਲਾ ਸੰਕਲਪੀ-ਪ੍ਰਕਾਸ਼ਨ ਹੈ। ਇਸ ਸੰਕਲਪ ਦੇ

ਬੀਜ, ਗੁਰੂ ਨਾਨਕ ਦੇਵ ਜੀ ਦੇ ਚਿੰਤਨ ਵਿਦਮਾਨ ਸਨ ਅਤੇ ਇਸ ਸੰਕਲਪ ਨੂੰ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਗਟ ਕੀਤਾ ਸੀ।

'ਅਕਾਲ' ਅਤੇ 'ਤਖ਼ਤ' ਇਹ ਲਫ਼ਜ਼ ਵੀ ਆਪਣੇ-ਆਪ ਵਿੱਚ ਮਹਾਨ ਹਨ। ਗੁਰਮਤਿ ਚਿੰਤਨ ਵਿੱਚ ਅਕਾਲ ਸ਼ਬਦ ਪਰਮਾਤਮਾ ਦੇ ਗੁਣਾਤਮਕ ਪੱਖ ਨੂੰ ਦਰਸਾਉਂਦਾ ਹੈ ਜੋ ਕਾਲ ਤੋਂ ਰਹਿਤ ਪਰਮਾਤਮਾ ਲਈ ਵਰਤਿਆ ਜਾਂਦਾ ਹੈ। 'ਤਖ਼ਤ' ਸ਼ਬਦ ਦੁਨਿਆਵੀ ਤਖ਼ਤ ਦਾ ਵੀ ਪ੍ਰਤੀਕ ਹੈ। 'ਤਖ਼ਤ' ਸ਼ਬਦ ਦੇ ਸ਼ਾਬਦਿਕ ਅਰਥ ਕਰਦਿਆਂ ਭਾਈ ਕਾਨ੍ਹ ਸਿੰਘ ਨਾਭਾ ਲਿਖਦੇ ਹਨ ਕਿ ਤਖ਼ਤ ਤੋਂ ਭਾਵ- ਬੈਠਣ ਦੀ ਚੌਂਕੀ, ਰਾਜ ਸਿੰਘਾਸਨ। ਭਾਵ ਕਿ ਜਿਸ ਰਾਜ ਸਿੰਘਾਸਨ ਤੇ ਬੈਠ ਕੇ ਰਾਜਾ ਆਪਣੇ ਰਾਜ ਦੀ ਕਾਰਵਾਈ ਚਲਾਉਂਦਾ ਹੈ। ਆਪਣੇ ਰਾਜ ਦੀ ਸਾਂਭ-ਸੰਭਾਲ ਕਰਦਾ ਹੈ। ਇਸ ਨੂੰ ਗੁਰਬਾਣੀ ਦੇ ਵਿੱਚ ਇਸ ਤਰ੍ਹਾਂ ਬਿਆਨ ਕੀਤਾ ਗਿਆ ਹੈ ਕਿ ਤਖ਼ਤ ਦੇ ਉੱਤੇ ਉਹ ਹੀ ਬਿਰਾਜਮਾਨ ਹੋਣਾ ਚਾਹੀਦਾ ਹੈ ਜੋ ਤਖ਼ਤ ਦੇ ਲਾਇਕ ਹੈ। ਤਖ਼ਤ ਨੂੰ ਆਪਣੇ ਨਿੱਜੀ ਲਾਭ ਖ਼ਾਤਰ ਨਾ ਵਰਤੇ, ਸਗੋਂ ਤਖ਼ਤ ਦੀ ਮਾਣ-ਮਰਿਯਾਦਾ ਨੂੰ ਕਾਇਮ ਰੱਖਦਿਆਂ ਹੋਇਆਂ ਰਾਜ ਨੂੰ ਚੰਗੇ ਤਰੀਕੇ ਨਾਲ ਚਲਾਵੇ-

ਤਖਤਿ ਬਹੈ ਤਖਤੈ ਕੀ ਲਾਇਕ ॥

ਪੰਚ ਸਮਾਏ ਗੁਰਮਤਿ ਪਾਇਕ॥

ਗੁਰਮਤਿ ਵਿਚਾਰਧਾਰਾ ਦੇ ਵਿੱਚ ਤਖ਼ਤ ਦੇ ਸਿਧਾਂਤ ਪ੍ਰਤੀ ਵੀ ਵਿਲੱਖਣਤਾ ਪਾਈ ਜਾਂਦੀ ਹੈ। ਦੁਨਿਆਵੀ ਤਖ਼ਤ ਜੋ ਕਿ ਨਾਸ਼ਵਾਨ ਤਖ਼ਤ ਹੈ। ਬਹੁਤ ਤਖ਼ਤ ਪੈਦਾ ਹੋਏ ਤੇ ਬਹੁਤ ਤਖ਼ਤਾਂ ਦਾ ਅੰਤ ਹੋਇਆ। ਪਰ ਗੁਰਮਤਿ ਦੇ ਵਿੱਚ ਜਿਹੜਾ ਤਖ਼ਤ ਸਥਾਪਿਤ ਕੀਤਾ ਗਿਆ ਉਹ ਹੈ- ਅਕਾਲ ਦਾ ਤਖ਼ਤ ਭਾਵ ਕਿ ਜਿਹੜਾ ਕਾਲ ਦੇ ਰੂਪ ਵਿੱਚ ਨਹੀਂ ਆਉਂਦਾ, ਮੌਤ ਤੋਂ ਰਹਿਤ ਹੈ, ਉਸ ਪ੍ਰਮੇਸ਼ਰ ਦਾ ਤਖ਼ਤ। ਅਕਾਲ ਤਖ਼ਤ ਸਾਹਿਬ ਨਿਰਗੁਣ ਤੇ ਸਰਗੁਣ ਦੋਨਾਂ ਸ਼ਕਤੀਆਂ ਦਾ ਪ੍ਰਤੀਕ ਹੈ। ਨਿਰਗੁਣ ਰੂਪ ਵਿੱਚ ਪ੍ਰਮਾਤਮਾ ਨੇ ਇਸ ਤਖ਼ਤ ਦਾ ਆਰੰਭ ਕੀਤਾ ਹੈ ਤੇ ਸਰਗੁਣ ਰੂਪ ਦੇ ਵਿੱਚ ਗੁਰੂ ਸਾਹਿਬਾਨ ਨੇ। 'ਤਖ਼ਤ' ਦੇ ਅਜਿਹੇ ਸਿਧਾਂਤ ਨੂੰ ਗੁਰੂ ਸਾਹਿਬਾਨ ਨੇ ਆਪਣੇ ਜੀਵਨ-ਕਾਲ ਵਿੱਚ ਅਮਲੀ ਜਾਮਾ

ਪਹਿਨਾਇਆ ਤੇ ਇਹ ਸਾਬਤ ਕਰ ਦਿੱਤਾ ਕਿ 'ਤਖ਼ਤ' ਕਿਸੇ ਵਿਅਕਤੀ ਵਿਸ਼ੇਸ਼ ਦੀਆਂ ਰਾਜਸੀ-ਖੇਤਰੀ ਗਤੀਵਿਧੀਆਂ ਦਾ ਕੇਂਦਰ ਨਹੀਂ, ਸਗੋਂ ਸੁਤੰਤਰ, ਪ੍ਰਭੂਸੱਤਾ ਸੰਪੰਨ ਸੰਸਥਾ ਹੈ।

## 1.3. ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ, ਸਿਧਾਂਤ ਤੇ ਸਰੂਪ

ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਰਵਾਈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਨੇ ਮੀਰੀ-ਪੀਰੀ ਦੀ ਨੀਤੀ ਅਪਣਾਈ ਅਤੇ ਸਿੱਖਾਂ ਨੂੰ ਜ਼ੁਲਮਾਂ ਦੇ ਟਾਕਰੇ ਲਈ ਹਥਿਆਰਬੰਦ ਹੋਣ ਦੇ ਆਦੇਸ਼ ਕੀਤੇ। ਇਸ ਨੀਤੀ ਅਧੀਨ ਉਨ੍ਹਾਂ ਨੇ ਸਿੱਖ ਸੰਗਤਾਂ ਨੂੰ ਗੁਰੂ ਘਰ ਦੀ ਭੇਟਾ ਵਜੋਂ ਵਧੀਆ ਹਥਿਆਰ, ਚੰਗੀ ਨਸਲ ਦੇ ਘੋੜੇ ਅਤੇ ਨੌਜਵਾਨ ਗੱਭਰੂਆਂ ਨੂੰ ਆਪਣੀ ਜਵਾਨੀ ਭੇਟਾ ਕਰਨ ਲਈ ਕਿਹਾ। ਇਸ ਪ੍ਰਕਾਰ ਉਨ੍ਹਾਂ ਨੇ ਭਗਤੀ ਅਤੇ ਸ਼ਕਤੀ ਦਾ ਅਨੋਖਾ ਮੇਲ ਕਰਕੇ ਇਕ ਸਿੱਖ ਨੂੰ ਸੰਤ ਸਿਪਾਹੀ ਦੇ ਰੂਪ ਵਿੱਚ ਵਿਕਸਿਤ ਕੀਤਾ। ਇਹ ਸੰਤ ਸਿਪਾਹੀ ਵਾਲਾ ਸਰੂਪ ਪੂਰਨ ਮਨੁੱਖ ਦੀ ਸਿਰਜਣਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਵੀ ਇਸੇ ਮੀਰੀ-ਪੀਰੀ ਦੀ ਨੀਤੀ ਦਾ ਇਕ ਪ੍ਰਮੁੱਖ ਹਿੱਸਾ ਸੀ। ਸਿੱਖ ਸਰੋਤ ਗ੍ਰੰਥਾਂ ਵਿੱਚ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਬਾਰੇ ਸੁੰਦਰ ਹਵਾਲੇ ਪ੍ਰਾਪਤ ਹੋ ਜਾਂਦੇ ਹਨ। ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਬਾਰੇ ਗੁਰਬਿਲਾਸ ਪਾਤਸ਼ਾਹੀ ਛੇਵੀਂ ਦੇ ਕਰਤਾ ਕਵੀ ਸੋਹਣ ਲਿਖਦਾ ਹੈ ਕਿ ਹਾੜ੍ਹ ਸੁਦੀ ਪੰਚਮੀ ਨੂੰ ਗੁਰੂ ਜੀ ਨੇ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਨਾਲ ਲੈ ਕੇ ਅਕਾਲ ਤਖ਼ਤ ਦੀ ਨੀਂਹ ਰੱਖੀ-

ਹਾੜ ਪੰਚਮੀ ਕੋ ਦਿਨ ਜਾਨ। ਸ੍ਰੀ ਗੁਰੁ ਉੱਦਮ ਕੀਨ ਮਹਾਨ॥

ਗੁਰਦਾਸ ਬੁੱਢੇ ਕੋ ਲੈ ਨਿਜ ਸਾਥ। ਤਖਤ ਅਰੰਭ ਕਰ ਦੀਨਾ ਨਾਥ॥

..........................................................................

ਕਰ ਅਰਦਾਸ ਸ੍ਰੀ ਸਤਿ ਗੁਰੂ ਤਹਾ ਪੁਨ ਪ੍ਰਸਾਦਿ ਵਰਤਾਇ॥

ਪ੍ਰਿਥਮ ਨੀਵ ਸ੍ਰੀ ਗੁਰ ਰਖੀ ਅਬਿਚਲ ਤਖਤ ਸੁਹਾਇ॥

ਗੁਰੂ ਸਾਹਿਬ ਨੇ ਆਪਣੇ ਹੱਥਾਂ ਨਾਲ ਅਕਾਲ ਤਖਤ ਸਾਹਿਬ ਦੇ ਨੀਂਹ ਰੱਖ ਕੇ, ਇਸ ਨੂੰ ਜ਼ਮੀਨੀ ਪੱਧਰ ਤੋਂ ਉੱਚਾ ਰੱਖਦੇ ਦਰਸ਼ਨੀ ਡਿਉਡੀ ਦੇ ਦਰਵਾਜੇ ਤੱਕ ਜ਼ਮੀਨ ਦਾ ਪੱਧਰ ਇਕੋ ਜਿਹਾ ਕਰਨ ਦਾ ਆਦੇਸ਼ ਦਿੱਤਾ-

ਪ੍ਰਥਮ ਆਪਨੇ ਲੇਕਰਿ ਹਾਥ। ਧਰੀ ਈਂਟ ਬਲ ਤੇਜ ਕੇ ਸਾਥ।

ਕਹਯੋ ਕੁਛਕ ਊਚਾ ਥਲ ਕਰੋ। ਜਹਿਂ ਲਗਿ ਪੌਰ ਏਕ ਸਮ ਧਰੋ।। ੧੬ ।।

ਸਿੱਖ ਸ੍ਰੋਤਾਂ ਅਨੁਸਾਰ ਇਸ ਰੂਹਾਨੀ ਤਖ਼ਤ ਦੀ ਉਸਾਰੀ ਵਿੱਚ ਕੋਈ ਵੀ ਮਿਸਤਰੀ ਆਦਿਕ ਨਹੀਂ ਲਾਇਆ, ਸਗੋਂ ਇਸ ਨੂੰ ਬਣਾਉਣ ਦੀ ਸਾਰੀ ਸੇਵਾ ਬਾਬਾ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੇ ਨਿਭਾਈ-

ਕਿਸੀ ਰਾਜ ਨਹਿਂ ਹਾਥ ਲਗਾਯੋ। ਬੁੱਢੇ ਔ ਗੁਰਦਾਸ ਬਨਾਯੋ।

ਭਾਈ ਸੰਤੋਖ ਸਿੰਘ ਅਨੁਸਾਰ ਅਕਾਲ ਤਖਤ ਸਾਹਿਬ ਪਹੁੰਚ ਕੇ ਸਿੰਘਾਸਨ 'ਤੇ ਬਿਰਾਜਣ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਨੇ ਤਿਆਰ ਕਰਵਾਏ ਗਏ ਸਸ਼ਤ੍ਰ ਮੰਗਵਾ ਕੇ ਪੰਜ ਗੁਰੂ ਸਾਹਿਬਾਨ ਦਾ ਨਾਮ ਲੈਂਦੇ ਹੋਏ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਅਤੇ ਦੂਸਰੇ ਸਸ਼ਤ੍ਰ ਧਾਰਣ ਕੀਤੇ। ਅਕਾਲ ਤਖ਼ਤ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਗੁਰੂ ਹਰਿਗੋਬਿੰਦ ਸਾਹਿਬ ਦੇ ਆਦੇਸ਼ ਅਨੁਸਾਰ ਭਾਈ ਗੁਰਦਾਸ ਜੀ ਨੇ ਕੀਤਾ ਅਤੇ ਸਾਰੀਆਂ ਸਿੱਖ ਸੰਗਤਾਂ ਨੇ ਸਤਿਕਾਰ ਵਿੱਚ ਗੁਰੂ ਗ੍ਰੰਥ ਸਾਹਿਬ ਅੱਗੇ ਆਪਣਾ ਸੀਸ ਝੁਕਾਇਆ-

ਕਰ ਇਸਨਾਨ ਸਭੀ ਇਕ ਠਾਏ।

ਦਿਵਾਨ ਲਾਇ ਨਿਸ ਜਾਮ ਰਹਾਏ।

ਸ੍ਰੀ ਗੁਰੁ ਤਬ ਗੁਰਦਾਸ ਕੋ ਕਹਾ।

ਲਿਆਵੋ ਗੁਰੂ ਗ੍ਰੰਥ ਸੁਖ ਲਹਾ।

ਗੁਰੂ ਗ੍ਰੰਥ ਕੀ ਕੋਠੜੀ ਭਾਈ ਤਹਿਤੇ ਲਯਾਇ।

ਗੁਰੂ ਗ੍ਰੰਥ ਧਰ ਤਖ਼ਤ ਪਰ ਸਭ ਨਿਜ ਸੀਸ ਝੁਕਾਇ॥

ਅਕਾਲ ਤਖ਼ਤ ਦੀ ਸੇਵਾ ਸੰਭਾਲ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਭਾਈ ਗੁਰਦਾਸ ਦੀ ਨਿਯੁਕਤੀ ਕੀਤੀ ਅਤੇ ਉਹਨਾਂ ਨੂੰ ਅਕਾਲ ਤਖ਼ਤ ਦਾ ਸਾਰਾ ਕੰਮ ਕਾਜ ਸੌਂਪ ਦਿੱਤਾ-

ਤਖਤ ਪੂਜ ਕਰਬੇ ਨਮਿਤ ਗੁਰਦਾਸ ਭਾਈ ਠਹਿਰਾਇ॥

ਨਿੱਤ ਕਰਾਇ ਸਨਾਨ ਸੋ ਪੁਸ਼ਪ ਸੁਗੰਧ ਲਗਾਇ॥

ਇੱਥੇ ਇਸ ਗੱਲ ਦਾ ਨਿਰਣਾ ਕਰਨਾ ਵੀ ਬਣਦਾ ਹੈ ਕਿ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਿਸ ਸੰਨ ਵਿੱਚ ਹੋਈ। ਗੁਰਬਿਲਾਸ ਪਾਤਸ਼ਾਹੀ ਛੇਵੀਂ ਦਾ ਕਰਤਾ 1606 ਈ: ਵਿੱਚ ਮੰਨਦਾ ਹੈ ਅਤੇ ਭਾਈ ਕਾਨ੍ਹ ਸਿੰਘ ਨਾਭਾ ਨੇ ਵੀ ਇਹ ਸਮਾਂ 1606 ਈ. ਹੀ ਲਿਖਿਆ ਹੈ। ਪਰ ਜੇਕਰ ਇਤਿਹਾਸਕ ਤੌਰ 'ਤੇ ਖੋਜ ਪੜਤਾਲ ਕਰੀਏ ਤਾਂ 1606 ਈ: ਠੀਕ ਨਹੀਂ ਜਾਪਦੀ ਕਿਉਂਕਿ 1606 ਈ: ਨੂੰ ਜਦੋਂ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕੀਤਾ ਗਿਆ ਤਾਂ ਉਸ ਸਮੇਂ ਮੁਰਤਜ਼ਾ ਖਾਂ ਨੂੰ ਇਹ ਹੁਕਮ ਸੀ ਕਿ ਗੁਰੂ ਅਰਜਨ ਦੇ ਸਾਰੇ ਪਰਿਵਾਰ ਨੂੰ ਵੀ ਕੈਦ ਕੀਤਾ ਜਾਵੇ।

ਅਜਿਹੇ ਸਮੇਂ ਵਿਚ ਬਾਬਾ ਬੁੱਢਾ ਜੀ ਦੁਆਰਾ ਸੁਰੱਖਿਆ ਦੇ ਪੱਖ ਤੋਂ ਗੁਰੂ ਹਰਿਗੋਬਿੰਦ ਜੀ ਨੂੰ ਅੰਮ੍ਰਿਤਸਰ ਤੋਂ ਕਿਸੇ ਹੋਰ ਥਾਂ ਚਲੇ ਜਾਣ ਦੀ ਕੀਤੀ ਹੋਈ ਬੇਨਤੀ ਪ੍ਰਵਾਨ ਕਰਕੇ ਗੁਰੂ ਸਾਹਿਬ ਅੰਮ੍ਰਿਤਸਰ ਤੋਂ ਡਰੌਲੀ ਭਾਈ ਚਲੇ ਗਏ ਤੇ ਉੱਥੋਂ ਅੱਗੇ ਨਾਨਕ ਮੱਤੇ ਗਏ। ਇਨ੍ਹਾਂ ਅਸਥਾਨਾਂ ਤੋਂ ਲਗਭਗ 2 ਸਾਲ ਤੋਂ ਵੱਧ ਸਮੇਂ ਤੋਂ ਬਾਅਦ ਆਪ ਜੀ ਵਾਪਸ ਅੰਮ੍ਰਿਤਸਰ ਆਏ। ਵਾਪਸ ਆ ਕੇ ਗੁਰੂ ਸਾਹਿਬ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ। ਗਿਆਨੀ ਗਿਆਨ ਸਿੰਘ ਇਸ ਤਖ਼ਤ ਦੀ ਸਥਾਪਨਾ 1609 ਈ: ਨੂੰ ਹੋਈ ਮੰਨਦੇ ਹਨ। ਪ੍ਰਿੰਸੀਪਲ ਤੇਜਾ ਸਿੰਘ ਤੇ ਡਾ: ਗੰਡਾ ਸਿੰਘ ਵੀ 1609 ਈ: ਹੀ ਸਵੀਕਾਰਦੇ ਹਨ ਤੇ ਸਮਕਾਲੀ ਫ਼ਾਰਸੀ ਸਰੋਤਾਂ ਮੁਤਾਬਿਕ ਵੀ ਇਹੀ ਸਮਾਂ ਸਹੀ ਸਾਬਿਤ ਹੁੰਦਾ ਹੈ। ਅਕਾਲ ਤਖਤ ਦੀ ਸਥਾਪਨਾ ਦਾ ਸਮਾਂ 1609 ਈ. ਹੀ ਠੀਕ ਜਾਪਦਾ ਹੈ ਕਿਉਂਕਿ 1606 ਈ: ਵਿੱਚ ਤਾਂ ਗੁਰੂ ਜੀ ਬਾਬਾ ਬੁੱਢਾ ਜੀ ਦੀ ਬੇਨਤੀ ਪ੍ਰਵਾਨ ਕਰ ਕੇ ਅੰਮ੍ਰਿਤਸਰ ਛੱਡ ਕੇ ਚਲੇ ਗਏ ਸਨ। ਇਸ ਲਈ ਇਤਿਹਾਸਿਕ ਤੌਰ 'ਤੇ 1606 ਈ. ਠੀਕ ਨਹੀਂ ਜਾਪਦੀ।

ਦੂਸਰੇ ਪਾਸੇ ਇਹ ਵੀ ਇਕ ਇਤਿਹਾਸਿਕ ਸੱਚਾਈ ਹੈ ਕਿ ਜਦੋਂ ਗੁਰੂ ਜੀ ਨੇ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਤਾਂ ਉਸ ਸਮੇਂ ਪੰਜਾਬ ਦਾ ਗਵਰਨਰ ਕੁਲਿਜ ਖ਼ਾਂ ਸੀ। ਕੁਲਿਜ਼ ਖ਼ਾਂ 1607 ਈ: ਤੋਂ 1608 ਈ: ਦੇ ਵਿੱਚ ਪੰਜਾਬ ਦਾ ਗਰਵਨਰ ਨਿਯੁਕਤ ਹੋਇਆ ਜੋ ਕਿ ਇੱਕ ਨੇਕ ਇਨਸਾਨ ਸੀ। ਉਸ ਦੇ ਗਵਰਨਰੀ ਕਾਲ ਦੌਰਾਨ ਹੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਹੋਈ ਹੈ। ਇਸ ਪੱਖ ਤੋਂ ਵੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਸਮਾਂ 1609 ਈ: ਹੀ ਸਹੀ ਸਾਬਿਤ ਹੁੰਦਾ ਹੈ।

ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਹੋਣ ਉਪਰੰਤ ਇਕ ਨਿਵੇਕਲੇ ਮਾਹੌਲ ਦੀ ਸਿਰਜਣਾ ਹੋਈ। ਭਗਤੀ ਦੇ ਪ੍ਰਤੀਕ ਹਰਿਮੰਦਰ ਸਾਹਿਬ ਦੇ ਸਾਹਮਣੇ ਸ਼ਕਤੀ ਦੇ ਪ੍ਰਤੀਕ ਵਜੋਂ ਸਿਰਜੇ ਗਏ ਅਕਾਲ ਤਖ਼ਤ ਨਾਲ ਭਗਤੀ ਅਤੇ ਸ਼ਕਤੀ ਦਾ ਸੁਮੇਲ ਪ੍ਰਤੱਖਮਾਨ ਹੋਇਆ। ਗੁਰਬਿਲਾਸ ਪਾਤਸ਼ਾਹੀ ਛੇਵੀਂ ਅਨੁਸਾਰ ਹਰਿਮੰਦਰ ਸਾਹਿਬ ਵਿਚ ਗੁਰੂ ਸਾਹਿਬ ਆਪਣੇ ਸ਼ਾਂਤ ਸਰੂਪ ਵਿੱਚ ਨੂੰ ਪ੍ਰਗਟ ਕਰਦੇ ਅਤੇ ਅਕਾਲ ਤਖ਼ਤ ਸਾਹਿਬ ਉਨ੍ਹਾਂ ਦੇ ਰਾਜਸੀ ਸਰੂਪ ਨੂੰ ਪ੍ਰਗਟ ਕਰਦਾ। ਇਸ ਨੂੰ ਗੁਰੂ ਸਾਹਿਬ ਦੁਆਰਾ ਆਖੇ ਗਏ ਵਾਕਾਂ ਦੀ ਸ਼ੈਲੀ ਵਿੱਚ ਇਸ ਪ੍ਰਕਾਰ ਪੇਸ਼ ਕੀਤਾ ਗਿਆ ਹੈ-

ਸਾਂਤ ਰੂਪ ਹਵੈ ਮੈ ਰਹੋ ਹਰਿਮੰਦਰ ਕੇ ਮਾਹਿ।

ਰਜੋ ਰੂਪ ਇਹ ਠਾਂ ਰਹੋ ਅਕਾਲ ਤਖਤ ਸੁਖ ਪਾਇ।

ਗਿਆਨੀ ਗਿਆਨ ਸਿੰਘ ਲਿਖਦੇ ਹਨ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ 'ਆਸਾ ਦੀ ਵਾਰ' ਦੇ ਭੋਗ ਪੈਣ ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਦੀਵਾਨ ਸਜਦੇ, ਜਿੱਥੇ ਸਿੱਖਾਂ ਦੇ ਝਗੜੇ ਨਜਿੱਠੇ ਜਾਂਦੇ ਸਨ। ਇਸ ਤਰ੍ਹਾਂ ਲਾਗਲੇ ਪਿੰਡਾਂ ਦੇ ਲੋਕ ਆਪੋ-ਆਪਣੇ ਝਗੜੇ ਨਿਪਟਾਉਣ ਲਈ ਗੁਰੂ ਜੀ ਪਾਸ ਆਉਣ ਲੱਗ ਪਏ। ਗੁਰਕੀਰਤ ਪ੍ਰਕਾਸ਼ ਦੇ ਕਰਤਾ ਅਨੁਸਾਰ ਗੁਰੂ ਹਰਿਗੋਬਿੰਦ ਸਾਹਿਬ ਨੇ ਇਸ ਤਖਤ ਰਾਹੀਂ ਦਿੱਲੀ ਅਤੇ ਲਾਹੌਰ ਦੇ ਤਖਤਾਂ ਦਾ ਪ੍ਰਭਾਵ ਖਤਮ ਕਰ ਦਿੱਤਾ ਸੀ-

ਦ੍ਵੈ ਤਖਤਨ ਕੇ ਤੇਜ ਹਰਿ ਦਿਲੀ ਅਵਰ ਲਾਹੌਰ।

ਤਖਤ ਸਾਜਿਆ ਸੁਧਾਸਰ ਸੋਢ ਬੰਸ ਸਿਰਮੌਰ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਕਾਲ ਤਖ਼ਤ ਸਾਹਿਬ ਵਿਖੇ ਢਾਡੀ ਆਦਿ ਨਿਯੁਕਤ ਕਰ ਦਿੱਤੇ ਤਾਂ ਕਿ ਉਹ ਬੀਰ ਰਸੀ ਵਾਰਾਂ ਦਾ ਗਾਇਨ ਕਰ ਕੇ ਸਿੱਖ ਸੰਗਤਾਂ ਦੇ ਵਿੱਚ ਬੀਰ ਰਸ ਪੈਦਾ ਕਰ ਸਕਣ। ਕਿਉਂਕਿ ਗੁਰੂ ਸਾਹਿਬ ਜਾਣਦੇ ਸਨ ਕਿ ਜ਼ੁਲਮ ਨੂੰ ਖ਼ਤਮ ਕਰਨ ਦੇ ਲਈ ਬਰਾਬਰ ਦੀ ਟੱਕਰ ਲੈਣੀ ਹੀ ਪਵੇਗੀ। ਇਸੇ ਮਨੋਰਥ ਦੇ ਲਈ ਸ਼ੁਰੂਆਤੀ ਪੱਖ ਇਹੀ ਸੀ ਕਿ ਕੋਈ ਕੇਂਦਰ ਪਹਿਲਾਂ ਸਥਾਪਿਤ ਹੋਵੇ ਤੇ ਉਹ ਕੇਂਦਰ ਅਕਾਲ ਤਖ਼ਤ ਦੇ ਰੂਪ ਦੇ ਵਿੱਚ ਸਥਾਪਿਤ ਕਰ ਦਿੱਤਾ। ਇਸ ਤਖ਼ਤ ਉੱਪਰ ਗੁਰੂ ਜੀ ਸਿੱਖਾਂ ਦੇ ਮਸਲਿਆਂ ਨੂੰ ਬਿਨ੍ਹਾਂ ਕਿਸੇ ਪੱਖਪਾਤ ਦੇ ਨਜਿੱਠਣ ਲੱਗ ਪਏ ਤੇ ਸੁਭਾਵਿਕ ਹੀ ਹੈ ਕਿ ਇਸ ਤਖ਼ਤ ਪ੍ਰਤੀ ਲੋਕਾਂ ਦੀ ਰੁਚੀ ਜ਼ਿਆਦਾ ਵਧਣ ਲੱਗ ਪਈ। ਇਸ ਸੰਬੰਧ ਦੇ ਵਿੱਚ ਸਿਰਦਾਰ ਕਪੂਰ ਸਿੰਘ ਲਿਖਦੇ ਹਨ- ਇਹ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਬਣੇ ਤਖ਼ਤਾਂ ਵਿੱਚੋਂ ਸਿੱਖ ਧਰਮ ਦਾ ਪ੍ਰਮੁੱਖ ਸਥਾਨ ਹੈ ਜਿਸ ਦੀ ਸਥਾਪਨਾ ਛੇਵੇਂ ਸਤਿਗੁਰੂ ਹਰਿਗੋਬਿੰਦ ਜੀ ਨੇ ਉਸ ਵੇਲੇ ਕੀਤੀ, ਜਦੋਂ ਸਿੱਖ ਧਰਮ ਨੇ ਸਪੱਸ਼ਟ ਰੂਪ ਵਿੱਚ ਰਾਜਨੀਤੀ ਤੇ ਸਮਾਜਿਕ ਸਮੱਸਿਆਵਾਂ ਬਾਰੇ ਆਦੇਸ਼ ਦੇਣੇ ਆਰੰਭ ਕੀਤੇ। ਇਉਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਰਤ ਦੇ ਮੁਗ਼ਲ ਰਾਜ ਨੂੰ ਅਸਵੀਕਾਰ ਕਰਕੇ ਸਿੱਖਾਂ ਦੇ ਪ੍ਰਭੂਸੱਤਾ ਸੰਪੰਨ ਹੋਣ ਦਾ ਐਲਾਨ ਕਰ ਦਿੱਤਾ। ਅਠ੍ਹਾਰਵੀਂ, ਉੱਨ੍ਹੀਵੀਂ ਤੇ ਵੀਹਵੀਂ ਸਦੀ ਵਿੱਚ ਸਿੱਖ ਸੰਗਤ ਸ੍ਰੀ ਅਕਾਲ ਤਖ਼ਤ ਵਿਖੇ ਵਿਸ਼ੇਸ ਮੌਕਿਆਂ ਉੱਪਰ ਇਕੱਠੀ ਹੋ ਕੇ ਸਰਬ-ਸੰਮਤੀ ਨਾਲ ਕੌਮੀ ਫੈਸਲੇ ਲੈਂਦੀ ਰਹੀ, ਜਿਨ੍ਹਾਂ ਦੀ ਪਾਲਣਾ ਕਰਨੀ ਹਰ ਸਿੱਖ ਲਈ ਜ਼ਰੂਰੀ ਮੰਨੀ ਜਾਂਦੀ।

ਦਰਅਸਲ, ਦੇਖਿਆ ਜਾਵੇ ਤਾਂ ਮੁਗ਼ਲ ਤਖ਼ਤ ਤੇ ਅਕਾਲ ਤਖ਼ਤ ਦੇ ਵਿੱਚ ਇੱਕ ਬਹੁਤ ਵੱਡਾ ਫ਼ਰਕ ਹੈ। ਮੁਗ਼ਲ ਤਖ਼ਤ ਜੋ ਹੈ ਉਹ ਮਨੁੱਖਤਾ ਨੂੰ ਗੁਲਾਮ ਬਣਾ ਕੇ ਰੱਖਣਾ ਚਾਹੁੰਦਾ ਹੈ ਤੇ ਅਕਾਲ ਤਖ਼ਤ ਸਾਹਿਬ ਮਨੁੱਖਤਾ ਨੂੰ ਆਜ਼ਾਦ ਰੱਖਣਾ ਚਾਹੁੰਦਾ ਹੈ। ਇਹੀ ਫ਼ਰਕ ਹੈ ਦੁਨਿਆਵੀ ਤਖ਼ਤ ਅਤੇ ਅਕਾਲ ਤਖ਼ਤ ਸਾਹਿਬ ਵਿੱਚ।

ਅਕਾਲ ਤਖਤ ਸਾਹਿਬ ਸਿੱਖਾਂ ਲਈ ਕੇਂਦਰੀ ਸ਼ਕਤੀ ਦੇ ਕੇਂਦਰ ਦਾ ਕਾਰਜ ਕਰਦਾ ਹੈ ਜਿਥੋਂ ਜਾਰੀ ਹੋਣ ਵਾਲੇ ਹੁਕਮਨਾਮੇ ਨੂੰ ਦੁਨੀਆ ਦਾ ਹਰੇਕ ਸਿੱਖ ਖਿੜ੍ਹੇ ਮੱਥੇ ਪ੍ਰਵਾਨ ਕਰਦਾ ਹੈ। ਜੇਕਰ ਅਕਾਲ ਤਖ਼ਤ ਤੋਂ ਹੁਕਮਨਾਮਿਆਂ ਦੀ ਸ਼ੁਰੂਆਤ ਦੀ ਗੱਲ ਕਰੀਏ ਤਾਂ ਇਤਿਹਾਸਕ ਗਵਾਹੀ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਅਕਾਲ ਤਖਤ ਦੀ ਸਥਾਪਨਾ ਤੋਂ ਬਾਅਦ ਗੁਰੂ ਹਰਿਗੋਬਿੰਦ ਸਾਹਿਬ ਨੇ ਹੀ ਤਖ਼ਤ ਤੋਂ ਸੰਗਤਾਂ ਨੂੰ ਹੁਕਮਨਾਮਾ ਬਖ਼ਸ਼ਿਆ ਸੀ ਕਿ ਅੱਗੇ ਤੋਂ ਸਿੱਖ ਘੋੜੇ,

ਸ਼ਸਤਰ ਆਦਿਕ ਵੀ ਭੇਟਾ ਕਰਿਆ ਕਰਨ। ਇਸੇ ਹੁਕਮਨਾਮਿਆਂ ਦੀ ਪ੍ਰੰਪਰਾ ਅੱਗੇ ਜਾ ਕੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨਿਭਾਉਂਦੇ ਆਏ ਹਨ। ਕਿਸੇ ਸਿੱਖ ਦੁਆਰਾ ਕੋਈ ਪੰਥਕ ਅਵੱਗਿਆ ਹੋਣ ਦੀ ਸੂਰਤ ਵਿਚ ਜਾਂ ਗੁਰਮਤਿ ਵਿਰੁੱਧ ਹੋਏ ਕਾਰਜ ਦੀ ਭੁੱਲ ਬਖ਼ਸ਼ਾਉਣ ਲਈ ਅਕਾਲ ਤਖ਼ਤ ਸਾਹਿਬ ਵੱਲੋਂ ਹੁਕਮਨਾਮੇ ਦੇ ਰੂਪ ਵਿੱਚ ਉਸਨੂੰ ਤਨਖ਼ਾਹ ਵੀ ਲਾਈ ਜਾਂਦੀ ਹੈ।

ਤਨਖ਼ਾਹ ਲਾਏ ਜਾਣ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਦੇ 'ਪੰਥ ਪ੍ਰਕਾਸ਼' ਵਿੱਚ ਮਿਲਦਾ ਹੈ। ਨਵਾਬ ਕਪੂਰ ਸਿੰਘ ਦੇ ਸਮੇਂ ਅਕਾਲ ਤਖ਼ਤ ਤੇ ਪੰਥਕ ਜਥੇਬੰਦੀ ਇਤਨੀ ਮਜ਼ਬੂਤ ਸੀ ਕਿ ਜਥੇ- ਬੰਦਕ ਅਸੂਲਾਂ ਦੀ ਉਲੰਘਣਾ ਕਰਨ ਵਾਲੇ ਨੂੰ ਤਨਖ਼ਾਹ ਲਾਈ ਜਾਂਦੀ ਸੀ ਅਤੇ ਜਦ ਤੱਕ ਉਹ ਭੁੱਲ ਨਾ ਬਖ਼ਸ਼ਾਏ, ਉਸ ਨੂੰ ਪੰਥ ਵਿੱਚ ਵਾਪਸ ਸ਼ਾਮਲ ਨਹੀਂ ਕੀਤਾ ਜਾਂਦਾ ਸੀ-

ਸਿੰਘ ਜੁ ਰਹੇ ਰਾਤ ਇਕ ਬਾਹਰ ਕੈ ਬਿਨ ਪੂਛੈ ਜਾਵੈ।
ਬਿਨ ਤਨਖਾਹ ਲਗਾਏ ਕੋਊ ਮਿਲਣ ਪੰਥ ਨਹਿ ਪਾਵੈ।

ਇਹ ਅਕਾਲ ਤਖ਼ਤ ਸਾਹਿਬ ਪ੍ਰਤੀ ਸਿੱਖਾਂ ਦੀ ਸਮਰਪਣ ਭਾਵਨਾ ਦਾ ਪ੍ਰਤੀਕ ਹੈ। ਅਕਾਲ ਤਖ਼ਤ ਸਾਹਿਬ ਵਲੋਂ ਲਾਈ ਜਾਂਦੀ ਤਨਖ਼ਾਹ ਕੋਈ ਹੇਠੀ ਜਾਂ ਨਾਮੋਸ਼ੀ ਦਾ ਪ੍ਰਤੀਕ ਨਹੀਂ, ਸਗੋਂ ਇਸ ਨਾਲ ਪਤਾ ਚੱਲਦਾ ਹੈ ਕਿ ਮਨੁੱਖ ਹਉਮੈ ਤੋਂ ਰਹਿਤ ਹੈ ਇਸ ਲਈ ਗੁਰੂ ਕੋਲ ਜਾ ਕੇ ਆਪਣੀ ਭੁੱਲ ਬਖ਼ਸ਼ਾ ਰਿਹਾ ਹੈ। ਮਹਾਰਾਜਾ ਰਣਜੀਤ ਸਿੰਘ ਜੀ ਵਰਗੇ ਸ਼ਕਤੀਸ਼ਾਲੀ ਮਹਾਰਾਜੇ ਨੇ ਵੀ ਆਪਣੀ ਗ਼ਲਤੀ ਨੂੰ ਸਵੀਕਾਰ ਕਰਦਿਆਂ ਹੋਇਆਂ ਕੋਰੜੇ ਮਾਰਨ ਦੀ ਸਜ਼ਾ ਨੂੰ ਸਵੀਕਾਰ ਕੀਤਾ ਸੀ।

ਦੂਸਰੇ ਤੌਰ ’ਤੇ ਦੇਖਿਆ ਜਾਵੇ ਤਾਂ ਅਕਾਲ ਤਖ਼ਤ ਸਾਹਿਬ ਸਮੁੱਚੇ ਪੰਥ ਨੂੰ ਇਕਮੁੱਠ ਕਰਨ ਦਾ ਸਥਾਨ ਹੈ। ਸਿੱਖ ਇਤਿਹਾਸ ਦੇ ਸ੍ਰੋਤਾਂ ਦੇ ਆਧਾਰ ਤੇ ਇਹ ਪਤਾ ਲਗਦਾ ਹੈ ਕਿ ਸਤ੍ਹਾਰਵੀਂ ਅਠ੍ਹਾਰਵੀਂ ਸਦੀ ਦੇ ਵਿੱਚ ਸਿੱਖ ਪੰਥ ਵਿਸਾਖੀ ਤੇ ਦੀਵਾਲੀ ਨੂੰ ਸਾਲ ਵਿੱਚ ਦੋ ਵਾਰੀ ਅਕਾਲ ਤਖ਼ਤ ਸਾਹਿਬ ਤੇ ਸਰਬੱਤ ਖਾਲਸਾ ਦੇ ਰੂਪ ਵਿੱਚ ਜੁੜਦਾ ਸੀ ਤੇ ਪੰਥਕ ਮਤਿਆਂ ਉੱਪਰ ਵਿਚਾਰ ਕਰਕੇ ਗੁਰਮਤਾ ਪੇਸ਼ ਹੁੰਦਾ ਸੀ।

ਮੁਲਕ ਲੂਟ ਅੰਮ੍ਰਿਤਸਰ ਆਵੈਂ, ਦਿਵਾਲੀ ਬਿਸਾਖੀ ਮੇਲਾ ਲਾਵੈਂ।

ਬੈਠ ਹਰਿਮੰਦਰ ਸੁਨੈਂ ਸੁ ਗਯਾਨ, ਗੁਰ ਬਚਨਨ ਪਰ ਲਾਵੈਂ ਧਯਾਨ।

ਅਕਾਲ ਬੁੰਗੇ ਚੜ੍ਹ ਤਖਤੇ ਬਹਿ ਹੈ, ਲਾਹਿ ਦੀਵਾਨ ਗੁਰਮਤੇ ਮਤੈ ਹੈ।

ਸ੍ਰਬਤ ਖਾਲਸੇ ਹੋਇ ਅਦਾਲਤ, ਅਸਿਖਨ ਗਾਰ ਸਿੰਘਨ ਪ੍ਰਤਿਪਾਲਤ।

ਇਨ੍ਹਾਂ ਅਕਾਲ ਤਖ਼ਤ ਉੱਪਰ ਹੁੰਦਿਆਂ ਗੁਰਮਤਿਆਂ ਵਿੱਚ ਅਗਵਾਈ ਗੁਰੂ ਗ੍ਰੰਥ ਸਾਹਿਬ ਦੀ ਹੀ ਹੁੰਦੀ ਸੀ ਕਿਉਂਕਿ ਇਤਿਹਾਸ ਵਿੱਚ ਐਸੇ ਮੌਕੇ ਵੀ ਆਏ ਜਦੋਂ ਖਾਲਸਾ ਪੰਥ ਗੁਰਮਤਾ ਕਰਨ ਲਈ ਇੱਕ ਮੱਤ ਨਹੀਂ ਹੋ ਸਕਿਆ ਤੇ ਪੰਥ ਨੇ ਆਖ਼ਰੀ ਫੈਸਲਾ ਗੁਰੂ ਗ੍ਰੰਥ ਸਾਹਿਬ ਉੱਪਰ ਛੱਡ ਦਿੱਤਾ। ਇਸ ਸਾਰੀ ਘਟਨਾ ਬਾਰੇ ਰਤਨ ਸਿੰਘ ਭੰਗੂ ਲਿਖਦੇ ਹਨ ਕਿ ਅਕਾਲ ਤਖ਼ਤ ਉੱਪਰ ਦੀਵਾਨ ਲੱਗਿਆ ਹੋਇਆ ਸੀ ਤੇ ਇੱਕ ਬ੍ਰਾਹਮਣ ਨੇ ਆ ਕੇ ਬੇਨਤੀ ਕੀਤੀ ਕਿ ਕਸੂਰ ਦੇ ਪਠਾਣਾਂ ਨੇ ਉਸਦੀ ਪਤਨੀ ਦਾ ਅਪਹਰਣ ਕਰ ਲਿਆ ਹੈ ਤੇ ਹੁਣ ਖਾਲਸਾ ਪੰਥ ਹੀ ਹੈ ਜੋ ਕਿ ਮੇਰੀ ਮੱਦਦ ਕਰ ਸਕਦਾ ਹੈ। ਖਾਲਸਾ ਪੰਥ ਨੇ ਵਿਚਾਰ ਕੀਤੀ ਪਰ ਕਿਸੇ ਪੂਰਨ ਸਹਿਮਤੀ ਨਾ ਹੋਣ ਕਾਰਨ ਗੁਰਮਤੇ ਤੇ ਨਾ ਪਹੁੰਚ ਸਕੇ। ਕੁੱਝ ਦਾ ਵਿਚਾਰ ਸੀ ਕਿ ਬ੍ਰਾਹਮਣ ਦੀ ਮੱਦਦ ਕਰਨੀ ਚਾਹੀਦੀ ਹੈ ਤੇ ਕੁੱਝ ਸਿੱਖਾਂ ਨੇ ਇਹ ਵਿਚਾਰ ਦਿੱਤਾ ਕਿ ਕਸੂਰ ਦੇ 12 ਲੱਖ ਤੁਰਕਾਂ ਦਾ ਮੁਕਾਬਲਾ ਸਾਡੀ ਹਜ਼ਾਰਾਂ ਸਿੰਘਾਂ ਦੀ ਫੌਜ ਨਹੀਂ ਕਰ ਸਕਦੀ। ਅੰਤ ਵਿੱਚ ਸਾਰੇ ਪੰਥ ਦੀ ਸਹਿਮਤੀ ਨਾਲ ਫੈਸਲਾ ਗੁਰੂ ਗ੍ਰੰਥ ਸਾਹਿਬ ਜੀ ਤੇ ਛੱਡ ਦਿੱਤਾ। ਅਰਦਾਸ ਕਰਕੇ ਵਾਕ ਲਿਆ ਗਿਆ ਤੇ ਵਾਕ 'ਬਸੰਤ ਰਾਗ' ਦੇ ਵਿੱਚੋਂ ਆਇਆ-

ਪੰਜੇ ਬਧੇ ਮਹਾਬਲੀ ਕਰਿ ਸਚਾ ਢੋਆ॥

ਇਸ ਵਾਕ ਦੇ ਅਨੁਸਾਰ ਸਿੱਖਾਂ ਨੇ ਕਸੂਰ ਤੇ ਹਮਲਾ ਕਰਨ ਦਾ ਗੁਰਮਤਾ ਪਾਸ ਕੀਤਾ ਤੇ ਫ਼ਤਿਹ ਹਾਸਲ ਕੀਤੀ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਅਕਾਲ ਤਖ਼ਤ ਕੋਈ ਨਿਰੋਲ ਰਾਜਨੀਤੀ ਦਾ ਸਥਾਨ ਨਹੀਂ। ਇਸਦੇ ਵਿੱਚ ਵੀ ਧਰਮ ਦੀ ਸਿੱਖਿਆ ਨੂੰ ਮੁੱਖ ਰੱਖ ਕੇ ਦੇਖਿਆ ਜਾਂਦਾ ਹੈ। ਸਿੱਖ ਦ੍ਰਿਸ਼ਟੀ ਦੇ ਅਨੁਸਾਰ ਜੇਕਰ ਧਰਮ ਦਾ ਕੋਈ ਕਾਰਜ ਹੈ ਤਾਂ ਉਸ ਸਮੇਂ ਰਾਜਨੀਤੀ ਨੂੰ ਵਿੱਚ ਲੈ ਕੇ ਆਉਣ ਦੀ ਲੋੜ ਨਹੀਂ ਹੈ। ਪਰ ਜੇਕਰ ਰਾਜਨੀਤੀ ਦਾ ਕੋਈ ਕਾਰਜ ਹੈ ਤਾਂ ਉਸ ਵਿੱਚ

ਧਰਮ ਦਾ ਦਖ਼ਲ ਹੋਣਾ ਬਹੁਤ ਜ਼ਰੂਰੀ ਹੈ। ਧਰਮ ਮਜ਼ਲੂਮਾਂ ਦੀ ਰੱਖਿਆ ਦੀ ਪਹਿਲ ਕਰੇਗਾ ਨਾ ਕਿ ਆਪਣੇ ਨਿੱਜੀ ਹਿਤਾਂ ਦੀ। ਇਹੀ ਮਹਾਨਤਾ ਗੁਰੂ ਦੁਆਰਾ ਸਿਰਜੇ ਹੋਏ ਅਕਾਲ ਤਖ਼ਤ ਸਾਹਿਬ ਦੀ ਹੈ।

### 1.4. ਪ੍ਰਮੁੱਖ ਪੱਖ

ਅਕਾਲ ਤਖ਼ਤ ਸਾਹਿਬ ਦੇ ਸਿਧਾਂਤਕ ਅਤੇ ਇਤਿਹਾਸਕ ਅਧਿਐਨ ਤੋਂ ਬਾਅਦ ਕੁੱਝ ਪ੍ਰਮੁੱਖ ਪੱਖ ਉਭਰ ਕੇ ਸਾਹਮਣੇ ਆਉਂਦੇ ਹਨ ਜੋ ਇਸ ਪ੍ਰਕਾਰ ਹਨ-

### 1.5 ਮੀਰੀ-ਪੀਰੀ ਦਾ ਅਨੋਖਾ ਸੁਮੇਲ

ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖ ਧਰਮ ਦਾ ਅਜਿਹਾ ਧਾਰਮਿਕ ਸਥਾਨ ਹੈ ਜੋ ਕੇਵਲ ਧਾਰਮਿਕ ਪੱਖ (ਪੀਰੀ) ਨੂੰ ਹੀ ਨਹੀਂ ਸਗੋਂ ਰਾਜਨੀਤਿਕ ਪੱਖ (ਮੀਰੀ) ਨੂੰ ਵੀ ਰੂਪਮਾਨ ਕਰਦਾ ਹੈ। ਇਹ ਜ਼ਾਲਮ ਅਤੇ ਲੋਕ ਵਿਰੋਧੀ ਰਾਜਨੀਤਿਕ ਸੱਤਾ ਨੂੰ ਚੈਲੰਜ ਕਰ ਕੇ ਰੱਬੀ ਸਰੋਕਾਰਾਂ ਵਾਲੇ ਹਲੀਮੀ ਰਾਜ ਦੀ ਸਥਾਪਨਾ ਦਾ ਸੰਦੇਸ਼ ਦਿੰਦਾ ਹੈ। ਇਸ ਤਖ਼ਤ ਤੋਂ ਰਾਜਨੀਤੀ ਤੋਂ ਦੂਰ ਰਹਿਣ ਦਾ ਨਹੀਂ ਸਗੋਂ ਦੂਸ਼ਿਤ ਰਾਜਨੀਤੀ ਦੀ ਥਾਂ ਸਾਫ-ਸੁਥਰੀ ਰਾਜਨੀਤੀ ਧਾਰਨ ਕਰਨ ਦਾ ਸੰਦੇਸ਼ ਪ੍ਰਾਪਤ ਹੁੰਦਾ ਹੈ। ਇਥੇ ਮੀਰੀ ਅਤੇ ਪੀਰੀ ਭਾਵ ਕਿ ਅਧਿਆਤਮਿਕ ਅਤੇ ਦੁਨਿਆਵੀ ਦੋਵੇਂ ਪੱਖ ਨਾਲ-ਨਾਲ ਹੀ ਚਲਦੇ ਹਨ। ਅਧਿਆਤਮਿਕ ਪੱਖ ਰਾਜਨੀਤਿਕ ਪੱਖ ਦੀ ਅਗਵਾਈ ਕਰਦਾ ਹੈ। ਇਸ ਪ੍ਰਕਾਰ ਇਹ ਮੀਰੀ ਅਤੇ ਪੀਰੀ ਦੀ ਸੁਮੇਲਤਾ ਨੂੰ ਪ੍ਰਗਟ ਕਰਨ ਵਾਲਾ ਧਾਰਮਿਕ ਸਥਾਨ ਹੈ।

### 1.6 ਸਿੱਖ ਪ੍ਰਭੂਸੱਤਾ ਦਾ ਪ੍ਰਤੀਕ

ਅਕਾਲ ਤਖ਼ਤ ਸਾਹਿਬ ਆਪਣੇ ਆਰੰਭ ਤੋਂ ਹੀ ਸਿੱਖ ਪ੍ਰਭੂਸੱਤਾ ਨੂੰ ਪ੍ਰਗਟ ਕਰਨ ਵਾਲੇ ਤਖ਼ਤ ਦੇ ਰੂਪ ਵਿੱਚ ਮੌਜੂਦ ਰਿਹਾ ਹੈ। ਸਿੱਖ ਪ੍ਰਭੂਸੱਤਾ ਉਸ ਅਕਾਲ ਪੁਰਖ ਦੀ ਰੂਹਾਨੀ ਪ੍ਰਭੂਸੱਤਾ ਦੀ ਪ੍ਰਤੀਕ ਹੈ ਅਤੇ ਇਸ ਦੇ ਵਿਹਾਰਕ ਪੱਖ (practical) ਨੂੰ ਪ੍ਰਗਟ ਕਰਦੀ ਹੈ। ਇਸ ਤਖ਼ਤ ਦੀ ਸਥਾਪਨਾ ਗੁਲਾਮੀ ਅਤੇ ਅਗਿਆਨਤਾ ਦੇ ਹਨੇਰੇ ਵਿੱਚ ਸੌਂ ਰਹੀ ਮਨੁੱਖਤਾ ਨੂੰ ਜਗਾਉਣ ਦੇ ਉਦੇਸ਼ ਨਾਲ ਕੀਤੀ ਗਈ ਹੈ। ਅਕਾਲ ਪੁਰਖ ਨੇ ਅਧਿਆਤਮਿਕ ਗੁਣਾਂ ਨਾਲ ਭਰਪੂਰ ਮਨੁੱਖਾਂ ਰਾਹੀਂ ਆਪਣੀ ਸ਼ਕਤੀ ਇਸ ਤਖ਼ਤ ਦੇ ਰੂਪ ਵਿੱਚ ਪ੍ਰਗਟਾਈ ਹੈ ਕਿਉਕਿ ਉਹ ਪਰਮਾਤਮਾ ਅਧਿਆਤਮਿਕ ਗੁਣਾਂ ਦਾ

ਬੇਅੰਤ ਖ਼ਜ਼ਾਨਾ ਹੈ। ਅਕਾਲ ਪੁਰਖ ਆਪ ਸੱਚਾ ਪਾਤਸ਼ਾਹ ਹੈ ਜੋ ਸੱਚਾ ਨਿਆਂ ਕਰਦਾ ਹੈ। ਇਸ ਲਈ ਅਕਾਲ ਤਖ਼ਤ ਦਾ ਪ੍ਰਗਟਾਅ ਅਜਿਹੇ ਗੁਣਾਂ ਦੇ ਧਾਰਨੀ ਦੁਆਰਾ ਕੀਤਾ ਗਿਆ ਹੈ ਜੋ ਅਕਾਲ ਪੁਰਖ ਵਾਂਗ ਹੀ ਸੱਚਾ ਇਨਸਾਫ ਕਰਨ ਦੀ ਸਮਰੱਥਾ ਰੱਖਦੇ ਹਨ। ਮਾਨਵਤਾ ਦਾ ਸ਼ੋਸ਼ਨ ਕਰਨ ਵਾਲੀ ਰਾਜਨੀਤਿਕ ਸੱਤਾ ਨੂੰ ਅਕਾਲ ਤਖ਼ਤ ਸਾਹਿਬ ਦੀ ਸੱਤਾ ਚੁਣੌਤੀ ਦੇਣ ਦਾ ਕਾਰਜ ਕਰਦੀ ਰਹੀ ਹੈ। ਇਹ ਤਖ਼ਤ ਗੁਰਬਾਣੀ ਵਿੱਚ ਵਰਣਿਤ ਅਕਾਲ ਪੁਰਖ ਦੇ ਹਲੇਮੀ ਰਾਜ ਨੂੰ ਪ੍ਰਗਟ ਕਰਨ ਵਾਲੀ ਪ੍ਰਭੂਸੱਤਾ ਦਾ ਪ੍ਰਤੀਕ ਹੈ।

## 1.7 ਸਿੱਖੀ ਦੇ ਪੰਥਕ ਜੀਵਨ ਦਾ ਆਧਾਰ

ਸਿੱਖੀ ਦੇ ਪੰਥਕ ਜੀਵਨ ਲਈ ਅਕਾਲ ਤਖ਼ਤ ਮੁੱਖ ਆਧਾਰ ਵਜੋਂ ਕਾਰਜ ਕਰਦਾ ਹੈ। ਇਕ ਸਿੱਖ ਦਾ ਸਮੁੱਚਾ ਧਾਰਮਿਕ ਜੀਵਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ’ਤੇ ਹੀ ਕੇਂਦਰਿਤ ਹੁੰਦਾ ਹੈ। ਸਮੇਂ-ਸਮੇਂ ਤੇ ਪੰਥ ਨੂੰ ਦਰਪੇਸ਼ ਚੁਣੌਤੀਆਂ ਦੇ ਹੱਲ ਲਈ ਇਹ ਤਖ਼ਤ ਸਿੱਖ ਪੰਥ ਨੂੰ ਸੇਧ ਪ੍ਰਦਾਨ ਕਰਦਾ ਰਿਹਾ ਹੈ ਅਤੇ ਇਸ ਦੁਆਰਾ ਕੀਤੇ ਗਏ ਫੈਸਲੇ/ਹੁਕਮ ਨੂੰ ਹਰ ਇੱਕ ਸਿੱਖ ਤਨੋ-ਮਨੋ ਪ੍ਰਵਾਨ ਕਰਦਾ ਹੈ। ਜੇਕਰ ਇਤਿਹਾਸ ਦੇ ਪੰਨਿਆਂ ਵਿੱਚ ਝਾਤੀ ਮਾਰੀਏ ਤਾਂ ਤਤਕਾਲੀ ਪੰਥਕ ਚੁਣੌਤੀਆਂ ਨਾਲ ਨਜਿੱਠਣ ਲਈ 18ਵੀਂ ਸਦੀ ਦੇ ਦੌਰਾਨ ਸਿੱਖ ਸਰਦਾਰਾਂ ਦੇ ਅਕਾਲ ਤਖ਼ਤ ਸਾਹਿਬ ਇਕੱਠੇ ਹੋ ਕੇ ਇਸ ਦੇ ਸਮਾਧਾਨ ਕਰਨ ਦੇ ਹਵਾਲੇ ਸਾਡੇ ਸਾਹਮਣੇ ਹਨ। ਸਿੱਖ ਮਿਸਲਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪੰਥ ਦਾ ਕੇਂਦਰੀ ਸਥਾਨ ਮੰਨਦੇ ਹੋਏ ਹਰ ਤਰ੍ਹਾਂ ਦੇ ਵੈਰ-ਵਿਰੋਧ ਭੁਲਾ ਕੇ ਇੱਥੇ ਇਕੱਠੇ ਹੁੰਦੇ ਹਨ। ਸਿੱਖ ਦੁਆਰਾ ਧਾਰਮਿਕ ਮਰਿਯਾਦਾ ਦੀ ਉਲੰਘਣਾ ਕਰਨ ’ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੁਆਰਾ ਉਸ ਨੂੰ ਧਾਰਮਿਕ ਸਜਾ ਵੀ ਲਗਾਈ ਜਾਂਦੀ ਹੈ। ਇਸ ਸਜਾ ਨੂੰ ਉਲੰਘਣਾ ਕਰਨ ਵਾਲਾ ਸਿੱਖ ਖਿੱੜੇ ਮੱਥੇ ਪ੍ਰਵਾਨ ਕਰਦਾ ਹੈ। ਇਸ ਸੰਬੰਧ ਵਿੱਚ ਮਹਾਂਰਾਜਾ ਰਣਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਲਗਾਈ ਗਈ ਧਾਰਮਿਕ ਸਜਾ ਦਾ ਉਦਾਹਰਨ ਸਾਡੇ ਸਾਹਮਣੇ ਹੈ। ਸਿੱਖ ਪੰਥ ਨੂੰ ਸਮੇਂ-ਸਮੇਂ ਤੇ ਦਰਪੇਸ਼ ਮਸਲਿਆਂ ਸੰਬੰਧੀ ਸੇਧ ਪ੍ਰਦਾਨ ਕਰਨ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਲੋਂ ਹੁਕਮਨਾਮੇਂ ਵੀ ਜਾਰੀ ਕੀਤੇ ਜਾਂਦੇ ਹਨ ਜਿਨ੍ਹਾਂ ਨੂੰ ਮੰਨਣਾ ਹਰ ਇਕ ਸਿੱਖ ਦਾ ਧਾਰਮਿਕ ਫਰਜ਼ ਹੁੰਦਾ ਹੈ।

ਇਸੇ ਪ੍ਰਕਾਰ ਪੰਥਕ ਮਸਲਿਆਂ ਦੇ ਸਮਾਧਾਨ ਲਈ ਸਿੱਖ ਪੰਥ ਦਾ ਵੱਡੇ ਪੱਧਰ ਤੇ ਇਕੱਠ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਹੀ ਹੁੰਦਾ ਹੈ ਜਿਸ ਨੂੰ ਸਰਬੱਤ ਖ਼ਾਲਸਾ ਕਿਹਾ ਜਾਂਦਾ ਹੈ। ਇਸ ਸਰਬੱਤ ਖ਼ਾਲਸਾ ਵਿੱਚ ਸਮੁੱਚੇ ਪੰਥ ਦੀ ਰਾਇ ਨਾਲ ਪੰਜ ਸਿੰਘ ਸਾਹਿਬਾਨ ਵਲੋਂ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਫੈਸਲੇ ਕੀਤੇ ਜਾਂਦੇ ਹਨ। ਇਹ ਫੈਸਲੇ ਗੁਰਮਤਾ ਅਖਵਾਉਦੇ ਹਨ। ਇਸ ਪ੍ਰਕਾਰ ਅਕਾਲ ਤਖ਼ਤ ਸਾਹਿਬ ਇਕ ਸਿੱਖ ਦੇ ਪੰਥਕ ਜੀਵਨ ਦਾ ਮੁੱਖ ਕੇਂਦਰ ਹੈ ਜਿੱਥੋਂ ਉਸ ਨੂੰ ਸੁਚੱਜੀ ਸੇਧ ਪ੍ਰਾਪਤ ਹੁੰਦੀ ਹੈ।

**1.8 ਵਿਲੱਖਣਤਾ ਵਾਲਾ ਪੱਖ**

ਆਪਣੇ ਸਰੂਪ ਪਖੋਂ ਅਕਾਲ ਤਖ਼ਤ ਸਾਹਿਬ ਸੰਸਾਰ ਦੇ ਬਾਕੀ ਧਰਮਾਂ ਦੇ ਧਾਰਮਿਕ ਸਥਾਨਾਂ ਨਾਲੋਂ ਵਿਲੱਖਣਤਾ ਰੱਖਦਾ ਹੈ ਕਿਉਕਿ ਇਹ ਦੂਸਰੇ ਧਾਰਮਿਕ ਸਥਾਨਾਂ ਵਾਂਗ ਪੂਜਾ ਪਾਠ ਤੱਕ ਕੇਂਦਰਿਤ ਨਹੀਂ ਹੁੰਦਾ। ਇਸ ਸਥਾਨ ਤੋਂ ਸਿੱਖ ਆਪਣੇ ਜੀਵਨ ਸੰਬੰਧੀ ਰਾਜਨੀਤਿਕ ਸੇਧ ਵੀ ਪ੍ਰਾਪਤ ਕਰਦਾ ਹੈ। ਸੰਸਾਰ ਦੇ ਬਹੁਤਾਤ ਧਰਮ ਅਜਿਹੇ ਹਨ ਜਿਨ੍ਹਾਂ ਵਿੱਚ ਧਰਮ ਅਤੇ ਸਿਆਸਤ ਨੂੰ ਵੱਖ-ਵੱਖ ਰੱਖਿਆ ਜਾਂਦਾ ਹੈ। ਇਨ੍ਹਾਂ ਧਰਮਾਂ ਵਿੱਚ ਇਹ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਸਿਆਸਤ ਅਨੈਤਿਕ ਵਰਤਾਰਿਆਂ ਨਾਲ ਭਰਪੂਰ ਹੁੰਦੀ ਹੈ ਜਿਸ ਕਾਰਨ ਧਰਮ ਅਤੇ ਸਿਆਸਤ ਕਦੀ ਵੀ ਇਕੱਠੇ ਨਹੀਂ ਹੋ ਸਕਦੇ। ਇਸ ਦੇ ਨਤੀਜੇ ਵਜੋਂ ਰਾਜਨੀਤਿਕ ਸੱਤਾ ਵੱਡੇ ਪੱਧਰ ਤੇ ਨਿਰੰਕੁਸ਼ ਹੋ ਕੇ ਮਾਨਵਤਾ ਦਾ ਸ਼ੋਸ਼ਨ ਕਰਦੀ ਰਹੀ। ਸਿੱਖ ਗੁਰੂ ਸਾਹਿਬਾਨ ਨੇ ਇਸ ਸ਼ੋਸ਼ਨ ਨੂੰ ਰੋਕਣ ਲਈ ਧਰਮ ਅਤੇ ਰਾਜਨੀਤੀ ਦਾ ਅਨੋਖਾ ਸੁਮੇਲ ਕੀਤਾ। ਅਕਾਲ ਤਖ਼ਤ ਦੀ ਸਥਾਪਨਾ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਰਾਜਨੀਤੀ ਦੀ ਨਿਰੰਕੁਸ਼ਤਾ ਤੇ ਧਰਮ ਦਾ ਕੁੰਡਾ ਲਗਾ ਦਿੱਤਾ। ਸਿੱਖ ਧਰਮ ਵਿੱਚ ਰਾਜਨੀਤੀ ਧਰਮ ਤੋਂ ਸੇਧ ਪ੍ਰਦਾਨ ਕਰਕੇ ਚਲਦੀ ਹੈ। ਅਕਾਲ ਤਖ਼ਤ ਸਾਹਿਬ ਧਰਮ ਦੁਆਰਾ ਸੇਧਿਤ ਇਕ ਸੁਚੱਜੀ ਰਾਜਨੀਤੀ ਦੇ ਪ੍ਰਤੀਕ ਵਜੋਂ ਉਭਰ ਕੇ ਸਾਹਮਣੇ ਆਉਂਦਾ ਹੈ।

ਇਹ ਤਖ਼ਤ ਆਪਣੀ ਬਣਤਰ ਪਖੋਂ ਵੀ ਆਪਣੇ ਆਪ ਵਿੱਚ ਵਿਲੱਖਣ ਹੈ। ਇਸ ਦੀ ਇਮਾਰਤ ਆਪਣੀ ਬਣਤਰ ਪਖੋਂ ਸ੍ਵੈਮਾਨ ਵਿੱਚ ਆਪਣੀ ਛਾਤੀ ਤਾਣ ਕੇ ਖਲੋਤੇ ਮਨੁੱਖ ਵਾਂਗ ਪ੍ਰਤੀਤ ਹੁੰਦੀ ਹੈ। ਇਹ ਗਰੀਬਾਂ ਅਤੇ ਮਜ਼ਲੂਮਾਂ ਨੂੰ ਆਸਰਾ ਦੇਣ ਵਾਲਾ ਸਥਾਨ ਹੈ। 18ਵੀਂ ਸਦੀ ਵਿੱਚ ਜਦੋਂ ਕਸੂਰ ਦੇ ਪਠਾਣਾਂ ਦੁਆਰਾ ਇਕ ਬ੍ਰਾਹਮਣ ਦੀ ਜ਼ਬਰਦਸਤੀ

ਚੁੱਕੀ ਗਈ ਲੜਕੀ ਸੰਬੰਧੀ ਇਸ ਤਖ਼ਤ ਤੇ ਮੌਜੂਦ ਸਿੱਖ ਸਰਦਾਰਾਂ ਕੋਲ ਫਰਿਆਦ ਆਈ ਤਾਂ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਤੋਂ ਅਗਵਾਈ ਲੈਂਦੇ ਹੋਏ ਉਸ ਲੜਕੀ ਨੂੰ ਆਜ਼ਾਦ ਕਰਾ ਕੇ ਆਪਣੇ ਘਰ ਪਹੁੰਚਾਇਆ। ਇਹ ਤਖ਼ਤ ਧਰਮ ਦੇ ਨਾਂ ਤੇ ਮਨੁੱਖਤਾ ਦਾ ਸ਼ੋਸ਼ਣ ਨਹੀਂ ਕਰਦਾ ਸਗੋਂ ਧਰਮ ਅਤੇ ਰਾਜਨੀਤੀ ਦੁਆਰਾ ਸ਼ੋਸ਼ਿਤ ਮਨੁੱਖ ਨੂੰ ਆਸਰਾ ਪ੍ਰਦਾਨ ਕਰਦਾ ਹੈ।

ਅਕਾਲ ਤਖ਼ਤ ਅਤੇ ਹਰਿਮੰਦਰ ਸਾਹਿਬ ਦਾ ਇਕੋ ਸਥਾਨ ਅਤੇ ਆਹਮੋ-ਸਾਹਮਣੇ ਹੋਣਾ ਮਹਿਜ਼ ਇਕ ਇਤਫਾਕ ਨਹੀਂ ਹੈ ਸਗੋਂ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਇਸ ਇਮਾਰਤ ਨੂੰ ਹਰਿਮੰਦਰ ਸਾਹਿਬ ਦੇ ਸਾਹਮਣੇ ਕਿਸੇ ਵਿਸ਼ੇਸ਼ ਸਿਧਾਂਤਕ ਵਿਉਂਤਬੰਦੀ ਅਧੀਨ ਉਸਾਰਿਆ ਗਿਆ ਹੈ। ਹਰਿਮੰਦਰ ਸਾਹਿਬ ਅਤੇ ਅਕਾਲ ਤਖ਼ਤ, ਰੂਹ ਅਤੇ ਸਰੀਰ ਵਾਂਗ ਹਨ। ਹਰਿਮੰਦਰ ਸਾਹਿਬ ਸਿੱਖਾਂ ਦੀ ਰੂਹਾਨੀਅਤ ਦਾ ਆਤਮਿਕ ਕੇਂਦਰ ਹੈ ਅਤੇ ਅਕਾਲ ਤਖ਼ਤ ਸਿੱਖ ਪੰਥ ਦੀ ਸ਼ਕਤੀ ਨੂੰ ਪ੍ਰਗਟ ਕਰਨ ਵਾਲਾ ਸਰੀਰ। ਗੁਰੂ ਹਰਿਗੋਬਿੰਦ ਸਾਹਿਬ ਨੇ ਹਰਿਮੰਦਰ ਸਾਹਿਬ ਦੇ ਸਾਹਮਣੇ ਅਕਾਲ ਤਖ਼ਤ ਸਾਹਿਬ ਦੇ ਨਿਰਮਾਣ ਦੁਆਰਾ ਰੂਹ ਅਤੇ ਸਰੀਰ ਦੇ ਮੇਲ ਨੂੰ ਸੰਪੂਰਨਤਾ ਪ੍ਰਦਾਨ ਕੀਤੀ। ਹਰਿਮੰਦਰ ਸਾਹਿਬ ਸਿੱਖਾਂ ਦੇ ਰੂਹਾਨੀ ਵਿਧੀ-ਵਿਧਾਨ ਵਾਲਾ ਕੇਂਦਰ ਹੈ ਅਤੇ ਅਕਾਲ ਤਖ਼ਤ ਇਸ ਰੂਹਾਨੀ ਵਿਧੀ-ਵਿਧਾਨ ਦੇ ਘੇਰੇ ਵਿੱਚ ਰਹਿ ਕੇ ਸਿੱਖਾਂ ਨੂੰ ਦੁਨਿਆਵੀ ਸੇਧ ਪ੍ਰਦਾਨ ਕਰਦਾ ਹੈ।

### 1.9 ਅਕਾਲ ਤਖ਼ਤ ਸਾਹਿਬ ਦੀ ਸਦੀਵੀਂ ਹੋਂਦ

ਗੁਰਬਾਣੀ ਵਿੱਚ ਅਕਾਲ ਪੁਰਖ ਨੂੰ ਸਦੀਵੀਂ ਹੋਂਦ ਵਾਲਾ ਪ੍ਰਵਾਨ ਕੀਤਾ ਗਿਆ ਹੈ। ਜਿਸ ਦੀ ਹੋਂਦ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਵੀ ਸੀ, ਮੌਜੂਦਾ ਸਮੇਂ ਵਿੱਚ ਵੀ ਹੈ ਅਤੇ ਭਵਿੱਖ ਵਿੱਚ ਵੀ ਹਮੇਸ਼ਾਂ ਲਈ ਰਹੇਗੀ। ਅਕਾਲ ਪੁਰਖ ਦੇ ਵਾਂਗ ਉਸ ਦਾ ਤਖ਼ਤ ਵੀ ਅਵਿਨਾਸ਼ੀ ਅਤੇ ਕਦੀ ਵੀ ਨਾਂ ਖਤਮ ਹੋਣ ਵਾਲੀ ਸੱਤਾ ਹੈ। ਦੁਨਿਆਵੀ ਰਾਜ ਤੇ ਤਖ਼ਤ ਬਣਦੇ ਅਤੇ ਖਤਮ ਹੁੰਦੇ ਰਹਿੰਦੇ ਹਨ ਪ੍ਰੰਤੂ ਉਸ ਅਕਾਲ ਪੁਰਖ ਦਾ ਰਾਜ ਅਤੇ ਉਸ ਦਾ ਤਖ਼ਤ ਹਮੇਸ਼ਾਂ ਕਾਇਮ ਰਹਿਣ ਵਾਲਾ ਹੈ। ਸਮੇਂ ਦੀਆਂ ਜਿਨ੍ਹਾਂ ਜ਼ਾਲਮ ਸਰਕਾਰਾਂ ਨੂੰ ਅਕਾਲ ਤਖ਼ਤ ਵਲੋਂ ਲਲਕਾਰ ਪ੍ਰਦਾਨ ਕੀਤੀ ਜਾਂਦੀ ਹੈ ਉਨ੍ਹਾਂ ਦੁਆਰਾ ਭਰਮ ਅਧੀਨ ਇਸ

ਤਖ਼ਤ ਦੀ ਇਮਾਰਤ ਨੂੰ ਨੁਕਸਾਨ ਪਹੁੰਚਾ ਕੇ ਇਸ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਪ੍ਰੰਤੂ ਅਕਾਲ ਤਖ਼ਤ ਕੇਵਲ ਇਕ ਇਮਾਰਤ ਨਹੀਂ ਸਗੋਂ ਇਹ ਸਦੀਵੀ ਸਿਧਾਂਤ ਹੈ।

ਅਕਾਲ ਤਖ਼ਤ ਇਕ ਅਜਿਹਾ ਤਖਤ ਹੈ ਜਿਥੋਂ ਹਮੇਸ਼ਾ ਸੱਚ ਦੀ ਆਵਾਜ਼ ਗੂੰਜਦੀ ਹੈ ਕਿਉਂਕਿ ਇਹ ਤਖਤ ਦੁਨੀਆਵੀਂ ਮਨੁੱਖ ਦਾ ਨਾ ਹੋ ਕੇ ਉਸ ਅਕਾਲ ਪੁਰਖ ਦਾ ਤਖ਼ਤ ਹੈ ਜੋ ਪਾਪੀਆਂ ਨੂੰ ਦੰਡ ਦੇ ਕੇ ਧਰਮੀਆਂ ਦਾ ਜੈਕਾਰ ਕਰਦਾ ਹੈ। ਇਹੀ ਕਾਰਨ ਹੈ ਕਿ ਆਪਣੇ ਪਿਤਾ, ਭਰਾਵਾਂ ਆਦਿਕਾਂ ਨੂੰ ਮਾਰ ਕੇ ਤਖ਼ਤ ਤੇ ਬੈਠਣ ਵਾਲੇ ਇਸ ਅਕਾਲ ਦੇ ਤਖ਼ਤ ਤੋਂ ਡਰਦੇ ਰਹੇ ਹਨ। ਇਸੇ ਡਰ ਦੀ ਭਾਵਨਾ ਵਿਚੋਂ ਹੀ ਉਨ੍ਹਾਂ ਨੇ ਅਕਾਲ ਤਖ਼ਤ ਸਾਹਿਬ ਦੀ ਹੋਂਦ ਨੂੰ ਮਿਟਾਉਣ ਲਈ ਵਾਰ-ਵਾਰ ਹਮਲੇ ਕੀਤੇ ਹਨ ਪ੍ਰੰਤੂ ਇਸ ਤਖ਼ਤ ਦਾ ਕੁਝ ਨਹੀਂ ਵਿਗਾੜ ਸਕੇ ਕਿਉਂਕਿ ਇਹ ਤਖ਼ਤ ਜੁਗੋ-ਜੁਗ ਅਟਲ ਹੈ। ਅਕਾਲ ਤਖ਼ਤ ਸਾਹਿਬ ਮਹਿਜ਼ ਇਕ ਇਮਾਰਤ ਨਾ ਹੋ ਕੇ ਇਕ ਸਿਧਾਂਤ ਹੈ ਜਿਸ ਉੱਪਰ ਕੀਤਾ ਗਿਆ ਕਿਸੇ ਵੀ ਕਿਸਮ ਦਾ ਹਮਲਾ (ਇਮਾਰਤੀ ਰੂਪ ਵਿਚ ਜਾਂ ਵਿਚਾਰਧਾਰਕ ਰੂਪ ਵਿਚ) ਇਕ ਸਿੱਖ ਲਈ ਨਾ-ਕਾਬਿਲੇ ਬਰਦਾਸ਼ਤ ਹੁੰਦਾ ਹੈ। ਇਸੇ ਕਾਰਨ ਹੀ ਸਿੱਖ ਕੌਮ ਵਲੋਂ ਇਨ੍ਹਾਂ ਹਮਲਿਆਂ ਦਾ ਵੱਡੇ ਪੱਧਰ ’ਤੇ ਤਿੱਖਾ ਪ੍ਰਤੀਕਰਮ ਕੀਤਾ ਜਾਂਦਾ ਰਿਹਾ ਹੈ ਅਤੇ ਹਮਲਾਵਰ ਨੂੰ ਇਸ ਹਰਕਤ ਦੇ ਖਤਰਨਾਕ ਨਤੀਜੇ ਭੁਗਤਣੇ ਪਏ ਹਨ। 1762 ਈਂ ਵਿਚ ਅਕਾਲ ਤਖਤ ਸਾਹਿਬ ਦੀ ਇਮਾਰਤ ਨੂੰ ਨੁਕਸਾਨ ਪਹੁੰਚਾਉਣ ਵਾਲੇ ਦੁਨੀਆ ਦੇ ਨਾਮਵਰ ਜਰਨੈਲ ਅਹਿਮਦ ਸ਼ਾਹ ਅਬਦਾਲੀ ਦੇ ਸਿੰਘਾਂ ਨੇ ਪੰਜਾਬ ਦੀ ਧਰਤੀ ’ਤੇ ਦੁਬਾਰਾ ਪੈਰ ਨਾ ਲੱਗਣ ਦਿੱਤੇ ਅਤੇ ਕਾਬਲ ਤੱਕ ਭੱਜਣ ਲਈ ਮਜਬੂਰ ਕਰ ਦਿੱਤਾ ਜਿਸ ਦੀ ਮੌਤ ਦਰਦਨਾਕ ਹਾਲਤ ਵਿਚ ਹੋਈ। ਜੂਨ 1984 ਵਿਚ ਭਾਰਤ ਸਰਕਾਰ ਦੁਆਰਾ ਅਕਾਲ ਤਖ਼ਤ ਸਾਹਿਬ ਉੱਪਰ ਫੌਜੀ ਹਮਲੇ ਦੇ ਤਤਕਾਲੀਨ ਪ੍ਰਧਾਨ ਮੰਤਰੀ ਦੇ ਅਤੇ ਫੌਜ ਮੁਖੀ ਦੇ ਕਤਲ ਦੇ ਰੂਪ ਦਿਲ ਦਹਿਲਾਉਣ ਵਿਚ ਵਿਸ਼ਵ ਵਿਆਪੀ ਸਿੱਟੇ ਨਿਕਲੇ। ਇਨ੍ਹਾਂ ਹਮਲਿਆਂ ਦੇ ਬਾਵਜੂਦ ਵੀ ਸ੍ਰੀ ਅਕਾਲ ਤਖਤ ਸਾਹਿਬ ਉਸੇ ਪ੍ਰਕਾਰ ਚੜ੍ਹਦੀ ਕਲਾ ਵਿਚ ਕਾਇਮ ਹੈ ਜਿਸ ਰੂਪ ਵਿਚ ਇਹ ਛੇਵੇਂ ਪਾਤਸ਼ਾਹ ਦੁਆਰਾ ਸਥਾਪਿਤ ਹੋਇਆ ਸੀ। ਸਿੱਖ ਕੌਮ ਨੇ ਅਕਾਲ ਤਖ਼ਤ ਸਾਹਿਬ ਦੇ ਸਿਧਾਂਤ ਤੇ ਸਰੂਪ ਨੂੰ ਆਪਣੇ ਹਿਰਦੇ ਦੇ ਵਿੱਚ ਵਸਾ ਕੇ ਰੱਖਿਆ ਹੋਇਆ ਹੈ ਤੇ ਅਜੋਕੇ ਸਮੇਂ ਤੱਕ ਅਕਾਲ ਤਖ਼ਤ ਸਾਹਿਬ ਦਾ ਹੁਕਮ ਸਵੀਕਾਰ ਕਰ ਰਹੇ ਹਨ।

## 1.10 ਸਿੱਟਾ

ਉਪਰੋਕਤ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਮਹੱਤਵਪੂਰਨ ਸੰਸਥਾ ਦੇ ਰੂਪ ਵਿਚ ਇਤਿਹਾਸ ਦੇ ਹਰ ਦੌਰ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਆ ਰਿਹਾ ਹੈ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਇਸ ਸੰਸਥਾ ਨੂੰ ਸਥਾਪਤ ਕਰ ਕੇ ਧਰਮ ਦੇ ਖੇਤਰ ਵਿਚ ਧਰਮ ਅਤੇ ਰਾਜਨੀਤੀ ਦਾ ਅਜਿਹਾ ਸੁਮੇਲ ਕੀਤਾ ਜਿਸ ਨੇ ਨਾ ਕੇਵਲ ਸਿੱਖ ਸਿਧਾਂਤ ਅਤੇ ਸਿੱਖ ਇਤਿਹਾਸ ਨੂੰ ਸੰਪੂਰਨ ਰੂਪ ਪ੍ਰਦਾਨ ਕੀਤਾ ਸਗੋਂ ਵਿਸ਼ਵ ਚਿੰਤਨ ਨੂੰ ਵੀ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ।

## 1.11 ਪੜ੍ਹਣਯੋਗ ਪੁਸਤਕਾਂ


1. ਡਾ. ਹਰਜਿੰਦਰ ਸਿੰਘ ਦਿਲਗੀਰ, ਅਕਾਲ ਤਖ਼ਤ ਸਾਹਿਬ, ਗੁਰੂ ਨਾਨਕ ਇੰਸਟੀਚਿਊਟ ਆੱਫ਼ ਸਿਖ ਸਟੱਡੀਜ਼, ਨਾੱਰਵੇ
2. ਡਾ. ਸੁਖਦਿਆਲ ਸਿੰਘ, ਸਿਰੀ ਅਕਾਲ ਤਖ਼ਤ ਸਾਹਿਬ, ਇਤਿਹਾਸਕ ਵਿਸ਼ਲੇਸ਼ਣ, ਲਾਹੌਰ ਬੁੱਕ ਸ਼ਾਪ, ਲੁਧਿਆਣਾ
3. ਡਾ. ਤਾਰਨ ਸਿੰਘ, ਸਿੱਖ ਧਰਮ ਦੇ ਰਹਿਸ ਤੇ ਰਮਜ਼, ਫਕੀਰ ਸਿੰਘ ਐਂਡ ਸਨਜ਼, ਸ੍ਰੀ ਅੰਮ੍ਰਿਤਸਰ
4. ਪ੍ਰਮੁੱਖ ਸਿੱਖ ਸੰਸਥਾਵਾਂ, ਨਰਿੰਦਰ ਕੌਰ ਭਾਟੀਆ ਅਤੇ ਜਸਵਿੰਦਰ ਕੌਰ ਢਿੱਲੋਂ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
5. ਡਾ. ਬਲਕਾਰ ਸਿੰਘ, ਅਕਾਲ ਤਖ਼ਤ ਸਾਹਿਬ ਜੋਤਿ ਤੇ ਜੁਗਤਿ, ਸਿੰਘ ਬ੍ਰਦਰਜ਼ ਸ੍ਰੀ ਅੰਮ੍ਰਿਤਸਰ
6. ਸਿੱਖ ਸੰਕਲਪ, ਸਿਧਾਂਤ ਤੇ ਸੰਸਥਾਵਾਂ, ਰੂਪ ਸਿੰਘ (ਸੰਪਾ.), ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ
7. ਰੂਪ ਸਿੰਘ, ਹੁਕਮਨਾਮੇ ਆਦੇਸ਼ ਸੰਦੇਸ਼... ਸ੍ਰੀ ਅਕਾਲ ਤਖ਼ਤ ਸਾਹਿਬ, ਸਿੰਘ ਬ੍ਰਦਰਜ਼, ਅੰਮ੍ਰਿਤਸਰ
8. K.S Duggal, THE AKAL TAKHT AND OTHER SEATS OF SIKH POLITY, ubs Publishers distributors

9. Guru Nanak: Idels and Institution, H.S Soch and Dr. Madanjit Kaur (edt.), Guru Nanak Dev University, Amritsar

## ONE YEAR DIPLOMA IN SIKH THELOGY

### SEMESTER II

### COURSE: THEOLOGICAL STUDY OF SIKH INSTITUTIONS

---

### UNIT-2 MIRI PIRI

---

**STRUCTURE**

2.0 ਉਦੇਸ਼

2. 1 ਜਾਣ-ਪਛਾਣ

2. 2 ਪਰਿਭਾਸ਼ਾ, ਖੇਤਰ ਤੇ ਉਦੇਸ਼

2.3 ਮੀਰੀ-ਪੀਰੀ ਨੂੰ ਵਿਵਹਾਰਿਕ ਰੂਪ ਵਿਚ ਲਾਗੂ ਕਰਨ ਦੇ ਕਾਰਨ

2.3.1 ਸਿੱਖ ਧਰਮ ਦੀ ਵਿਚਾਰਧਾਰਾ

2.3.2 ਗੁਰੂ ਹਰਿਗੋਬਿੰਦ ਸਾਹਿਬ ਤੱਕ ਸਿੱਖੀ ਦਾ ਵਿਕਾਸ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਦੇਣ

2.3.3 ਮੁਗਲ ਸਰਕਾਰ ਦੀ ਧਾਰਮਿਕ ਅਸਹਿਣਸ਼ੀਲਤਾ ਦੀ ਨੀਤੀ

2.3.4 ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

2.3.5 ਗੁਰੂ ਅਰਜਨ ਸਾਹਿਬ ਦਾ ਅੰਤਮ-ਸੁਨੇਹਾ

2.4 ਮੀਰੀ ਪੀਰੀ ਦੀਆਂ ਵਿਸ਼ੇਸ਼ਤਾਵਾਂ

2.4.1 ਦੋ ਤਲਵਾਰਾਂ ਧਾਰਣ ਕਰਨੀਆਂ

2.4.2 ਰਾਜਸੀ ਚਿੰਨ੍ਹਾਂ ਨੂੰ ਅਪਣਾਉਣਾ

2.4.3 ਗੁਰੂ ਸਾਹਿਬ ਨੂੰ ਸ਼ਸਤਰਾਂ ਤੇ ਘੋੜਿਆਂ ਦੀ ਭੇਟਾ

2.4.4 ਸੈਨਾ ਦਾ ਸੰਗਠਨ

2.4.5 ਗੁਰੂ ਸਾਹਿਬ ਦੇ ਰੋਜ਼ਾਨਾ ਜੀਵਨ ਵਿਚ ਮੀਰੀ-ਪੀਰੀ

2.4.6 ਅਕਾਲ ਤਖ਼ਤ ਸਾਹਿਬ ਦੀ ਉਸਾਰੀ

2.4.7 ਅੰਮ੍ਰਿਤਸਰ ਦੀ ਕਿਲ੍ਹੇਬੰਦੀ

2.5 ਮੀਰੀ-ਪੀਰੀ ਪ੍ਰਤੀ ਪੈਦਾ ਹੋਏ ਸ਼ੰਕਿਆਂ ਦੀ ਨਵਿਰਤੀ

2.6 ਸਿੱਟਾ

2.7 ਪੜ੍ਹਣਯੋਗ ਪੁਸਤਕਾਂ

## 2.0 <u>ਉਦੇਸ਼</u>

ਪ੍ਰਸਤੁਤ ਵਿਸ਼ੇ ਦਾ ਉਦੇਸ਼ ਵਿਦਿਆਰਥੀਆਂ ਨੂੰ ਮੀਰੀ ਪੀਰੀ ਦੇ ਸਿਧਾਂਤ ਅਤੇ ਇਸ ਦੇ ਵਿਲੱਖਣ ਪੱਖਾਂ ਤੋਂ ਜਾਣੂ ਕਰਵਾਉਣਾ ਹੈ।

## <u>2.1 ਜਾਣ-ਪਛਾਣ</u>

ਮੀਰੀ-ਪੀਰੀ ਸੰਸਥਾ ਸਿੱਖ ਧਰਮ ਦੀ ਅਜਿਹੀ ਨਿਵੇਕਲੀ ਅਤੇ ਵਿਲੱਖਣ ਸੰਸਥਾ ਹੈ ਜੋ ਉਸ ਨੂੰ ਸੰਸਾਰ ਦੇ ਦੂਸਰੇ ਧਰਮਾਂ ਤੋਂ ਵਿਲੱਖਣ ਰੂਪ ਪ੍ਰਦਾਨ ਕਰਦੀ ਹੈ। ਇਹ ਸੰਸਥਾ ਭਗਤੀ ਅਤੇ ਸ਼ਕਤੀ, ਸ਼ਸਤਰ ਅਤੇ ਸ਼ਾਸਤਰ, ਧਰਮ ਅਤੇ ਰਾਜਨੀਤੀ, ਸੰਤ ਅਤੇ ਸਿਪਾਹੀ ਦਾ ਅਨੋਖਾ ਸੁਮੇਲ ਹੈ। ਸਿੱਖ ਧਰਮ ਕੇਵਲ ਪਰਮਾਤਮਾ ਦੀ ਭਗਤੀ ਨਾਲ ਜੁੜਣ ਦਾ ਸੰਦੇਸ਼ ਹੀ ਨਹੀਂ ਪ੍ਰਦਾਨ ਕਰਦਾ ਸਗੋਂ ਇਹ ਇਸ ਭਗਤੀ ਦੇ ਵਿਘਨਕਾਰੀ ਤੱਤਾਂ ਅਤੇ ਦੁਸ਼ਟ ਬੁੱਧੀ ਮਨੁੱਖਾਂ ਨੂੰ ਸ਼ਸਤਰਾਂ ਨਾਲ ਸੋਧਣ ਦਾ ਹੁਨਰ ਵੀ ਸਿਖਾਉਂਦਾ ਹੈ। ਇਸ ਵਿਚ ਸ਼ਸਤਰ ਦਾ ਪ੍ਰਯੋਗ ਅੰਨੇਵਾਹ ਕਰਨ ਦੀ ਥਾਂ ਰੂਹਾਨੀਅਤ ਦੀ ਸੇਧ ਅਧੀਨ ਕੀਤਾ ਜਾਂਦਾ ਹੈ।

## <u>2.2 ਪਰਿਭਾਸ਼ਾ, ਖੇਤਰ ਤੇ ਉਦੇਸ਼</u>

ਮੀਰੀ ਅਤੇ ਪੀਰੀ ਦਾ ਸੰਕਲਪ ਵਿਹਾਰਿਕ ਰੂਪ ਵਿਚ ਭਾਵੇਂ ਗੁਰੂ ਹਰਿਗੋਬਿੰਦ ਸਾਹਿਬ ਨੇ ਪ੍ਰਸਤੁਤ ਕੀਤਾ ਪਰ ਬੀਜ ਰੂਪ ਵਿਚ ਇਸ ਦੇ ਅੰਸ਼ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ ਮਿਲਦੇ ਹਨ। ਅਸਲ ਵਿਚ ਧਾਰਮਿਕ ਰਹਿਨੁਮਾ ਲੋਕਾਈ ਨੂੰ ਬਦੀ ਨਾਲੋਂ ਹਟਾ ਕੇ ਨੇਕੀ ਨਾਲ ਜੋੜਦੇ ਹਨ। ਇਸ ਤਰ੍ਹਾਂ ਨੇਕੀ ਵਾਲੇ ਧਾਰਮਿਕ ਪੱਖ ਦੀ ਬਦੀ ਨਾਲ ਜੰਗ ਚੱਲਦੀ ਰਹਿੰਦੀ ਹੈ, ਫਰਕ ਸਿਰਫ ਇਸ ਦੇ ਸਰੂਪ ਅਤੇ ਢੰਗ ਦਾ ਹੁੰਦਾ ਹੈ। ਜਿਹੜੀ ਜੰਗ ਗੁਰੂ ਨਾਨਕ ਦੇਵ ਜੀ ਜ਼ੁਲਮ ਅਤੇ ਅਨਿਆ ਖਿਲਾਫ਼ ਬਿਨ੍ਹਾਂ ਹਥਿਆਰਾਂ ਤੋਂ ਲੜੀ, ਉਹੀ ਜੰਗ ਉਨ੍ਹਾਂ ਨੇ ਛੇਵੇਂ ਰੂਪ ਵਿਚ ਹਾਲਾਤਾਂ ਦੇ ਮੁਤਾਬਿਕ ਹਥਿਆਰਬੰਦ ਹੋ ਕੇ ਲੜੀ। ਸਿਰਫ਼ ਲੜਨ ਦਾ ਢੰਗ ਹੀ ਬਾਹਰੀ ਤੌਰ ’ਤੇ ਤਬਦੀਲ ਹੋਇਆ ਸੀ, ਸਿਧਾਂਤ ਨਹੀਂ। ਛੇਵੇਂ ਗੁਰੂ ਸਾਹਿਬ ਦੁਆਰਾ ਜ਼ੁਲਮ ਦੇ ਖਿਲਾਫ ਬੁਲੰਦ ਕੀਤੀ ਗਈ ਹਥਿਆਰਬੰਦ ਆਵਾਜ਼ ਉਹੀ ਆਵਾਜ਼ ਸੀ ਜੋ ਗੁਰੂ ਨਾਨਕ

ਦੇਵ ਜੀ ਨੇ ਸਮੇਂ ਦੇ ਜ਼ਾਲਮ ਹੁਕਮਰਾਨਾਂ ਖ਼ਿਲਾਫ਼ ਚੁੱਕੀ ਸੀ ਭਾਵੇਂ ਉਸ ਸਮੇਂ ਇਸ ਦਾ ਰੂਪ ਹਥਿਆਰਬੰਦ ਨਹੀਂ ਸੀ ਪਰ ਆਵਾਜ਼ ਦੀ ਸੁਰ ਉਹੀ ਸੀ-

ਰਾਜੇ ਸੀਹ ਮੁਕਦਮ ਕੁਤੇ॥ ਜਾਇ ਜਗਾਇਨ੍ਹਿ ਬੈਠੇ ਸੁਤੇ॥
ਚਾਕਰ ਨਹਦਾ ਪਾਇਨ੍ਹਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥
ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ॥

ਗੁਰੂ ਨਾਨਕ ਸਾਹਿਬ ਦੁਆਰਾ ਤਾਕਤਵਰ ਮੁਗਲ ਸ਼ਾਸ਼ਕ ਬਾਬਰ ਜੋ ਕਿ ਉਸ ਸਮੇਂ ਭਾਰਤ ਵਿਚ ਲੁੱਟ-ਮਾਰ ਕਰ ਰਿਹਾ ਸੀ, ਨੂੰ ਜ਼ਾਬਰ ਕਹਿ ਕੇ ਵੰਗਾਰਨਾ ਮੀਰੀ ਅਤੇ ਪੀਰੀ ਦਾ ਹੀ ਇਕ ਪ੍ਰਤੀਕ ਸੀ। ਗੁਰੂ ਨਾਨਕ ਸਾਹਿਬ ਨੇ ਸਿੱਖੀ ਵਿਚ ਸ਼ਾਮਿਲ ਹੋਣ ਦੀਆਂ ਜੋ ਸ਼ਰਤਾਂ ਰੱਖੀਆਂ ਉਸ ਨੂੰ ਅਸੀਂ ਇਸ ਸੰਕਲਪ ਦੇ ਆਰੰਭਕ ਪ੍ਰਬੰਧ ਵਜੋਂ ਜਾਣ ਸਕਦੇ ਹਾਂ। ਗੁਰੂ ਨਾਨਕ ਦੇਵ ਜੀ ਦੀਆਂ ਇਨ੍ਹਾਂ ਪੰਕਤੀਆਂ ਵਿਚ ਅਸੀਂ ਮੀਰੀ-ਪੀਰੀ ਦਾ ਸੰਕਲਪ ਰੂਪ ਦੇਖ ਸਕਦੇ ਹਾਂ-

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥

ਇਹ ਧਿਆਨ ਰਹੇ ਇਥੇ 'ਸਿਰੁ ਧਰਿ ਤਲੀ ਗਲੀ ਮੇਰੀ ਆਉ' ਚਿੰਨ੍ਹ ਤੇ ਪ੍ਰਤੀਕ ਦੀ ਭਾਸ਼ਾ ਹੈ। ਜੋ ਚਿੰਨ੍ਹ ਤੇ ਪ੍ਰਤੀਕ ਅਮਲੀ ਰੂਪ ਵਿਚ ਸਿਰ ਨੂੰ ਹੱਥ ਤੇ ਰੱਖ ਕੇ ਆਉਣ ਦੀ ਗੱਲ ਨਹੀਂ ਕਰਦੇ ਬਲਕਿ ਇਹ ਅਹਿਸਾਸ ਕਰਾਉਂਦੇ ਹਨ ਕਿ ਸਿੱਖੀ ਦੇ ਵਿਚ ਆਉਣ ਤੋਂ ਬਾਅਦ ਕਿਸੇ ਵੇਲੇ ਵੀ ਧਰਮ ਤੋਂ ਜਾਨ ਵਾਰਨੀ ਪੈ ਸਕਦੀ ਹੈ। ਗੁਰੂ ਨਾਨਕ ਸਾਹਿਬ ਦੁਆਰਾ ਸਿੱਖੀ ਮਾਰਗ ਵਿਚ ਪ੍ਰਵੇਸ਼ ਲਈ ਅਜਿਹੀ ਸ਼ਰਤ ਰੱਖਣ ਦਾ ਕਾਰਨ ਤਤਕਾਲੀਨ ਸਮੇਂ ਦੇ ਹਾਲਾਤ ਸਨ ਜੋ ਉਸ ਸਮੇਂ ਵੱਡੇ ਪੱਧਰ 'ਤੇ ਡਾਵਾਂਡੋਲ ਹੋ ਚੁੱਕੇ ਸਨ। ਭਾਰਤੀ ਚਿੰਤਨ ਦ੍ਰਿਸ਼ਟੀ ਵਿਚ ਲੋਕਾਂ ਦੇ ਵਿਚ ਮੌਤ ਦਾ ਡਰ ਇੰਨਾਂ ਕੁ ਜਿਆਦਾ ਫੈਲ ਚੁੱਕਾ ਸੀ ਕਿ ਹੈਰਾਨਗੀ ਪ੍ਰਗਟ ਹੁੰਦੀ ਹੈ ਕਿ ਮਹਿਮੂਦ ਗਜ਼ਨਵੀ ਆਪਣੇ ਕੁੱਝ ਸੈਨਿਕਾਂ ਦੇ ਨਾਲ ਸੋਮਨਾਥ ਦਾ ਮੰਦਰ ਲੁੱਟ ਕੇ ਲੈ ਗਿਆ ਸੀ। ਇਤਿਹਾਸਕ ਅਧਿਐਨ ਤੋਂ ਇਹ ਪਤਾ ਲੱਗਦਾ ਹੈ ਕਿ ਸੋਮਨਾਥ ਮੰਦਰ ਦੇ ਅਧੀਨ 30,000 ਪਿੰਡ ਆਉਂਦੇ ਸੀ ਪਰ 30,000 ਪਿੰਡਾਂ ਵਿਚੋਂ ਇਕ ਵੀ ਇਨਸਾਨ ਮਹਿਮੂਦ ਗਜ਼ਨਵੀ ਦਾ ਮੁਕਾਬਲਾ ਨਾ ਕਰ ਸਕਿਆ। ਇਸ ਦਾ ਕਾਰਨ ਸਿਰਫ ਇਹ ਸੀ ਕਿ ਹਿੰਦੂ ਵਰਨ ਵਿਵਸਥਾ ਨੇ ਸਮਾਜ ਦੇ ਅੱਧੇ ਤੋਂ ਜ਼ਿਆਦਾ ਵਰਗ ਨੂੰ ਗੁਲਾਮੀ ਦਾ ਅਹਿਸਾਸ ਕਰਵਾਉਣ ਅਤੇ ਉਸੇ ਗੁਲਾਮੀ ਦੀ ਭਾਵਨਾ ਦੇ ਕਾਰਨ ਲੋਕਾਂ ਵਿਚੋਂ ਅਣਖ ਦਾ ਖਾਤਮਾ ਕਰ

ਦਿੱਤਾ। ਗੁਰੂ ਪਾਤਸ਼ਾਹ ਨੇ ਅਜਿਹੀ ਸਥਿੱਤੀ ਨੂੰ ਦੇਖਦਿਆਂ ਸਭ ਤੋਂ ਪਹਿਲਾਂ ਇਹੋ ਐਲਾਨ ਕੀਤਾ ਕਿ ਮੇਰੇ ਘਰ ਦੇ ਵਿਚ ਆਉਣ ਤੋਂ ਪਹਿਲਾਂ ਮੌਤ ਦਾ ਡਰ ਖ਼ਤਮ ਕਰ ਕੇ ਆਉਣਾ। ਜਦੋਂ ਗੁਰੂ ਪਾਤਸ਼ਾਹ ਬਾਬਰ ਨੂੰ ਵੰਗਾਰਦੇ ਹੋਏ ਬਾਬਰ ਵਾਣੀ ਵਿਚ ਬਾਬਰ ਦੇ ਜ਼ੁਲਮ ਦੀ ਵਿਰੋਧਤਾ ਕਰਦੇ ਹਨ ਤਾਂ ਉਥੇ ਸਾਨੂੰ ਵੀ ਇਹ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਇੱਥੇ ਗੁਰੂ ਸਾਹਿਬ ਵੀ ਵਿਵਹਾਰਿਕ ਰੂਪ ਵਿਚ ਸਿਰੁ ਧਰਿ ਤਲੀ ਗਲੀ ਮੇਰੀ ਆਉ ਦੇ ਸਿਧਾਂਤਾਂ ਉੱਤੇ ਪੈਰ੍ਹਾ ਦੇ ਰਹੇ ਹਨ ਕਿਉਂਕਿ ਜਿਹੜਾ ਜ਼ਾਲਮ ਸ਼ਾਸ਼ਕ ਸਮੁੱਚੀ ਮਨੁੱਖਤਾ ਦਾ ਘਾਣ ਕਰ ਰਿਹਾ ਸੀ ਉਹ ਗੁਰੂ ਸਾਹਿਬ ਨੂੰ ਵੀ ਨੁਕਸਾਨ ਪਹੁੰਚਾ ਸਕਦਾ ਸੀ ਤੇ ਗੁਰੂ ਸਾਹਿਬ ਉਸ ਤੋਂ ਭਲੀ-ਭਾਂਤ ਜਾਣੂ ਸਨ। ਇਸੇ ਕਾਰਨ ਗੁਰੂ ਪਾਤਸ਼ਾਹ ਨੇ ਆਪਣੀ ਜਾਨ ਦੀ ਪ੍ਰਵਾਹ ਕੀਤੇ ਬਿਨ੍ਹਾਂ ਬਾਬਰ ਦਾ ਵਿਰੋਧ ਕਰਦਿਆਂ ਸਮੁੱਚੀ ਲੋਕਾਈ ਤੱਕ ਇਹ ਸੁਨੇਹਾ ਪਹੁੰਚਾਇਆ ਕਿ ਸਹੀ ਨੂੰ ਸਹੀ ਕਹਿਣਾ ਤੇ ਗਲਤ ਨੂੰ ਗਲਤ ਕਹਿਣਾ ਧਰਮ ਦਾ ਇਕ ਮੁੱਖ ਕਰਤੱਵ ਹੈ। ਸਿੱਖ ਦ੍ਰਿਸ਼ਟੀ ਤੋਂ ਅਸੀਂ ਕਹਿ ਸਕਦੇ ਹਾਂ ਕਿ ਵਿਚਾਰ ਰੂਪ ਵਿਚ ਮੀਰੀ ਅਤੇ ਪੀਰੀ ਦੇ ਸੰਕਲਪ ਦਾ ਆਰੰਭ ਗੁਰੂ ਨਾਨਕ ਸਾਹਿਬ ਸਮੇਂ ਇਨ੍ਹਾਂ ਵਿਚਾਰਾਂ ਰਾਹੀਂ ਪ੍ਰਗਟ ਹੋ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਤੋਂ ਬਾਅਦ ਦੂਸਰੀ ਜੋਤ ਗੁਰੂ ਅੰਗਦ ਸਾਹਿਬ ਵੀ ਹਮਾਯੂੰ ਬਾਦਸ਼ਾਹ ਦੀ ਤਲਵਾਰ ਤੋਂ ਨਾ ਡਰਦਿਆਂ ਹੋਇਆਂ ਹਮਾਯੂੰ ਨੂੰ ਇਹ ਅਹਿਸਾਸ ਕਰਾਉਂਦੇ ਹਨ ਕਿ ਇਹ ਤਲਵਾਰ ਤੇਰੀ ਜਿੱਥੇ ਚਲਣੀ ਚਾਹੀਦੀ ਸੀ ਉੱਥੇ ਤਾਂ ਚਲੀ ਨਹੀਂ। ਇਸ ਵਾਕ ਦੀ ਗੰਭੀਰਤਾ ਵੀ ਇਹੋ ਦਰਸਾਉਂਦੀ ਹੈ ਕਿ ਮੀਰੀ ਦਾ ਸੰਕਲਪ ਆਮ ਲੋਕਾਂ ਤੇ ਜ਼ੁਲਮ ਕਰਨਾ ਨਹੀਂ ਸਗੋਂ ਲੋਕਾਈ ਉੱਤੇ ਜ਼ੁਲਮ ਕਰ ਰਹੇ ਨੂੰ ਸੋਧਣਾ ਹੈ। ਤੀਸਰੇ ਗੁਰੂ, ਗੁਰੂ ਅਮਰਦਾਸ ਜੀ ਜਦੋਂ ਤੀਰਥਾਂ ਦਾ ਭਰਮਣ ਕਰਦਿਆਂ ਹੋਇਆਂ ਗੰਗਾ ਪੁੱਜੇ ਤਾਂ ਸਰਕਾਰੀ ਅਧੀਕਾਰੀਆਂ ਵਲੋਂ ਉਨ੍ਹਾਂ ਨੂੰ ਟੈਕਸ ਭਰਨ ਲਈ ਕਿਹਾ ਗਿਆ। ਗੁਰੂ ਸਾਹਿਬ ਨੇ ਇਸ ਟੈਕਸ ਨੂੰ ਜ਼ਬਰ ਦੱਸਿਆ ਅਤੇ ਅਦਾ ਕਰਨ ਤੋਂ ਇਨਕਾਰ ਕਰ ਦਿੱਤਾ। ਗੁਰੂ ਰਾਮਦਾਸ ਜੋ ਇਸ ਯਾਤਰਾ ਵਿਚ ਗੁਰੂ ਅਰਮਦਾਸ ਜੀ ਨਾਲ ਸਨ ਆਪਣੀ ਬਾਣੀ ਵਿਚ ਇਸ ਸਾਰੀ ਘਟਨਾ ਦਾ ਜ਼ਿਕਰ ਕਰਦੇ ਹਨ-

> ਤ੍ਰਿਤੀਆ ਆਏ ਸੁਰਸਰੀ ਤਹ ਕਉਤਕ ਚਲਤ ਭਇਆ॥
> ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢ ਨ ਦਾਮ ਲਇਆ॥
> ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ॥
> ਭਾਈ ਹਮ ਕਰਹ ਕਿਆ ਕਿਸੁ ਪਾਸ ਮਾਂਗਹ
> ਸਭ ਭਾਗਿ ਸਤਿਗੁਰ ਪਿਛੈ ਪਈ॥
> ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰ ਡਿਠਾ
> ਭੰਨਿ ਬੋਲਕਾ ਸਭਿ ਉਠਿ ਗਇਆ॥

ਗਿਆਨੀ ਗਿਆਨ ਸਿੰਘ ਅਨੁਸਾਰ ਹਾਕਮ ਨੂੰ ਜਦੋਂ ਇਸ ਘਟਨਾ ਦਾ ਪਤਾ ਲੱਗਾ ਤਾਂ ਉਸ ਨੇ ਯਾਤਰੀਆਂ ਤੋਂ ਟੈਕਸ ਹੀ ਹਟਾ ਦਿੱਤਾ। ਇਸ ਬਾਰੇ ਰਤਨ ਸਿੰਘ ਭੰਗੂ ਵੀ ਲਿਖਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਸਮੇਂ ਤੋਂ ਹੀ ਗੁਰੂ ਘਰ ਨੇ ਪਾਤਸ਼ਾਹੀ ਦਾਅਵਾ ਕਰਨਾ ਸ਼ੁਰੂ ਕਰ ਦਿੱਤਾ ਸੀ-

ਅੰਗਦ ਤੇ ਗੁਰ ਭਯੋ ਅਮਰਦਾਸ ਕੀਯੋ ਪਾਤਸ਼ਾਹੀ ਦਾਵਾ ਜਾਸ॥

ਪਾਤਸ਼ਾਹੀ ਦਾਅਵਾ ਕਰਨਾ ਮੀਰੀ-ਪੀਰੀ ਦੀ ਇਕ ਉੱਤਮ ਮਿਸਾਲ ਕਿਹਾ ਜਾ ਸਕਦਾ ਹੈ ਕਿਉਂਕਿ ਇਕ ਪਾਸੇ ਮੁਗਲ ਪਾਤਸ਼ਾਹ ਰਾਜ ਕਰ ਰਹੇ ਸਨ ਜੋ ਕਿ ਰਾਜ ਦੇ ਨਾਮ ਉੱਪਰ ਲੋਕਾਂ ਦਾ ਸ਼ੋਸ਼ਣ ਕਰ ਰਹੇ ਸਨ ਤੇ ਇੱਥਰ ਗੁਰੂ ਸਾਹਿਬ ਪਾਤਸ਼ਾਹ ਦੇ ਰੂਪ ਵਿਚ ਲੋਕਾਈ ਨੂੰ ਸੱਚੇ ਰਸਤੇ ਤੇ ਪਾ ਰਹੇ ਸਨ। ਇੱਥੇ ਇਹ ਜਾਣ ਲੈਣਾ ਅੰਤਿਅੰਤ ਮਹੱਤਵਪੂਰਨ ਹੈ ਕਿ ਬਾਦਸ਼ਾਹ ਸਦੀਵੀ ਨਹੀਂ ਹੁੰਦਾ ਜਦ ਕਿ ਪਾਤਸ਼ਾਹ ਸਦੀਵੀ ਹੁੰਦਾ ਹੈ। ਇਸੇ ਕਾਰਨ ਗੁਰੂ ਸਾਹਿਬਾਨ ਨੇ ਪਾਤਸ਼ਾਹੀ ਦਾ ਦਾਅਵਾ ਕੀਤਾ। ਗੁਰੂ ਅਰਜਨ ਸਾਹਿਬ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਸਮਕਾਲੀ 'ਦਬਿਸਤਾਨ ਮਜ਼ਾਹਿਬ' ਵੀ ਇਹ ਗੱਲ ਸਵਿਕਾਰ ਕਰਦਾ ਹੈ ਕਿ ਚੌਥੇ ਗੁਰੂ, ਗੁਰੂ ਰਾਮਦਾਸ ਨੂੰ ਲੋਕ ਸੱਚਾ ਪਾਤਸ਼ਾਹ ਆਖਦੇ ਹਨ। ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਮੁਖਲਿਸ ਖਾਂ ਨੇ ਇਹੀ ਸਵਾਲ ਕੀਤਾ ਕਿ ਤੁਹਾਨੂੰ ਪਾਤਸ਼ਾਹ ਕਿਉਂ ਆਖਿਆ ਜਾਂਦਾ ਹੈ? ਪਾਤਸ਼ਾਹ ਤਾਂ ਦਿੱਲੀ ਦੇ ਤਖ਼ਤ ਉੱਤੇ ਬੈਠਾ ਹੈ। ਗੁਰੂ ਸਾਹਿਬ ਨੇ ਉੱਤਰ ਦਿੱਤਾ ਕਿ ਉਹ ਪਾਤਸ਼ਾਹ ਇਸ ਲਈ ਅਖਵਾਉਂਦੇ ਹਨ ਕਿਉਂਕਿ ਉਹ ਅਪਾਰ ਸ਼ਕਤੀ ਤੇ ਬੇਅੰਤ ਪਾਤਸ਼ਾਹ ਅਕਾਲ ਪੁਰਖ ਦੇ ਨਾਲ ਜੁੜੇ ਹੋਏ ਹਨ। ਤੁਹਾਡਾ ਸ਼ਾਹ ਤਾਂ ਖਤਮ ਹੋਣ ਵਾਲਾ ਹੈ, ਪਰ ਸਾਡਾ ਪਾਤਸ਼ਾਹ ਅਬਿਨਾਸੀ ( ਨਾ ਖਤਮ ਹੋਣ ਵਾਲਾ) ਹੈ।

ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਤੋਂ ਅਗਲੇ ਗੁਰੂ ਸਾਹਿਬਾਨ ਦੁਆਰਾ ਜ਼ਾਲਮ ਅਤੇ ਜ਼ੁਲਮ ਦਾ ਵਿਰੋਧ ਕਰਨ ਵਾਲੀ ਬਿਲਕੁਲ ਇਹੀ ਸੁਰ ਗੁਰੁ ਅਰਜਨ ਦੇਵ ਪਾਤਸ਼ਾਹ ਦੀ ਸੀ ਜਿਸ ਦੇ ਸੰਕੇਤ ਭਾਈ ਗੁਰਦਾਸ ਜੀ ਦੀ ਰਚਨਾ ਵਿਚੋਂ ਮਿਲਦੇ ਹਨ। ਉਨ੍ਹਾਂ ਦੀ ਵਾਰ ਵਿਚ ਜ਼ਿਕਰ ਆਉਂਦਾ ਹੈ ਕਿ *ਇਕ ਵਾਰ ਭਾਈ ਚੂਹੜ ਨਾਂ ਦਾ ਸਿੱਖ ਪੰਚਮ ਪਾਤਸ਼ਾਹ ਹਜ਼ੂਰ ਪਾਸ ਆਇਆ ਤੇ ਉਪਦੇਸ਼ ਮੰਗਿਆ। ਗੁਰੂ ਜੀ ਨੇ ਉਪਦੇਸ਼ ਦਿੱਤਾ, "ਧਰਮ ਕਾ ਯੁੱਧ ਕਰਨਾ ਧਰਮ ਹੈ, ਜੋ ਗਰੀਬ ਨੂੰ ਸਤਾਏ ਉਸ ਨਾਲ ਯੁੱਧ ਕਰਨਾ, ਕਲਿਆਣ ਹੋਵੇਗਾ।"* ਸਿੱਖਾਂ ਦੀ ਭਗਤ ਮਾਲਾ ਵਿਚ ਭਾਈ ਸੀਗਾਰੂ ਅਤੇ ਭਾਈ ਜੈਤਾ ਨੂੰ ਗੁਰੂ ਅਰਜਨ ਦੇਵ ਜੀ ਦੁਆਰਾ ਕੀਤੇ ਗਏ ਬਚਨ ਵੀ ਇਸ ਗੱਲ ਦੀ ਪੁਸ਼ਟੀ ਕਰਦੇ ਹਨ। ਮੀਰੀ ਪੀਰੀ ਦਾ ਫੈਸਲਾ ਗੁਰੂ ਹਰਿਗੋਬਿੰਦ ਸਾਹਿਬ ਦਾ ਨਿੱਜੀ ਫੈਸਲਾ ਨਹੀਂ ਸੀ ਸਗੋਂ ਇਹ ਗੁਰੂ ਅਰਜਨ ਦੇਵ ਜੀ ਦੀ ਭਾਵਨਾ ਦਾ ਹੀ ਸਾਕਾਰ ਰੂਪ ਸੀ। ਇਹ ਬਚਨ ਇਸ ਪ੍ਰਕਾਰ ਹਨ- *ਅਸਾਂ ਜੋ ਸਸਤ੍ਰ ਪਕੜਣੇ ਹੈਨ ਸੋ ਗੁਰੂ ਹਰਿਗੋਬਿੰਦ ਦੇ ਰੂਪ ਵਿਚ ਪਕੜਣੇ ਹੈਨ। ਸਮਾ ਕਲਜੁਗ ਦਾ ਵਰਤਨਾ ਹੈ। ਸਸਤ੍ਰਾਂ ਦੀ ਵਿਦਿਆ ਕਰ ਮੀਰ ਦੀ ਮੀਰੀ ਖਿਚ ਲੈਣੀ ਹੈ ਤੇ ਸਬਦ ਦੀ ਪ੍ਰੀਤ ਸਮਝ ਕਰਿ ਪੀਰ ਦੀ ਪੀਰੀ ਲੈ ਲੈਣੀ ਹੈ। ਤੁਸੀਂ ਛਿਵੀਂ ਪਾਤਸ਼ਾਹੀ ਦੇ ਹਜ਼ੂਰ ਰਹਿਣਾ।* ਕਈ ਵਿਦਵਾਨਾਂ ਵੱਲੋਂ ਇਨ੍ਹਾਂ ਵਾਕਾਂ

ਨੂੰ ਗੁਰੂ ਅਰਜਨ ਦੇਵ ਜੀ ਦੀ ਵਿਚਾਰਧਾਰਾ ਅਤੇ ਸੁਭਾਅ ਦੇ ਵਿਪਰੀਤ ਦੱਸ ਕੇ ਇਨ੍ਹਾਂ ਵਾਕਾਂ ਨੂੰ ਅਤੇ ਇਸ ਵਿਚ ਪ੍ਰਗਟ ਹੋਣ ਵਾਲੇ ਸਿਧਾਂਤ ਨੂੰ ਬਿਲਕੁਲ ਹੀ ਰੱਦ ਕੀਤਾ ਗਿਆ ਹੈ। ਅਜਿਹਾ ਵਿਚਾਰ ਉਨ੍ਹਾਂ ਵਿਦਵਾਨਾਂ ਨੂੰ ਅਣਜਾਣਪੁਣੇ ਵਿਚ ਹੀ ਦਸ ਗੁਰ ਸਾਹਿਬਾਨ ਦੀ 'ਇਕ ਜੋਤ ਅਤੇ ਇਕ ਜੁਗਤਿ' ਵਾਲੇ ਸਿਧਾਂਤ ਦੇ ਵਿਰੁੱਧ ਭੁਗਤਾ ਰਿਹਾ ਹੈ। ਉਪਰੋਕਤ ਵਾਕਾਂ ਵਿਚ ਭਾਵੇਂ ਮੀਰ ਦੀ ਮੀਰੀ ਖਿੱਚਣ ਦਾ ਬਾਹਰੀ ਭਾਵ ਰਾਜ ਸੱਤਾ ਖੋਹਣ ਦੇ ਰੂਪ ਵਿਚ ਨਿਕਲਦਾ ਹੈ ਪਰ ਇਸ ਨੂੰ ਜ਼ਾਲਮਾਨਾ ਰਾਜ ਸ਼ਕਤੀ ਦੇ ਜ਼ੁਲਮਾਂ ਨੂੰ ਰੱਖਿਆਤਮਕ ਸ਼ੈਲੀ ਰਾਹੀਂ ਠੱਲ੍ਹ ਪਾਉਣ ਦੇ ਰੂਪ ਵਿਚ ਸਮਝਣਾ ਜ਼ਿਆਦਾ ਉਚਿਤ ਰਹੇਗਾ। ਜ਼ੁਲਮੀ ਹਾਕਮਾਂ ਵਿਰੁੱਧ ਹਥਿਆਰਬੰਦ ਆਵਾਜ਼ (ਜੋ ਸੱਤਾ ਪ੍ਰਾਪਤੀ ਲਈ ਨਹੀਂ ਸੀ) ਮੀਰ ਦੀ ਮੀਰੀ ਖਿੱਚਣ ਦਾ ਹੀ ਰੂਪ ਸੀ। ਬੇਸ਼ਕ ਇਹ ਦੈਵੀਵਾਕ ਜਾਂ ਗੁਰਬਾਣੀ ਦਾ ਰੂਪ ਨਹੀਂ ਹਨ ਪਰ ਇਨ੍ਹਾਂ ਨੂੰ ਰੱਦ ਕਰਨਾ ਵੀ ਉਚਿਤ ਨਹੀਂ ਕਿਉਂਕਿ ਇਹ ਵਾਕ ਗੁਰੂ ਸਾਹਿਬਾਨ ਦੇ ਇਕ ਜੋਤ ਹੋਣ ਵਾਲੇ ਸਿਧਾਂਤ ਨੂੰ ਪ੍ਰਗਟ ਕਰ ਰਹੇ ਹਨ।

ਇਹ ਸਾਰੀ ਚਰਚਾ ਇਸੇ ਭਾਵ ਨੂੰ ਸਪੱਸ਼ਟ ਕਰਨ ਲਈ ਕੀਤੀ ਗਈ ਹੈ ਕਿ ਛੇਵੇਂ ਪਾਤਸ਼ਾਹ ਨੇ ਗੁਰੂ ਨਾਨਕ ਸਾਹਿਬ ਅਤੇ ਆਪਣੇ ਪੂਰਬਲੇ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਤੋਂ ਵੱਖਰਾ ਰਾਹ ਨਹੀਂ ਅਪਣਾਇਆ ਸੀ। ਗੁਰੂ ਸਾਹਿਬ ਦੀ ਹਥਿਆਰਬੰਦ ਨੀਤੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਿਰਜਣਾ ਇਸੇ ਰਾਹ ਦਾ ਹੀ ਹਿੱਸਾ ਸਨ। ਮੀਰੀ ਅਤੇ ਪੀਰੀ ਸੰਕਲਪ ਦੇ ਅਰਥ ਇਸ ਦੁਆਰਾ ਕੀਤੇ ਗਏ ਕਾਰਜ ਇਸ ਦੇ ਪਿਛੋਕੜ ਅਤੇ ਇਸ ਸੰਕਲਪ ਦੇ ਦੇਣ ਨੂੰ ਅਸੀਂ ਇਨ੍ਹਾਂ ਰੂਪਾਂ ਰਾਂਹੀ ਸੌਖੇ ਤੌਰ 'ਤੇ ਸਮਝ ਸਕਦੇ ਹਾਂ।

ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਮੀਰੀ-ਪੀਰੀ ਨੂੰ ਵਿਵਹਾਰਿਕ ਰੂਪ ਵਿਚ ਲਾਗੂ ਕਰਨ ਦੇ ਕਾਰਨ ਇਸ ਪ੍ਰਕਾਰ ਹਨ-

### 2. 3 ਮੀਰੀ-ਪੀਰੀ ਨੂੰ ਵਿਵਹਾਰਿਕ ਰੂਪ ਵਿਚ ਲਾਗੂ ਕਰਨ ਦੇ ਕਾਰਨ

**2.3.1 ਸਿੱਖ ਧਰਮ ਦੀ ਵਿਚਾਰਧਾਰਾ : -** ਜਿਵੇਂ ਕਿ ਪਹਿਲਾਂ ਹੀ ਵਿਚਾਰ ਹੋ ਚੁੱਕੀ ਹੈ ਕਿ ਮੀਰੀ-ਪੀਰੀ ਦਾ ਸਿਧਾਂਤ ਗੁਰੂ ਨਾਨਕ ਦੇਵ ਜੀ ਵੇਲੇ ਤੋਂ ਹੀ ਸ਼ੁਰੂ ਹੋ ਚੁੱਕਾ ਸੀ ਕਿਉਂਕਿ ਪਹਿਲੇ ਸਿੱਖ ਗੁਰੂ ਨਾਨਕ ਦੇਵ ਜੀ ਨੇ ਰਾਜਨੀਤੀ ਪ੍ਰਤੀ ਨਿਰਲੇਪਤਾ ਨਹੀਂ ਵਿਖਾਈ ਸੀ। ਉਨ੍ਹਾਂ ਨੇ ਉਸ ਸਮੇਂ ਦੇ ਜਾਲਮ ਰਾਜਿਆਂ ਅਤੇ ਭ੍ਰਿਸ਼ਟਾਚਾਰੀ ਅਧਿਕਾਰੀਆਂ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ। ਬਾਬਰ ਦੁਆਰਾ ਨਿਰਦੇਸ਼ ਪੁਰਸ਼ਾਂ ਅਤੇ ਇਸਤਰੀਆਂ ਉੱਤੇ ਕੀਤੇ ਗਏ ਅਤਿਆਚਾਰਾਂ ਤੇ ਵੀ ਉਨ੍ਹਾਂ ਨੇ ਦੁੱਖ ਪ੍ਰਗਟ ਕੀਤਾ ਅਤੇ ਇਸ ਬਾਰੇ ਆਪਣੀ ਬਾਣੀ ਵਿਚ ਈਸ਼ਵਰ ਅੱਗੇ ਗਿਲਾ ਕੀਤਾ । ਉਨ੍ਹਾਂ ਨੇ ਕਿਹਾ ਕਿ ਨਿਆਂ ਕਰਨਾ ਹਾਕਮਾਂ ਦਾ ਪ੍ਰਮੁੱਖ ਕਰਤੱਵ ਹੈ ਅਤੇ ਉਹ ਅਨਿਆਈ ਹਾਕਮ ਅੱਗੇ ਸਿਰ ਝੁਕਾਉਣਾ ਕਾਇਰਤਾ ਸਮਝਦੇ ਹਨ । ਗੁਰੂ ਹਰਗੋਬਿੰਦ ਸਾਹਿਬ ਨੇ ਨਵੀਆਂ ਪਰਿਸਥਿਤੀਆਂ ਤੋਂ ਮਜਬੂਰ ਹੋ ਕੇ ਧਰਮ ਦੀ ਰੱਖਿਆ ਕਰਨ ਲਈ ਕੇਵਲ ਗੁਰੂ ਨਾਨਕ ਦੇਵ ਜੀ ਦੀ ਹੀ ਵਿਚਾਰਧਾਰਾ ਨੂੰ ਅਮਲੀ ਰੂਪ ਦਿੱਤਾ।

**2.3.2 ਗੁਰੂ ਹਰਿਗੋਬਿੰਦ ਸਾਹਿਬ ਤੱਕ ਸਿੱਖੀ ਦਾ ਵਿਕਾਸ ਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਦੇਣ:-** ਗੁਰੂ ਹਰਗੋਬਿੰਦ ਸਾਹਿਬ ਤੋਂ ਪਹਿਲਾਂ ਦੂਜੇ , ਤੀਜੇ , ਚੌਥੇ ਅਤੇ ਪੰਜਵੇਂ ਗੁਰੂ ਸਾਹਿਬਾਨ ਨੇ ਸਿੱਖ ਧਰਮ ਦੇ ਵਿਕਾਸ ਲਈ ਅਨੇਕ ਕੰਮ ਕੀਤੇ

ਸਨ। ਗੋਇੰਦਵਾਲ , ਅੰਮ੍ਰਿਤਸਰ , ਤਰਨਤਾਰਨ , ਕਰਤਾਰਪੁਰ ਆਦਿ ਸਿੱਖਾਂ ਦੇ ਤੀਰਥ ਸਥਾਨ ਕਾਇਮ ਕੀਤੇ ਗਏ ਸਨ । ਲੰਗਰ ਸੰਗਤ, ਮੰਜੀ ਅਤੇ ਮਸੰਦ ਆਦਿ ਸੰਸਥਾਵਾਂ ਨੇ ਸਿੱਖ ਧਰਮ ਦੇ ਸੰਗਠਨ ਅਤੇ ਵਿਕਾਸ ਵਿਚ ਬੜਾ ਮਹੱਤਵਪੂਰਣ ਹਿੱਸਾ ਪਾਇਆ ਸੀ । ਗੁਰੂ ਸਾਹਿਬ ਨੂੰ ਧਰਮ ਪ੍ਰਚਾਰ ਲਈ ਕਾਫ਼ੀ ਮਾਤਰਾ ਵਿਚ ਅਤੇ ਨਿਸ਼ਚਿਤ ਰੂਪ ਨਾਲ ਮਾਇਆ ਪ੍ਰਾਪਤ ਹੋਣ ਲੱਗ ਪਈ ਸੀ । ਆਪਣੇ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਸਿੱਖ ਘੋੜਿਆਂ ਦਾ ਵਪਾਰ ਕਰਕੇ ਕਾਫ਼ੀ ਧਨ ਕਮਾਉਣ ਲੱਗ ਪਏ ਸਨ ਅਤੇ ਇਸ ਤਰ੍ਹਾਂ ਉਹ ਉਘੇ ਵਪਾਰੀ ਹੋਣ ਦੇ ਨਾਲ-ਨਾਲ ਚੰਗੇ ਘੋੜਸਵਾਰ ਵੀ ਬਣ ਗਏ ਸਨ। ਗੁਰੂ ਅਰਜਨ ਦੇਵ ਜੀ ਦੁਆਰਾ ਆਦਿ ਗ੍ਰੰਥ ਸਾਹਿਬ ਦੇ ਸੰਕਲਨ ਨਾਲ ਸਿੱਖਾਂ ਨੂੰ ਪਵਿੱਤਰ ਧਾਰਮਿਕ ਗ੍ਰੰਥ ਪ੍ਰਾਪਤ ਹੋ ਗਿਆ ਸੀ। ਸਿੱਖ ਧਰਮ ਦੀ ਨਿਤ ਵੱਧ ਰਹੀ ਸਰਵਪ੍ਰਯਤਾ ਦੇ ਕਾਰਣ ਬਹੁਤ ਸਾਰੇ ਮੁਸਲਮਾਨ ਅਤੇ ਹਿੰਦੂ ਸਿੱਖਾਂ ਤੋਂ ਈਰਖਾ ਕਰਨ ਲੱਗ ਪਏ ਸਨ । ਸਿੱਖ ਧਰਮ, ਸਿੱਖ ਤੀਰਥ ਸਥਾਨਾਂ ਅਤੇ ਸਿੱਖ ਗ੍ਰੰਥ ਸਾਹਿਬ ਦੀ ਰੱਖਿਆ ਕਰਨੀ ਅਤੀ ਆਵੱਸ਼ਕ ਸੀ। ਇਨ੍ਹਾਂ ਹਾਲਾਤਾਂ ਵਿਚ ਸਿੱਖ ਸੰਪਰਦਾ ਦਾ ਸ਼ਸਤਰਧਾਰੀ ਹੋਣਾ ਸੁਭਾਵਿਕ ਹੀ ਸੀ। ਡਾ. ਤ੍ਰਿਲੋਚਨ ਸਿੰਘ ਦੇ ਮਤ ਅਨੁਸਾਰ, ਸਿੱਖਾਂ ਨੂੰ ਸੈਨਿਕ ਸਿਖਿਆ ਦੇਣ ਦਾ ਕੰਮ ਗੁਰੂ ਅਰਜਨ ਦੇਵ ਜੀ ਨੇ ਹੀ ਆਰੰਭ ਕਰ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਅਨੁਭਵ ਕਰ ਲਿਆ ਸੀ ਕਿ ਭਿਆਨਕ ਸਮਾਂ ਨੇੜੇ ਆ ਰਿਹਾ ਹੈ। ਉਨ੍ਹਾਂ ਨੇ ਨਾ ਕੇਵਲ ਹਰਿਗੋਬਿੰਦ ਜੀ ਅਤੇ ਉਨ੍ਹਾਂ ਦੀ ਉਮਰ ਦੇ ਹੋਰ ਬਾਲਕਾਂ ਨੂੰ ਹੀ ਸੈਨਿਕ ਸਿਖਿਆ ਦਿੱਤੀ ਸਗੋਂ ਕਈ ਯੋਗ ਤੇ ਨਿਪੁੰਨ ਯੋਧਿਆਂ ਨੂੰ ਹਰਿਗੋਬਿੰਦ ਸਾਹਿਬ ਦੀ ਸੈਨਾ ਤਿਆਰ ਕਰਨ ਲਈ ਵੀ ਲਗਾਇਆ।

**2.3.3 ਮੁਗਲ ਸਰਕਾਰ ਦੀ ਧਾਰਮਿਕ ਅਸਹਿਣਸ਼ੀਲਤਾ ਦੀ ਨੀਤੀ: -** ਮੁਗ਼ਲ ਸਮਰਾਟ ਅਕਬਰ (1556-1605 ਈ) ਧਾਰਮਿਕ ਵਿਚਾਰਾਂ ਵਿਚ ਬੜਾ ਉਦਾਰ ਤੇ ਸਹਿਣਸ਼ੀਲ ਸੀ ਅਤੇ ਸਿੱਖ ਗੁਰੂਆਂ ਨਾਲ ਉਸਦੇ ਮਿੱਤਰਤਾਪੂਰਣ ਸੰਬੰਧ ਸਥਾਪਤ ਰਹੇ। ਪੰਜਵੇਂ ਗੁਰੂ ਸਾਹਿਬ ਦੇ ਵਿਰੋਧੀਆਂ ਨੇ ਅਕਬਰ ਨੂੰ ਗੁਰੂ ਸਾਹਿਬ ਦੇ ਵਿਰੁੱਧ ਉਕਸਾਉਣ ਦੇ ਬਹੁਤ ਯਤਨ ਕੀਤੇ ਪਰੰਤੂ ਅਕਬਰ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਨਿਰਾਧਾਰ ਸਮਝਦੇ ਹੋਏ ਗੁਰੂ ਸਾਹਿਬ ਦੇ ਵਿਰੁੱਧ ਕੋਈ ਕਾਰਵਾਈ ਨਾ ਕੀਤੀ । 1605 ਈ ਵਿਚ ਅਕਬਰ ਦੀ ਮੌਤ ਤੋਂ ਬਾਅਦ ਨਵਾਂ ਮੁਗ਼ਲ ਬਾਦਸ਼ਾਹ ਜਹਾਂਗੀਰ ਅਕਬਰ ਵਾਂਗ ਉਦਾਰ ਨਹੀਂ ਸੀ । ਉਸਨੇ ਮੁਸਲਿਮ ਕੱਟੜਪੰਥੀਆਂ ਦੀ ਸਹਾਇਤਾ ਨਾਲ ਰਾਜਗੱਦੀ ਪ੍ਰਾਪਤ ਕੀਤੀ ਸੀ ਅਤੇ ਉਨ੍ਹਾਂ ਦੇ ਪ੍ਰਭਾਵ ਹੇਠ ਉਸਨੇ ਗੈਰ-ਮੁਸਲਮਾਨਾਂ ਵਿਰੁੱਧ ਕਾਰਵਾਈ ਕਰਨ ਦਾ ਨਿਸ਼ਚਾ ਕੀਤਾ। ਆਪਣੀ ਧਾਰਮਿਕ ਕੱਟੜਤਾ ਤੇ ਤੰਗ-ਦਿਲੀ ਕਾਰਨ ਉਹ ਗੁਰੂ ਅਰਜਨ ਦੇਵ ਜੀ ਦੀ ਅਗਵਾਈ ਹੇਠ ਸਿੱਖ ਧਰਮ ਦੀ ਨਿਤ ਵੱਧ ਰਹੀ ਸਰਪ੍ਰਯਤਾ ਨੂੰ ਬਰਦਾਸ਼ਤ ਨਾ ਕਰ ਸਕਿਆ । ਜਿਵੇਂ ਕਿ ਉਸਨੇ ਆਪ ਆਪਣੀ ਸਵੈ-ਜੀਵਨੀ ਵਿਚ ਮੰਨਿਆ ਹੈ । ਮੁਗ਼ਲ ਸਰਕਾਰ ਦੀ ਧਾਰਮਿਕ ਅਸਹਿਣਸ਼ੀਲਤਾ ਦੇ ਕਾਰਨ ਸਿੱਖ ਧਰਮ ਨੂੰ ਖ਼ਤਰਾ ਹੋ ਗਿਆ ਸੀ। ਇਸ ਅਵਸਥਾ ਵਿਚ ਆਤਮ-ਰੱਖਿਆ ਲਈ ਸਿੱਖ ਸੰਪਰਦਾ ਵਿਚ ਪਰਿਵਰਤਨ ਲਿਆਉਣਾ ਜ਼ਰੂਰੀ ਹੋ ਗਿਆ ਸੀ।

**2.3.4 ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ:-** 1606 ਈ ਵਿਚ ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਉਨ੍ਹਾਂ ਉੱਤੇ ਲਾਈਆਂ ਗਈਆਂ ਝੂਠੀਆਂ ਸ਼ਿਕਾਇਤਾਂ ਦੀ ਕੋਈ ਜਾਂਚ-ਪੜਤਾਲ ਨਹੀਂ ਕੀਤੀ ਗਈ ਸੀ। ਅਸਲ ਵਿਚ, ਜੇ ਉਨ੍ਹਾਂ ਦਾ ਕੋਈ ਅਪਰਾਧ ਸੀ ਤਾਂ ਉਹ ਇਹੋ ਸੀ ਕਿ ਉਹ ਸਿੱਖਾਂ ਦੇ ਹਰਮਨ-ਪਿਆਰੇ ਗੁਰੂ ਸਨ ਅਤੇ ਉਨ੍ਹਾਂ ਦੇ ਗੁਰੂ-ਕਾਲ ਵਿਚ ਸਿੱਖ ਧਰਮ ਦਾ ਵਿਕਾਸ ਬੜੀ ਤੇਜ਼ੀ ਨਾਲ ਹੋ ਰਿਹਾ ਸੀ। ਉਨ੍ਹਾਂ ਦੀ ਸ਼ਹੀਦੀ ਨਾਲ ਸਿੱਖਾਂ ਵਿਚ ਗ਼ਮ ਤੇ ਗੁੱਸੇ ਦੀ ਲਹਿਰ ਫੈਲ ਗਈ। ਜਿੱਥੇ ਉਨ੍ਹਾਂ ਨੂੰ ਇਸ ਸ਼ਹੀਦੀ ਦਾ ਬਹੁਤ ਦੁੱਖ ਹੋਇਆ, ਉੱਥੇ ਉਨ੍ਹਾਂ ਦੇ ਮਨ ਵਿਚ ਗੁਰੂ ਅਤੇ ਧਰਮ ਲਈ ਸ਼ਰਧਾ ਬਹੁਤ ਵਧ ਗਈ। ਉਨ੍ਹਾਂ ਨੇ ਆਪਣੇ ਨਵੇਂ ਗੁਰੂ ਹਰਗੋਬਿੰਦ ਸਾਹਿਬ ਦੀ ਅਗਵਾਈ ਹੇਠ ਧਰਮ ਦੀ ਰੱਖਿਆ ਲਈ ਆਪਣੇ ਹੱਥਾਂ ਵਿਚ ਸ਼ਸਤਰ ਚੁੱਕ ਲੈਣ ਦਾ ਨਿਸ਼ਚਾ ਕੀਤਾ।

**2.3.5 ਗੁਰੂ ਅਰਜਨ ਸਾਹਿਬ ਦਾ ਅੰਤਮ-ਸੁਨੇਹਾ:-** ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹੀਦੀ ਤੋਂ ਪਹਿਲਾਂ ਆਪਣੇ ਪੁੱਤਰ ਤੇ ਉੱਤਰਾਧਿਕਾਰੀ ਗੁਰੂ ਹਰਗੋਬਿੰਦ ਜੀ ਨੂੰ ਕੁਝ ਸ਼ਰਧਾਲੂ ਸਿੱਖਾਂ ਰਾਹੀਂ ਸੁਨੇਹਾ ਭੇਜਿਆ, "ਉਸ ਨੂੰ ਪੂਰੀ ਤਰ੍ਹਾਂ ਸ਼ਸਤਰਾਂ ਨਾਲ ਸੁਸ਼ੋਭਿਤ ਗੱਦੀ ਉੱਤੇ ਬੈਠਣਾ ਚਾਹੀਦਾ ਹੈ ਅਤੇ ਆਪਣੀ ਪੂਰੀ ਯੋਗਤਾ ਨਾਲ ਸੈਨਾ ਰੱਖਣੀ ਚਾਹੀਦੀ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੇ ਪਿਤਾ ਜੀ ਦੇ ਇਸ ਅੰਤਮ ਸੰਦੇਸ਼ ਨੂੰ ਅਮਲੀ ਰੂਪ ਦਿੱਤਾ ਅਤੇ ਮੀਰੀ-ਪੀਰੀ ਦੀਆਂ ਤਲਵਾਰਾਂ ਪਾ ਕੇ ਗੱਦੀ ਉੱਤੇ ਬੈਠੇ। ਗੁਰੂ ਘਰ ਦੇ ਸਿੱਖ ਉਨ੍ਹਾਂ ਦੇ ਲਈ ਸੇਲੀ ਟੋਲੀ ਤੇ ਮਾਲਾ ਲੈ ਕੇ ਆਏ ਪਰ ਗੁਰੂ ਸਾਹਬਿ ਨੇ ਉਨ੍ਹਾਂ ਨੂੰ ਪਹਿਣਨ ਤੋਂ ਇਨਕਾਰ ਕਰ ਦਿੱਤਾ ਤੇ ਸੀਰ ਉਪਰ ਕਲਗੀ ਧਾਰਨ ਕੀਤੀ।

## 2.4 ਮੀਰੀ ਪੀਰੀ ਦੀਆਂ ਵਿਸ਼ੇਸ਼ਤਾਵਾਂ

**2.4.1 ਦੋ ਤਲਵਾਰਾਂ ਧਾਰਣ ਕਰਨੀਆਂ:-** ਹਰਗੋਬਿੰਦ ਜੀ ਨੇ ਗੁਰਗੱਦੀ ਉੱਤੇ ਬੈਠਣ ਉਪਰੰਤ ਮੀਰੀ ਤੇ ਪੀਰੀ ਨਾਮੀ ਦੋ ਤਲਵਾਰਾਂ ਧਾਰਣ ਕਰਨੀਆਂ ਆਰੰਭ ਕਰ ਦਿੱਤੀਆਂ। ਮੀਰੀ ਤਲਵਾਰ ਤਾਂ ਉਨ੍ਹਾਂ ਦੇ ਸੰਸਾਰਿਕ ਵਿਸ਼ਿਆਂ ਵਿਚ ਅਗਵਾਈ ਦੀ ਪ੍ਰਤੀਕ ਸੀ ਅਤੇ ਪੀਰੀ ' ਉਨ੍ਹਾਂ ਦੀ ਅਧਿਆਤਮਿਕ ਰਾਹਨੁਮਾਈ ਦਾ ਚਿੰਨ੍ਹ ਸੀ। ਉਨ੍ਹਾਂ ਤੋਂ ਪਹਿਲੇ ਪੰਜ ਸਿੱਖ ਗੁਰੂ ਸਾਹਿਬਾਨ ਨੇ ਤਾਂ ਸਿੱਖਾਂ ਦਾ ਕੇਵਲ ਅਧਿਆਤਮਿਕ ਅਤੇ ਧਾਰਮਿਕ ਮੁਆਮਲਿਆਂ ਵਿਚ ਹੀ ਪੱਥ-ਪ੍ਰਦਰਸ਼ਨ ਕੀਤਾ ਸੀ , ਪਰੰਤੂ ਗੁਰੂ ਹਰਗੋਬਿੰਦ ਸਾਹਿਬ ਨੇ ਉਨ੍ਹਾਂ ਦੀ ਸੈਨਿਕ ਅਗਵਾਈ ਕਰਨੀ ਵੀ ਆਰੰਭ ਕਰ ਦਿੱਤੀ। ਛੇਵੇਂ ਗੁਰੂ ਸਾਹਿਬ ਨੇ ਆਪ ਕਿਹਾ ਕਿ ਉਹ ਮੀਰੀ ਤੇ ਪੀਰੀ ਦੋਵਾਂ ਸ਼ਕਤੀਆਂ ਦੀ ਵਰਤੋਂ ਕਰਨਗੇ। ਇਹ ਇਕ ਅਤਿਅੰਤ ਮਹੱਤਵਪੂਰਣ ਘਟਨਾ ਸੀ ਜਿਸ ਨੇ ਭਵਿੱਖ ਦੇ ਇਤਿਹਾਸ ਉੱਤੇ ਡੂੰਘਾ ਪ੍ਰਭਾਵ ਪਾਇਆ।

**2.4.2 ਰਾਜਸੀ ਚਿੰਨ੍ਹਾਂ ਨੂੰ ਅਪਣਾਉਣਾ:-** ਗੁਰੂ ਹਰਿਗੋਬਿੰਦ ਸਾਹਿਬ ਨੇ ਰਾਜਸੀ ਚਿੰਨ੍ਹ ਧਾਰਣ ਕੀਤੇ ਅਤੇ ਸ਼ਾਹੀ ਠਾਠ -ਬਾਠ ਨਾਲ ਰਹਿਣ ਲੱਗੇ। ਉਨ੍ਹਾਂ ਨੇ ਸੇਲ੍ਹੀ ਉੱਨ ਦੀ ਮਾਲਾ ਜੋ ਪਹਿਲੇ ਗੁਰੂ ਗਲੇ ਵਿਚ ਪਾਇਆ ਕਰਦੇ ਸਨ ਦੀ ਵਰਤੋਂ

ਛੱਡ ਦਿੱਤੀ , ਰਾਜ ਸ਼ਸਤਰ ਧਾਰਨ ਕੀਤੇ ਅਤੇ ਦਸਤਾਰ ਉੱਪਰ ਸ਼ਾਹੀ ਢੰਗ ਨਾਲ ਕਲਗੀ ਸਜਾਈ । ਉਹ ਆਪਣੀ ਕਮਰ ਨਾਲ ਦੋ ਤਲਵਾਰਾਂ ਲਟਕਾਉਣ ਲੱਗੇ । ਹੌਲੀ - ਹੌਲੀ ਗੁਰੂ ਸਾਹਿਬ ਨੇ ਸ਼ਸਤਰਾਂ ਨਾਲ ਸੁਸ਼ੋਭਿਤ ਅਨੁਯਾਈਆਂ ਦਾ ਸਮੂਹ ਤਿਆਰ ਕੀਤਾ । ਕਿਹਾ ਜਾਂਦਾ ਹੈ ਕਿ ਉਨ੍ਹਾਂ ਦੇ 52 ਜਾਂ 60 ਅੰਗ - ਰੱਖਿਅਕ ਸਨ , ਜਿਨ੍ਹਾਂ ਨੇ ਉਨ੍ਹਾਂ ਦੇ ਰਾਜਸੀ ਠਾਠ ਨੂੰ ਹੋਰ ਵੀ ਵਧਾ ਦਿੱਤਾ । ਛੇਵੇਂ ਗੁਰੂ ਸਾਹਿਬ ਨੇ ਗੁਰੂ ਅਰਜਨ ਦੇਵ ਜੀ ਦੀ ' ਸੱਚੇ ਪਾਦਸ਼ਾਹ ' ਦੀ ਉਪਾਧੀ ਵੀ ਧਾਰਣ ਕੀਤੀ । ਕਿਹਾ ਜਾਂਦਾ ਹੈ ਕਿ ਸ਼ਾਹੀ ਢੰਗ ਨਾਲ ਵਸਤਰ ਧਾਰਣ ਕੀਤੇ ਹੋਏ ਅਤੇ ਸ਼ਸਤਰਾਂ ਨਾਲ ਸਜੇ ਹੋਏ ਗੁਰੂ ਸਾਹਿਬ ਦਾ ਤੇਜ ਸੂਰਜ ਵਾਂਢ ਚਮਕਦਾ ਸੀ ।

**2.4.3 ਗੁਰੂ ਸਾਹਿਬ ਨੂੰ ਸ਼ਸਤਰਾਂ ਤੇ ਘੋੜਿਆਂ ਦੀ ਭੇਟਾ :-** ਗੁਰੂ ਹਰਿਗੋਬਿੰਦ ਸਾਹਿਬ ਨੇ ਆਪਣੀ ਨੀਤੀ ਬਾਰੇ ਛੇਤੀ ਹੀ ਆਪਣੇ ਸਿੱਖਾਂ ਨੂੰ ਸੂਚਿਤ ਕਰ ਦਿੱਤਾ । ਉਨ੍ਹਾਂ ਨੇ ਮਸੰਦਾਂ ਨੂੰ ਸੁਨੇਹਾ ਭੇਜਿਆ ਕਿ ਉਹ ਸਿੱਖਾਂ ਤੋਂ ਧਨ ਦੀ ਥਾਂ ਸ਼ਸਤਰਾਂ ਅਤੇ ਘੋੜਿਆਂ ਦੇ ਰੂਪ ਵਿਚ ਭੇਟਾਵਾਂ ਪ੍ਰਾਪਤ ਕਰਨ । ਨਾਲ ਹੀ ਸਿੱਖਾਂ ਨੂੰ ਵੀ ਹੁਕਮ ਦਿੱਤਾ ਗਿਆ ਕਿ ਜਿੱਥੇ ਤਕ ਸੰਭਵ ਹੋ ਸਕੇ ਉਹ ਸ਼ਸਤਰਾਂ ਤੇ ਘੋੜਿਆਂ ਦੀਆਂ ਭੇਟਾਵਾਂ ਭੇਜਣ । ਗੁਰੂ ਸਾਹਿਬ ਦੇ ਹੁਕਮ ਦੀ ਪਾਲਣਾ ਕੀਤੀ ਗਈ ਅਤੇ ਕੁਝ ਹੀ ਸਾਲਾਂ ਵਿਚ ਗੁਰੂ ਸਾਹਿਬ ਕੋਲ ਕਾਫ਼ੀ ਮਾਤਰਾ ਵਿਚ ਸ਼ਸਤਰ ਅਤੇ ਘੋੜੇ ਇਕੱਠੇ ਹੋ ਗਏ । ਇਸ ਸੈਨਿਕ ਸਾਮਾਨ ਨਾਲ ਸੈਨਾ ਦਾ ਸੰਗਠਨ ਸੌਖਾ ਹੋ ਗਿਆ ।

**2.4.4 ਸੈਨਾ ਦਾ ਸੰਗਠਨ:-** ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਹੁਕਮ ਮਿਲਣ ਸਾਰ ਹੀ ਕਈ ਯੋਧੇ ਤੇ ਬਲਵਾਨ ਗੁਰੂ ਸਾਹਿਬ ਦੇ ਕੋਲ ਹਾਜ਼ਰ ਹੋਏ । ਉਨ੍ਹਾਂ ਨੇ 52 ਜਾਂ 60 ਸੂਰਬੀਰ ਬਹਾਦਰਾਂ ਨੂੰ ਅੰਗ - ਰੱਖਿਅਕਾਂ ਦੇ ਰੂਪ ਵਿਚ ਆਪਣੀ ਸੇਵਾ ਵਿਚ ਭਰਤੀ ਕਰ ਲਿਆ । ਇਸ ਤਰ੍ਹਾਂ ਸੈਨਾ ਦਾ ਸੰਗਠਨ ਸ਼ੁਰੂ ਹੋਇਆ । ਕੁਝ ਸਮੇਂ ਪਿੱਛੋਂ ਮਾਝਾ , ਦੁਆਬਾ ਅਤੇ ਮਾਲਵਾ ਦੇ ਪ੍ਰਦੇਸ਼ਾਂ ਤੋਂ 500 ਨੌਜਵਾਨਾਂ ਨੇ ਆਪਣੇ ਆਪ ਨੂੰ ਗੁਰੂ ਸਾਹਿਬ ਦੀ ਸੇਵਾ ਲਈ ਅਰਪਨ ਕੀਤਾ । ਗੁਰੂ ਸਾਹਿਬ ਨੇ ਉਨ੍ਹਾਂ ਸਭ ਨੂੰ ਇਕ - ਇਕ ਘੋੜਾ ਤੇ ਸ਼ਸਤਰ ਦਿੱਤੇ ਅਤੇ ਉਨ੍ਹਾਂ ਨੂੰ ਖੁਸ਼ੀ ਨਾਲ ਆਪਣੀ ਸੈਨਾ ਵਿਚ ਭਰਤੀ ਕਰ ਲਿਆ । ਇਨ੍ਹਾਂ 500 ਸੈਨਿਕਾਂ ਨੂੰ ਸੌ - ਸੌ ਦੇ ਪੰਜ ਜੱਥਿਆਂ ਵਿਚ ਵੰਡ ਦਿੱਤਾ ਗਿਆ ਅਤੇ ਬਿੱਧੀ ਚੰਦ , ਪੀਰਾਨਾ , ਜੇਠਾ , ਪੈਰਾ ਅਤੇ ਲੰਗਾਹ ਨੂੰ ਇਕ - ਇਕ ਜੱਥੇ ਦਾ ਸੈਨਾਨਾਇਕ ਥਾਪਿਆ ਗਿਆ । 'ਦਬਿਸਤਾਨ - ਏ- ਮਜ਼ਾਹਿਬ' ਦੇ ਲੇਖਕ ਮੁਬੀਦ ਅਰਦਿਸਤਾਨੀ ਦੇ ਕਥਨ ਅਨੁਸਾਰ , ਗੁਰੂ ਸਾਹਿਬ ਦੀ ਸੈਨਾ ਵਿਚ 800 ਘੋੜੇ , 300 ਘੋੜ - ਸਵਾਰ ਤੇ 60 ਬੰਦੂਕਚੀ ਸਨ । ਸ਼ਾਇਦ 500 ਸਵੈ - ਸੇਵਕਾਂ ਦੀ ਸੈਨਾ , ਜਿਸ ਦਾ ਵਰਣਨ ਉੱਪਰ ਕੀਤਾ ਗਿਆ ਹੈ , ਇਸ ਸੈਨਾ ਤੋਂ ਇਲਾਵਾ ਸੀ । ਗੁਰੂ ਸਾਹਿਬ ਨੇ ਆਪਣੀ ਸੈਨਾ ਵਿਚ ਪਠਾਣਾਂ ਨੂੰ ਵੀ ਭਰਤੀ ਕੀਤਾ । ਪਠਾਣ ਸੈਨਾ ਦੀ ਇਕ ਵੱਖਰੀ ਹੀ ਸੈਨਿਕ ਟੁਕੜੀ ਕਾਇਮ ਕੀਤੀ ਗਈ ਜਿਸ ਦਾ ਸੈਨਾਨਾਇਕ ਪੈਂਦਾ ਖਾਂ ਸੀ । ਮੁਸਲਮਾਨ ਪਾਠਣਾਂ ਨੂੰ ਸੈਨਾ ਵਿਚ ਭਰਤੀ ਕਰਨ ਤੋਂ ਸਿੱਧ ਹੁੰਦਾ ਹੈ ਕਿ ਹਰਿਗੋਬਿੰਦ ਸਾਹਿਬ ਦੁਆਰਾ ਸਿੱਖਾਂ ਨੂੰ ਸ਼ਸਤਰਧਾਰੀ ਬਣਾਉਣ ਵਿਚ ਉਨ੍ਹਾਂ ਦੇ ਮਨ ਵਿਚ ਮੁਸਲਮਾਨਾਂ ਪ੍ਰਤੀ ਦੁਸ਼ਮਣੀ ਦੀ ਭਾਵਨਾ ਨਹੀਂ ਸੀ ।

**2.4.5 ਗੁਰੂ ਸਾਹਿਬ ਦੇ ਰੋਜ਼ਾਨਾ ਜੀਵਨ ਵਿਚ ਮੀਰੀ-ਪੀਰੀ : -** ਗੁਰੂ ਹਰਗੋਬਿੰਦ ਸਾਹਿਬ ਦੇ ਦੈਨਿਕ ਜੀਵਨ ਵਿਚ ਬੜਾ ਪਰਿਵਰਤਨ ਆ ਗਿਆ। ਉਹ ਪਹਿਲੇ ਗੁਰੂ ਸਨ ਜਿਨ੍ਹਾਂ ਨੇ ਹਰ ਰੋਜ਼ ਆਪਣਾ ਕਾਫ਼ੀ ਸਮਾਂ ਸ਼ਿਕਾਰ ਵਿਚ ਬਿਤਾਣਾ ਆਰੰਭ ਕਰ ਦਿੱਤਾ ਸੀ। ਉਹ ਪ੍ਰਭਾਤ ਵੇਲੇ ਉਠਦੇ , ਇਸ਼ਨਾਨ ਕਰਦੇ ਅਤੇ ਸ਼ਾਹੀ ਢੰਗ ਨਾਲ ਵਸਤਰ ਅਤੇ ਸ਼ਸਤਰ ਧਾਰਣ ਕਰਨ ਉਪਰੰਤ ਉਹ ਲੰਗਰ ਵਿਚ ਜਾਂਦੇ ਜਿੱਥੇ ਉਨ੍ਹਾਂ ਦੀ ਦੇਖ - ਰੇਖ ਵਿਚ ਸਾਰੇ ਸੈਨਿਕਾਂ ਅਤੇ ਅਨੁਯਾਈਆਂ ਨੂੰ ਬਗੈਰ ਕਿਸੇ ਭੇਦ - ਭਾਵ ਦੇ ਪੰਗਤਾਂ ਵਿਚ ਬੈਠ ਕੇ ਲੰਗਰ ਛਕਾਇਆ ਜਾਂਦਾ। ਭੋਜਨ ਤੋਂ ਬਾਅਦ ਗੁਰੂ ਜੀ ਥੋੜੇ ਜਿਹੇ ਸਮੇਂ ਲਈ ਆਰਾਮ ਕਰਦੇ ਅਤੇ ਉਸ ਪਿੱਛੋਂ ਆਪਣੇ ਕਈ ਸੇਵਕਾਂ , ਸ਼ਿਕਾਰੀ ਕੁੱਤਿਆਂ , ਪਾਲਤੂ ਚੀਤਿਆਂ ਅਤੇ ਬਾਜ਼ਾਂ ਨੂੰ ਨਾਲ ਲੈ ਕੇ ਸ਼ਿਕਾਰ ਲਈ ਜੰਗਲਾਂ ਨੂੰ ਚਲ ਪੈਂਦੇ ਅਤੇ ਸ਼ਿਕਾਰ ਕਰਕੇ ਰਾਤ ਨੂੰ ਵਾਪਸ ਪਰਤਦੇ। ਗੁਰੂ ਸਾਹਿਬ ਨੇ ਸਿੱਖਾਂ ਵਿਚ ਨਵਾਂ ਉਤਸ਼ਾਹ ਉਤਪੰਨ ਕਰਨ ਲਈ ਸੰਗੀਤ ਦੀ ਵਰਤੋਂ ਵੀ ਕੀਤੀ। ਉਨ੍ਹਾਂ ਨੇ ਆਪਣੇ ਦਰਬਾਰ ਦੇ ਅਬਦੁਲ ਅਤੇ ਨੱਥਾ ਮਲ ਢਾਡੀਆਂ ਨੂੰ ਵੀਰ ਰਸ ਦੇ ਜੋਸ਼ੀਲੇ ਗੀਤ ਤੇ ਬਹਾਦਰੀ ਦੀਆਂ ਵਾਰਾਂ ਗਾਉਣ ਲਈ ਕਿਹਾ। ਆਸਾ ਦੀ ਵਾਰ ' ਦਾ ਰੋਜ਼ ਪ੍ਰਭਾਤ ਵੇਲੇ ਦੋ ਵਾਰੀ ਉੱਚੀ ਹੇਕ ਵਿਚ ਪਾਠ ਕੀਤਾ ਜਾਣ ਲੱਗ ਪਿਆ - ਇਕ ਵਾਰੀ ਹਰਿਮੰਦਰ ਸਾਹਿਬ ਵਿਚ ਤੇ ਦੂਜੀ ਵਾਰੀ ਅਕਾਲ ਤਖ਼ਤ ਸਾਹਿਬ ਵਿਚ ਗੁਰੂ ਸਾਹਿਬ ਨੇ ਇਕ ਵਿਸ਼ੇਸ਼ ਸੰਗੀਤ ਮੰਡਲੀ ਕਾਇਮ ਕੀਤੀ ਜੋ ਰਾਤ ਵੇਲੇ ਢੋਲਕ ਦੀ ਧੁਨੀ ਅਤੇ ਮਸ਼ਾਲਾਂ ਦੀ ਰੌਸ਼ਨੀ ਨਾਲ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰਦੀ ਹੋਈ ਉੱਚੇ ਸੁਰ ਵਿਚ ਜੋਸ਼ੀਲੇ ਸ਼ਬਦ ਗਾਉਂਦੀ ਸੀ।

**2.4.6 ਅਕਾਲ ਤਖ਼ਤ ਸਾਹਿਬ ਦੀ ਉਸਾਰੀ: -** ਗੁਰੂ ਹਰਗੋਬਿੰਦ ਜੀ ਨੇ ਹਰਿਮੰਦਰ ਦੇ ਨੇੜੇ ਹੀ ਇਕ ਨਵਾਂ ਭਵਨ ਬਣਵਾਇਆ , ਜਿਸਦਾ ਨਾਂ ਅਕਾਲ ਤਖ਼ਤ ' ਅਰਥਾਤ ਈਸ਼ਵਰ ਦੀ ਗੱਦੀ ਰਖਿਆ। ਇਸ ਨੂੰ ਅਕਾਲ ਬੁੰਗਾ ' ਵੀ ਕਿਹਾ ਜਾਂਦਾ ਹੈ। ਇਸ ਦੀ ਉਸਾਰੀ 1609 ਈ . ਵਿਚ ਸੰਪੂਰਨ ਹੋਈ। ਇਸਦੇ ਅੰਦਰ ਇਕ 12 ਫੁੱਟ ਉੱਚੇ ਥੜੇ ਦਾ ਨਿਰਮਾਣ ਕਰਾਇਆ ਗਿਆ ਜੋ ਰਾਜਿਆਂ ਦੇ ਤਖ਼ਤ ਜਾਂ ਗੱਦੀ ਦੇ ਸਮਾਨ ਸੀ। ਇਸ ਉੱਤੇ ਬੈਠ ਕੇ ਗੁਰੂ ਸਾਹਿਬ ਸਿੱਖਾਂ ਦੀ ਸੈਨਿਕ ਅਤੇ ਰਾਜਨੀਤਿਕ ਮੁਆਮਲਿਆਂ ਵਿਚ ਰਾਹਨੁਮਾਈ ਕਰਨ ਲੱਗੇ। ਹਰਿਮੰਦਰ ਸਾਹਿਬ ਵਿਚ ਤਾਂ ਗੁਰੂ ਸਾਹਿਬ ਸਿੱਖਾਂ ਨੂੰ ਧਰਮ ਸਿਖਿਆ ਦਿੰਦੇ ਸਨ ਅਤੇ ਉਨ੍ਹਾਂ ਦੇ ਧਾਰਮਿਕ ਤੇ ਅਧਿਆਤਮਿਕ ਨੇਤਾ ਦੇ ਰੂਪ ਵਿਚ ਕਾਰਜ ਕਰਦੇ ਸਨ। ਪਰੰਤੂ ਅਕਾਲ ਤਖ਼ਤ ਵਿਚ ਗੁਰੂ ਸਾਹਿਬ ਉਨ੍ਹਾਂ ਦੇ ਰਾਨਜੀਤਿਕ ਤੇ ਸੈਨਿਕ ਨੇਤਾ ਦੇ ਤੌਰ ’ਤੇ ਕਾਰਜ ਕਰਨ ਲੱਗੇ। ਇੱਥੇ ਉਹ ਸਿੱਖਾਂ ਨੂੰ ਸੈਨਿਕ ਸਿਖਿਆ ਦਿੰਦੇ ਸਨ , ਉਨ੍ਹਾਂ ਵਿਚ ਸ਼ਸਤਰ ਵੰਡਦੇ ਸਨ , ਉਨ੍ਹਾਂ ਨੂੰ ਆਪਣੇ ਦਰਬਾਰ ਵਿਚ ਢਾਡੀਆਂ ਤੇ ਵੀਰ-ਰਸ ਦੇ ਜੋਸ਼ੀਲੇ ਗੀਤ ਤੇ ਵਾਰਾਂ ਸੁਣਵਾ ਕੇ ਉਨ੍ਹਾਂ ਦੇ ਉਤਸ਼ਾਹ ਨੂੰ ਵਧਾਉਂਦੇ ਅਤੇ ਧਰਮ ਦੀ ਰੱਖਿਆ ਲਈ ਵੈਰੀਆਂ ਨਾਲ ਯੁੱਧ ਕਰਨ ਦੇ ਢੰਗ ਦਸਦੇ ਸਨ। ਇਥੇ ਹੀ ਉਹ ਸਿੱਖਾਂ • ਨੂੰ ਇਨਾਮ ਅਤੇ ਸਜ਼ਾਵਾਂ ਵੀ ਦਿੰਦੇ ਸਨ। ਅਕਾਲ ਤਖ਼ਤ ਦੇ ਨੇਜੋ ਅਖਾੜੇ ਵਿਚ ਗੁਰੂ ਸਾਹਿਬ ਦੀ ਦੇਖ - ਰੇਖ ਵਿਚ ਸਿੱਖਾਂ ਵਿਚ ਕਸਰਤ ਤੇ ਕੁਸ਼ਤੀਆਂ ਵੀ ਹੁੰਦੀਆਂ ਸਨ ਕਿਉਂਕਿ ਗੁਰੂ ਸਾਹਿਬ ਆਪਣੇ ਸਿੱਖਾਂ ਦੇ ਅਧਿਆਤਮਿਕ ਉੱਧਾਰ ਦੇ ਨਾਲ - ਨਾਲ ਉਨ੍ਹਾਂ ਨੂੰ ਸਰੀਰਕ ਤੌਰ ਤੇ ਵੀ ਰਿਸ਼ਟ - ਪੁਸ਼ਟ

ਬਣਾਉਣਾ ਚਾਹੁੰਦੇ ਸਨ। ਨਵੀਂ ਨੀਤੀ ਦੀ ਉਤਪੱਤੀ ਤੇ ਵਿਕਾਸ ਵਿਚ ਅਕਾਲ ਤਖ਼ਤ ਦਾ ਨਿਰਮਾਣ ਗੁਰੂ ਹਰਿਗੋਬਿੰਦ ਸਾਹਿਬ ਦਾ ਇਕ ਅਤੀ ਮਹੱਤਵਪੂਰਨ ਤੇ ਮਹਾਨ ਕਾਰਜ ਸੀ। ਇਹ ਸਿੱਖ ਧਰਮ ਅਤੇ ਸਿੱਖ ਰਾਜਨੀਤੀ ਦੇ ਸੁਮੇਲ ਦਾ ਪ੍ਰਤੀਕ ਸੀ। ਇਸ ਭਵਨ ਦੀ ਹਰਿਮੰਦਰ ਦੇ ਨੇੜੇ ਹੀ ਉਸਾਰੀ ਕਰਨ ਦਾ ਸ਼ਾਇਦ ਉਦੇਸ਼ ਇਹ ਸੀ ਕਿ ਸਿੱਖਾਂ ਨੂੰ ਇਹ ਯਾਦ ਕਰਵਾਇਆ ਜਾ ਸਕੇ ਕਿ ਧਾਰਮਿਕ ਕਰਤੱਵਾਂ ਦੀ ਪਾਲਣਾ ਦੇ ਨਾਲ - ਨਾਲ ਉਨ੍ਹਾਂ ਨੂੰ ਸੈਨਿਕ ਤੇ ਰਾਜਨੀਤਿਕ ਕੰਮਾਂ ਵਿਚ ਵੀ ਹਿੱਸਾ ਲੈਣਾ ਚਾਹੀਦਾ ਹੈ। ਅਕਾਲ ਤਖ਼ਤ ਸਿੱਖਾਂ ਲਈ ਸਦਾ ਲਈ ਹੀ ਮਹੱਤਵਪੂਰਨ ਸੰਸਥਾ ਬਣ ਗਈ। ਇਥੇ ਕੀਤੇ ਗਏ ਫ਼ੈਸਲਿਆਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਣ ਲੱਗਾ ਅਤੇ ਇਨ੍ਹਾਂ ਨਿਰਣਿਆਂ ਦੀ ਪਾਲਣਾ ਕਰਨਾ ਸਿੱਖ ਆਪਣਾ ਧਾਰਮਿਕ ਕਰਤੱਵ ਸਮਝਣ ਲੱਗੇ। ਡਾ . ਤ੍ਰਿਲੋਚਨ ਸਿੰਘ ਦੇ ਕਥਨ ਅਨੁਸਾਰ , ' ਅਕਾਲ ਤਖ਼ਤ ਦਾ ਨਿਰਮਾਣ ਮੁਗ਼ਲ ਬਾਦਸ਼ਾਹਾਂ ਦੀ ਸ਼ਕਤੀ ਨੂੰ ਇਕ ਵੰਗਾਰ ਸੀ ਅਤੇ ਇਹ ਹਰ ਤਰ੍ਹਾਂ ਦੇ ਡਰ ਅਤੇ ਤਾਨਾਸ਼ਾਹੀ ਸ਼ਾਸਨ ਤੋਂ ਸੁਤੰਤਰਤਾ ਅਤੇ ਸਵਰਾਜ ਦੀ ਸਥਾਪਨਾ ਦੇ ਐਲਾਨ ਦੇ ਤੁਲ ਸੀ।

**2.4.7 ਅੰਮ੍ਰਿਤਸਰ ਦੀ ਕਿਲ੍ਹੇਬੰਦੀ: -** ਗੁਰੂ ਸਾਹਿਬ ਨੇ ਇਹ ਅਨੁਭਵ ਕਰਦੇ ਹੋਏ ਕਿ ਆਪਣੇ ਧਾਰਮਿਕ ਕੇਂਦਰ ਸਥਾਨ ਦੀ ਰੱਖਿਆ ਅਤੀ ਆਵੱਸ਼ਕ ਹੈ , ਰਾਮਦਾਸਪੁਰ ਅਥਵਾ ਅੰਮ੍ਰਿਤਸਰ ਸ਼ਹਿਰ ਦੇ ਚੌਹਾਂ ਪਾਸੇ ਦੀਵਾਰ ਬਣਵਾਈ। ਉਨ੍ਹਾਂ ਨੇ ਇਸ ਸ਼ਹਿਰ ਵਿਚ ਇਕ ਕਿਲ੍ਹੇ ਦਾ ਨਿਰਮਾਣ ਵੀ ਕਰਵਾਇਆ , ਜਿਸਦਾ ਨਾਂ ' ਲੋਹਗੜ੍ਹ ' ਰਖਿਆ ਗਿਆ। ਇਥੇ ਕਾਫ਼ੀ ਮਾਤਰਾ ਵਿਚ ਸੈਨਿਕ ਸਾਮਾਨ ਵੀ ਰੱਖਿਆ ਗਿਆ ਤਾਂ ਜੋ ਔਖੀ ਘੜੀ ਵਿਚ ਇਥੋਂ ਵੈਰੀਆਂ ਦਾ ਸਫ਼ਲਤਾ - ਪੂਰਵਕ ਵਿਰੋਧ ਕੀਤਾ ਜਾ ਸਕੇ ਅਤੇ ਸ਼ਹਿਰ ਨੂੰ ਸੁਰੱਖਿਅਤ ਰਖਿਆ ਜਾ ਸਕੇ।

## 2.5 ਮੀਰੀ-ਪੀਰੀ ਪ੍ਰਤੀ ਪੈਦਾ ਹੋਏ ਸ਼ੰਕਿਆਂ ਦੀ ਨਵਿਰਤੀ

ਸਿੱਖੀ ਸਿਧਾਂਤਾਂ ਤੋਂ ਅਣਜਾਣ ਬਹੁਤ ਸਾਰੇ ਲਿਖਾਰੀਆਂ ਵੱਲੋਂ ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਮੀਰੀ-ਪੀਰੀ ਦਾ ਸਿਧਾਂਤ ਅਪਣਾਉਣ ਸਬੰਧੀ ਸ਼ੰਕੇ ਖੜ੍ਹੇ ਕੀਤੇ ਜਾਂਦੇ ਹਨ ਜੋ ਕਿ ਬਿਲਕੁਲ ਨਿਰਮੂਲ ਹਨ ਕਿਉਂਕਿ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਅਰਜਨ ਦੇਵ ਜੀ ਦੇ ਆਦੇਸ਼ ਸਿੱਖੀ ਸਿਧਾਂਤਾਂ ਅਤੇ ਗੁਰੂ ਅਰਜਨ ਦੇਵ ਜੀ ਦੇ ਆਦੇਸ਼ ਅਨੁਸਾਰ ਹੀ ਮੀਰੀ ਪੀਰੀ ਦੇ ਸਿਧਾਂਤ ਨੂੰ ਅਮਲੀ ਰੂਪ ਦਿੱਤਾ ਸੀ। ਇਸ ਸੰਬੰਧੀ ਉੱਪਰ ਚਰਚਾ ਕੀਤੀ ਜਾ ਚੁੱਕੀ ਹੈ।

ਅਜਿਹੇ ਸ਼ੰਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਵੀ ਬਹੁਤ ਸਾਰੇ ਅਣਜਾਣ ਲੋਕਾਂ ਵੱਲੋਂ ਕੀਤੇ ਗਏ ਸਨ ਜਿਨ੍ਹਾਂ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਆਪਣੀ 26ਵੀਂ ਵਾਰ ਵਿੱਚ ਕੀਤਾ ਹੈ ਅਤੇ ਇਨ੍ਹਾਂ ਦਾ ਸਪੱਸ਼ਟੀਕਰਨ ਦਿੰਦੇ ਹੋਏ ਲਿਖਿਆ ਹੈ ਕਿ ਜਿਵੇਂ ਖੇਤ ਦੇ ਦੁਆਲੇ ਵਾੜ, ਚੰਦਨ ਦੇ ਪਾਸ ਸੱਪ, ਘਰ ਦੇ ਦਰਵਾਜੇ ਅੱਗੇ ਤਾਲਾ ਜਾਂ ਕੁੱਤਾ, ਰਾਖੀ ਦਾ ਕੰਮ ਦਿੰਦੇ ਹਨ, ਉਸੇ ਪ੍ਰਕਾਰ ਗੁਰੂ ਸਾਹਿਬ ਸੰਗਤ ਦੀ ਰਖਵਾਲੀ ਲਈ ਹਥਿਆਰਬੰਦ ਨੀਤੀ ਅਪਣਾਈ।

ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਇਕ ਵਾਰ ਮਰਾਠਾ ਸੰਤ ਰਾਮਦਾਸ, ਜੋ ਕਿ ਸ਼ਿਵਾਜੀ ਦਾ ਗੁਰੂ ਸੀ, ਛੇਵੇਂ ਗੁਰੂ ਸਾਹਿਬ ਨੂੰ ਮਿਲਣ ਲਈ ਆਇਆ। ਗੁਰੂ ਹਰਿਗੋਬਿੰਦ ਜੀ ਦੀ ਸੈਨਾ, ਸ਼ਸਤਰ ਤੇ ਘੋੜਿਆਂ ਉੱਪਰ ਹੈਰਾਨੀ ਪ੍ਰਗਟਾਉਂਦਿਆਂ ਸੰਤ ਰਾਮਦਾਸ ਨੇ ਉਨ੍ਹਾਂ ਨੂੰ ਪ੍ਰਸ਼ਨ ਕੀਤਾ ਸੀ ਕਿ "ਹਉ ਸੁਣਿਆ ਥਾ ਨਾਨਕ ਕੀ ਗਾਦੀ ਪਰ ਬੈਠਾ ਹੈ। ਨਾਨਕ ਗੁਰੂ ਤਿਆਗੀ ਸਾਧੂ ਥੇ। ਤੁਮ ਸ਼ਸਤਰ ਧਾਰਨ ਕਰੇ ਹੈਨ, ਘੋੜੇ ਫੌਜ਼ ਰਾਖੀ ਹੈ। ਸਚਾ ਪਾਤਸ਼ਾਹ ਕਹਾਵਤਾ ਹੈ ਕੈਸਾ ਸਾਧੂ ਹੈ।" ਗੁਰੂ ਹਰਿਗੋਬਿੰਦ ਜੀ ਨੇ ਜਵਾਬ *ਦਿੱਤਾ* ਸੀ ਕਿ "ਬਾਤਨ ਫਕੀਰੀ ਜਾਹਰ ਅਮੀਰੀ, ਸ਼ਸਤਰ ਗਰੀਬ ਦੀ ਰੱਖਿਆ ਜਰਵਾਣੇ ਦੀ ਭਖਿਆ। ਬਾਬਾ ਨਾਨਕ ਸੰਸਾਰ ਨਹੀਂ ਤਿਆਗਿਆ ਥਾ ਮਾਯਾ ਤਿਆਗੀ ਥੀ। ਗੁਰੂ ਸਾਹਿਬ ਦੇ ਉਪਰੋਕਤ ਉਤਰ ਉੱਤੇ ਤਸੱਲੀ ਪ੍ਰਗਟ ਕਰਦਿਆਂ ਸੰਤ ਰਾਮਦਾਸ ਨੇ ਕਿਹਾ ਸੀ ਕਿ ਇਹ ਬਾਤ ਹਮਾਰੇ ਮਨ ਭਾਵਤੀ ਹੈ।

ਮੀਰੀ-ਪੀਰੀ ਦੇ ਪ੍ਰਤੀਕ ਵਜੋਂ ਗੁਰੂ ਹਰਿਗੋਬਿੰਦ ਸਾਹਿਬ ਨੇ ਦੋ ਕਿਰਪਾਨਾਂ ਹੀ ਕਿਉਂ ਧਾਰਣ ਕੀਤੀਆਂ? ਕੀ ਇਸ ਦਾ ਪ੍ਰਗਟਾਵਾ ਕਿਸੇ ਹੋਰ ਰੂਪ ਵਿਚ ਵੀ ਹੋ ਸਕਦਾ ਸੀ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਵਿਚ ਇਹ ਵਿਚਾਰ ਸਾਹਮਣੇ ਆਉਂਦਾ ਹੈ ਕਿ ਕਿਰਪਾਨ ਆਪਣੇ ਆਪ ਵਿਚ ਇਕ ਵਿਸ਼ੇਸ਼ ਅਰਥ ਰੱਖਦਾ ਹੈ। ਇਹ ਪ੍ਰਤੀਕ ਅਤੇ ਹਥਿਆਰ ਦੋਵਾਂ ਦੇ ਰੂਪ ਵਿਚ ਵਿਸ਼ੇਸ਼ ਮਹੱਤਵ ਰੱਖਦਾ ਹੋਇਆ ਮੀਰੀ ਪੀਰੀ ਦੇ ਸਿਧਾਂਤ ਦੀ ਸੁੰਦਰ ਢੰਗ ਨਾਲ ਪ੍ਰਤੀਨਿੱਧਤਾ ਕਰਦਾ ਹੈ। ਦੂਸਰੇ ਪ੍ਰਸ਼ਨ ਸੰਬੰਧੀ ਕਿਹਾ ਜਾ ਸਕਦਾ ਹੈ ਕਿ ਕਿਰਪਾਨਾਂ ਤੋਂ ਇਲਾਵਾ ਸ਼ਾਇਦ ਕੋਈ ਰੂਪ ਮੀਰੀ ਪੀਰੀ ਦੇ ਸਿਧਾਂਤ ਨੂੰ ਇਸ ਢੰਗ ਨਾਲ ਪ੍ਰਗਟ ਨਹੀਂ ਕਰ ਸਕਦਾ ਸੀ। ਇਸ ਪੱਖ ਨੂੰ ਸਪੱਸ਼ਟ ਕਰਦੇ ਹੋਏ ਡਾ. ਤਾਰਨ ਸਿੰਘ ਲਿਖਦੇ ਹਨ- ਭਗਤੀ ਦੇ ਮਾਰਗ ਤੇ ਤੁਰਨ ਦੀ ਕਠਨਾਈ ਨੂੰ ਹੀ ਤਲਵਾਰ ਦੀ ਧਾਰ ਜਾਂ ਖੰਡੇ ਦੀ ਧਾਰ ਨਾਲ ਉਪਮਾ ਦਿੱਤੀ ਗਈ ਹੈ। ਸੁੱਚ ਤੇ ਸੱਚਾਈ ਦਾ ਮਾਰਗ ਤਲਵਾਰ ਦੀ ਧਾਰ ਤੇ ਚੱਲਣ ਤੁੱਲ ਹੈ। ਆਪਣੇ ਆਪ ਨਾਲ ਹਰ ਸਮੇਂ ਯੁੱਧ ਕਰਨਾ ਪੈਂਦਾ ਹੈ- ਆਪਣੇ ਅੰਦਰ ਵਸਦੇ ਕਾਮਾਦਿਕ ਤੇ ਹੰਕਾਰ ਨਾਲ। ਇਹ ਐਸੇ ਵੈਰੀ ਹਨ ਜੋ ਤਲਵਾਰ ਨਾਲ ਵੀ ਕਾਬੂ ਨਹੀਂ ਆ ਸਕਦੇ। ਇਸ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਪੀਰੀ ਦਾ ਚਿੰਨ੍ਹ ਤਲਵਾਰ ਹੀ ਮੰਨਿਆ।

ਮੀਰੀ ਦਾ ਚਿੰਨ੍ਹ ਤਾਂ ਤਲਵਾਰ ਸੰਸਾਰ 'ਤੇ ਵੀ ਮੰਨਿਆ ਹੋਇਆ ਹੈ। ਪਰ ਜਦੋਂ ਗੁਰੂ ਸਾਹਿਬ ਨੇ ਮੀਰੀ ਦਾ ਚਿੰਨ੍ਹ ਤਲਵਾਰ ਕਿਹਾ ਹੈ ਤਾਂ ਉਹਨਾਂ ਦਾ ਭਾਵ ਇਹੀ ਸੀ ਕਿ ਸੱਚਾ ਮੀਰ ਬਣਨਾ ਵੀ ਉਤਨਾ ਹੀ ਕਠਿਨ ਹੈ ਜਿਤਨਾ ਸੱਚਾ ਪੀਰ ਬਣਨਾ। ਇਹ ਦੋਵੇਂ ਮਾਰਗ ਆਪਣੇ ਆਪ ਨਾਲ ਯੁੱਧ ਕਰਦੇ ਹਨ।

### 2.6 ਸਿੱਟਾ

ਇਸ ਪ੍ਰਕਾਰ ਇਹ ਮੀਰੀ ਪੀਰੀ ਵਾਲਾ ਰੁਹਾਨੀ ਅਤੇ ਦੁਨੀਆਵੀ ਸੁਮੇਲ ਸਿੱਖ ਧਰਮ ਨੂੰ ਇੱਕ ਵਿਲੱਖਣ ਸਰੂਪ ਪ੍ਰਦਾਨ ਕਰਦਾ ਹੈ ਜਿਸ ਨੂੰ ਵਿਹਾਰਿਕ ਰੂਪ ਪ੍ਰਦਾਨ ਕਰਨ ਵਾਲੀ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਹੈ। ਸ੍ਰੀ ਅਕਾਲ ਤਖਤ ਸਾਹਿਬ ਅਤੇ ਮੀਰੀ ਪੀਰੀ ਨੂੰ ਇਕ ਦੂਸਰੇ ਤੋਂ ਬਿਨ੍ਹਾਂ ਸਮਝਣਾ ਸੰਭਵ ਨਹੀਂ। ਇਹ ਦੋਵੇਂ ਇਕ ਦੂਸਰੇ ਦੇ ਪੂਰਕ ਵਜੋਂ ਕਾਰਜ ਕਰਦੇ ਹਨ। ਮੀਰੀ ਤੇ ਪੀਰੀ ਦੇ ਸੁਤੰਤਰ ਜਾਂ ਇਕ-ਪਰਤੀ ਸੰਕਲਪਾਂ ਨੂੰ ਇਕ-ਦੂਜੇ ਦੀ ਸਮਾਨਾਂਤਰਤਾ ਵਿਚੋਂ ਕੱਢ

ਕੇ, ਇਕ-ਦੂਜੇ ਦੀ ਪੂਰਕਤਾ ਵਿਚ ਸਾਹਮਣੇ ਲਿਆਉਣ ਨਾਲ, ਗੁਰਮਤਿ ਦੇ ਸੁਤੰਤਰ ਅਤੇ ਸਮਸ੍ਰੂਰ ਮਾਡਲ (Harmonizing Mode) ਦੀ ਸਥਾਪਨਾ ਹੋ ਗਈ ਹੈ। ਅਕਾਲ ਤਖ਼ਤ ਸਾਹਿਬ ਨੂੰ ਇਸ ਨਾਲੋਂ ਨਿਖੇੜ ਕੇ ਨਹੀਂ ਵੇਖਿਆ ਜਾ ਸਕਦਾ।

## 2.7 ਪੜ੍ਹਣਯੋਗ ਪੁਸਤਕਾਂ


1. ਜਸਪਾਲ ਸਿੰਘ (ਡਾ.), ਰਾਜ ਦਾ ਸਿੱਖ ਸੰਕਲਪ, ਨਵਯੁਗ ਪਬਲਿਸ਼ਰਜ਼, ਦਿੱਲੀ, 2009

2. ਗੁਰਸ਼ਰਨ ਜੀਤ ਸਿੰਘ, (ਡਾ.), ਸਿੱਖ ਧਰਮ ਪੁਨਰ-ਵਿਵੇਚਨ, ਪੋਥੀ ਪ੍ਰਕਾਸ਼ਨ, ਅੰਮ੍ਰਿਤਸਰ

3. ਗੋਕਲ ਚੰਦ ਨਾਰੰਗ, ਸਿੱਖ ਮੱਤ ਦਾ ਪਰਿਵਰਤਨ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

4. ਸੁਖਦਿਆਲ ਸਿੰਘ (ਡਾ.), ਸ਼ਿਰੋਮਣੀ ਸਿੱਖ ਇਤਿਹਾਸ, ਸੰਗਮ ਪਬਲੀਕੇਸ਼ਨ, ਸਮਾਣਾ

5. ਸਾਧੂ ਸਿੰਘ ਗੋਬਿੰਦਪੁਰੀ, ਬਡ ਜੋਧਾ ਬਹੁ ਪਰਉਪਕਾਰੀ (ਸ੍ਰੀ ਗੁਰੂ ਹਰਿਗੋਬਿੰਦ ਸਾਹਿਬ), ਬਰਾਈਟ ਪ੍ਰਿੰਟਰਜ਼, ਲਕਸ਼ਮੀਪੁਰਾ, ਜਲੰਧਰ

6.Bhagat Singh, Sikh Principles of Social and Political Theory, (London Oxford University Press, 1967

## ONE YEAR DIPLOMA IN SIKH THELOGY

### SEMESTER-II

### COURSE: THEOLOGICAL STUDY OF SIKH INSTITUTION

### UNIT 3- MASAND

**STRUCTURE**

3.0 ਉਦੇਸ਼

3.1 ਜਾਣ-ਪਛਾਣ

3.2 ਅਰਥ, ਪਰਿਭਾਸ਼ਾ, ਖੇਤਰ ਤੇ ਉਦੇਸ਼

3.3 ਬਾਈ ਮੰਜੀਆਂ ਦੇ ਅਧਿਕਾਰੀ

3.4 ਮਸੰਦਾਂ ਦਾ ਪਤਨ

3.5 ਮਸੰਦਾਂ ਨਾਲ ਨਾ ਵਰਤਣ ਸੰਬੰਧੀ ਹੁਕਮਨਾਮੇ

3.5.1 4 ਨਵੰਬਰ , 1700 (ਨੁਸ਼ਹਿਰਾ ਪੰਨੂਆਂ)

3.5.2 6 ਫਰਵਰੀ, 1702 (ਲਖਨਊ)

3.5.3 6 ਫਰਵਰੀ, 1702 (ਇਲਾਹਾਬਾਦ)

3.5.4 6 ਫਰਵਰੀ, 1702 (ਨੁਸ਼ਹਿਰਾ ਪੰਨੂਆਂ)

3.5.5 12 ਮਾਰਚ, 1699 (ਮਾਛੀਵਾੜਾ)

3.6 ਸਿੱਟਾ

3.7 ਪੜ੍ਹਣਯੋਗ ਪੁਸਤਕਾਂ

**3.0 ਉਦੇਸ਼**

ਪ੍ਰਸਤੁਤ ਵਿਸ਼ੇ ਦਾ ਉਦੇਸ਼ ਵਿਦਿਆਰਥੀਆਂ ਨੂੰ ਰਾਮਦਾਸ ਜੀ ਦੁਆਰਾ ਸਥਾਪਿਤ ਕੀਤੀ ਗਈ ਮਸੰਦ ਸੰਸਥਾ ਦੇ ਅਰੰਭ ਕਰਨ ਦੇ ਕਾਰਨ ਅਤੇ ਇਸ ਦੇ ਪਤਨ ਦੇ ਕਾਰਨਾਂ ਤੋਂ ਜਾਣੂ ਕਰਵਾਉਣਾ ਹੈ।

**3.1 ਜਾਣ-ਪਛਾਣ**

ਸੰਸਥਾਵਾਂ ਕਿਸੇ ਵੀ ਧਰਮ ਦੀਆਂ ਕੇਂਦਰੀ ਧਰੋਹਰ ਹੁੰਦੀਆਂ ਹਨ। ਅਜੋਕੇ ਸਮੇਂ ਦੌਰਾਨ ਸੰਸਥਾਵਾਂ ਹੀ ਧਰਮ ਦਾ ਅਮਲੀ ਪ੍ਰਕਾਸ਼ਨ ਹਨ। ਇਹ ਸੰਸਥਾਵਾਂ ਹੀ ਹੁੰਦੀਆਂ ਹਨ ਜਿਨ੍ਹਾਂ ਦੁਆਰਾ ਕੀਤੇ ਜਾਂਦੇ ਲੋਕ-ਪੱਖੀ ਕਾਰਜਾਂ ਕਾਰਨ ਸੰਬੰਧਿਤ ਧਰਮ ਦਾ ਨਾਮ ਸਦੀਵੀ ਤੌਰ ’ਤੇ ਲੋਕ ਮਨਾਂ ਦਾ ਹਿੱਸਾ ਬਣ ਜਾਂਦਾ ਹੈ। ਸਿੱਖ ਧਰਮ ਜੋ ਕਿ ਨਵਾਂ ਤੇ ਨਿਵੇਕਲਾ ਧਰਮ ਹੈ। ਗੁਰੂ ਸਾਹਿਬ ਨੇ ਸਮੇਂ-ਸਮੇਂ ਉੱਪਰ ਅਜਿਹੀਆਂ ਸੰਸਥਾਵਾਂ ਦੀ ਸਿਰਜਣਾ ਕੀਤੀ ਜਿਨ੍ਹਾਂ ਦਾ ਮੁੱਖ ਉਦੇਸ਼ ਸਿੱਖ ਧਰਮ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਸੀ। ਇਸੇ ਪ੍ਰਯੋਜਨ ਹਿਤ ਹੀ ਗੁਰੂ ਰਾਮਦਾਸ ਜੀ ਦੁਆਰਾ ਮਸੰਦ ਨਾਮ ਦੀ ਸੰਸਥਾ ਨੂੰ ਸਥਾਪਿਤ ਕੀਤਾ ਗਿਆ ਜਿਸ ਦਾ ਉਦੇਸ਼ ਦੂਰ-ਦੁਰਾਡੇ ਸਿੱਖ ਸੰਗਤਾਂ ਵਿੱਚ ਸਿੱਖੀ ਦਾ ਪ੍ਰਚਾਰ ਤੇ ਲੋਕਾਂ ਦੁਆਰਾ ਗੁਰੂ ਨੂੰ ਭੇਟਾ ਕੀਤੀ ਜਾਂਦੀ ਲੰਗਰਾਂ ਲਈ ਰਸਦ ਜਾਂ ਮਾਇਕ ਭੇਟਾ ਆਦਿ ਨੂੰ ਗੁਰੂ ਸਾਹਿਬ ਤੱਕ ਪਹੁੰਚਾਉਣਾ ਸੀ। ਇਸ ਪੇਪਰ ਵਿੱਚ ਮਸੰਦ ਸੰਸਥਾ ਦੇ ਆਰੰਭ, ਵਿਕਾਸ ਤੇ ਯੋਗਦਾਨ ਬਾਰੇ ਵਿਸਤ੍ਰਿਤ ਅਧਿਐਨ ਕੀਤਾ ਜਾਵੇਗਾ।

**3.2 ਅਰਥ, ਪਰਿਭਾਸ਼ਾ, ਖੇਤਰ ਤੇ ਉਦੇਸ਼**

ਮਸੰਦ ਸੰਸਥਾ ਸਿੱਖ ਧਰਮ ਦੀਆਂ ਮਹਾਨ ਸੰਸਥਾਵਾਂ ਵਿੱਚੋਂ ਇੱਕ ਮਹੱਤਵਪੂਰਨ ਸੰਸਥਾ ਹੈ। ਇਸ ਸੰਸਥਾ ਦਾ ਆਰੰਭ ਚੌਥੇ ਗੁਰੂ ਰਾਮਦਾਸ ਜੀ ਨੇ ਕੀਤਾ। ਗੁਰੂ ਨਾਨਕ ਦੇਵ ਜੀ ਪ੍ਰਚਾਰ ਦੌਰਾਨ ਜਿੱਥੇ ਵੀ ਜਾਂਦੇ, ਉੱਥੇ ਹੀ ਸੰਗਤ ਨੂੰ ਸਥਾਪਿਤ ਕਰਦੇ। ਗੁਰੂ ਨਾਨਕ ਦੇਵ ਜੀ ਨੇ ਲੰਮਾਂ ਸਮਾਂ ਪ੍ਰਚਾਰ ਕਰਕੇ ਬਹੁਤ ਦੂਰ-ਦੂਰ ਤੱਕ ਨਾਨਕ ਨਾਮ ਲੇਵਾ ਸੰਗਤ ਸਥਾਪਿਤ ਕਰ ਦਿੱਤੀ। ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ ਦੇ ਸਮੇਂ ਤੱਕ ਸੰਗਤ ਵਿੱਚ ਕਾਫ਼ੀ ਵਾਧਾ ਹੋਇਆ। ਜਿਸ ਕਾਰਨ ਕੁੱਝ ਅਜਿਹੇ ਵਿਸ਼ੇਸ਼ ਕਾਰਜ ਕਰਨ ਦੀ ਲੋੜ ਸੀ ਕਿ ਦੂਰ-ਦੂਰ ਤੱਕ ਸੰਗਤ ਦੇ ਵਿੱਚ ਗੁਰੂ ਨਾਨਕ ਦੀ ਸਿੱਖਿਆ ਦਾ ਪ੍ਰਚਾਰ ਹੋ ਸਕੇ। ਗੁਰੂ ਅਮਰਦਾਸ ਜੀ ਜਿਨ੍ਹਾਂ ਨੇ ਬਿਰਧ ਸਰੀਰ ਦੇ ਵਿੱਚ ਗੁਰਗੱਦੀ ਸੰਭਾਲੀ ਅਤੇ ਸਰੀਰ ਬਜ਼ੁਰਗ ਹੋਣ ਕਾਰਨ ਥਾਂ-ਥਾਂ, ਦੂਰ-ਦੁਰਾਡੇ ਪ੍ਰਚਾਰ ਕਰਨਾ ਔਖਾ ਸੀ। ਜਿਸ ਕਾਰਨ ਗੁਰੂ ਜੀ ਨੇ ਮੰਜੀਆਂ ਦੀ ਸਥਾਪਨਾ ਕੀਤੀ। ਇਨ੍ਹਾਂ ਮੰਜੀਆਂ ਦੇ ਉੱਤੇ 22 ਮੰਜੀਦਾਰ ਨਿਯੁਕਤ ਕੀਤੇ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਮੰਜੀ ਤੋਂ ਭਾਵ ਹੈ-
‘‘ਛੋਟਾ ਮੰਜਾ”, ਗੁਰਦੁਆਰੇ ਦਾ ਉਹ (ਚਬੂਤਰਾ) ਜੋ ਗੁਰੂ ਸਾਹਿਬ ਦੇ ਬੈਠਣ ਦੀ ਥਾਂ ਸਨਮਾਨ ਵਾਸਤੇ ਬਣਾਇਆ ਹੈ। ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਆਪਣੇ ਸਿੱਖਾਂ ਵਿਚੋਂ 22 ਉੱਤਮ ਪ੍ਰਚਾਰਕ ਚੁਣ ਕੇ, ਉਨ੍ਹਾਂ ਨੂੰ ਮੰਜੀਆਂ (ਉਪਦੇਸ਼ਕ ਗੱਦੀਆਂ) ਬਖ਼ਸ਼ੀਆਂ, ਅਰਥਾਤ ਸਿੱਖ ਸਮਾਜ ਨੂੰ ਮਾਨਯੋਗ ਠਹਿਰਾਇਆ, ਭਾਈ ਸੰਤੋਖ ਸਿੰਘ ਅਨੁਸਾਰ-

ਦੈਵਿੰਸ਼ਤ ਦਿੱਲੀ ਉਮਰਾਇਣ।
ਤਿਤੇ ਸਿੱਖ ਮੰਜੀ ਸੁ ਬਠਾਇਣ।

**3.3 ਬਾਈ ਮੰਜੀਆਂ ਦੇ ਅਧਿਕਾਰੀ**

1. ਅੱਲਾ ਯਾਰ 2. ਸੱਚਨ ਸੱਚ 3. ਸਾਧਾਰਣ 4. ਸਾਵਣ ਮੱਲ 5. ਸੁੱਖਣ 6. ਹੰਦਾਲ 7. ਕੇਦਾਰੀ 8. ਖੇਡਾ 9. ਗੰਗੂਸ਼ਾਹ 10. ਦਰਬਾਰੀ 11. ਪਾਰੋ 12. ਫੇਰਾ 13. ਬੂਆ 14. ਬੇਣੀ 15. ਮਹੇਸਾ 16. ਮਾਈਦਾਸ 17. ਮਾਣਕਚੰਦ 18. ਮੁਰਾਰੀ 19. ਰਾਜਾਰਾਮ 20. ਰੰਗਸ਼ਾਹ 21. ਰੰਗਦਾਸ 22. ਲਾਲੋ

'ਮਹਾਨ ਕੋਸ਼' ਅਨੁਸਾਰ ਅੱਲ੍ਹਾ ਯਾਰ ਪਹਿਲਾ ਮੰਜੀਦਾਰ ਹੈ ਜਿਸ ਤੋਂ ਪਤਾ ਲੱਗਦਾ ਹੈ ਕਿ ਸਿੱਖ ਧਰਮ ਵਿੱਚ ਕੁੱਝ ਮੁਸਲਮਾਨ ਦਾਖ਼ਲ ਹੋ ਚੁੱਕੇ ਸਨ। 'ਸਿੱਖਾਂ ਦੀ ਭਗਤਮਾਲ' ਵਿੱਚ ਵੀ ਕਈ ਨਾਮ ਆਉਂਦੇ ਹਨ ਜਿਸ ਤੋਂ ਇਹ ਪਤਾ ਲੱਗਦਾ ਹੈ ਕਿ ''ਸੁਲਤਾਨੀਆਂ ਵਿੱਚੋਂ ਬਹੁਤ ਸਾਰੇ ਮੁਸਲਮਾਨ ਸਿੱਖ ਬਣੇ ਦੱਸੇ ਹਨ''। ਇਸ ਤਰ੍ਹਾਂ ਤੁਜ਼ਕ-ਏ-ਜਹਾਂਗੀਰੀ ਵਿੱਚ ਵੀ ਜਹਾਂਗੀਰ ਲਿਖਦਾ ਹੈ ਕਿ ਕੁੱਝ ਬੇਵਕੂਫ਼ ਮੁਸਲਮਾਨ ਸਿੱਖ ਗੁਰੂਆਂ ਵੱਲ ਆਕਰਸ਼ਿਤ ਹੋ ਗਏ ਹਨ। ਗੁਰੂ ਅਰਜਨ ਸਾਹਿਬ ਦਾ ਅਕਬਰ ਕੋਲੋਂ ਮਾਲੀਆ ਮੁਆਫ਼ ਕਰਾਉਣ ਨਾਲ ਮੁਸਲਮਾਨਾਂ ਨੂੰ ਕਾਫ਼ੀ ਫ਼ਾਇਦਾ ਹੋਇਆ ਸੀ। ਇਸੇ ਕਰਕੇ ਜਹਾਂਗੀਰ ਇਹ ਲਿਖਦਾ ਹੈ। ਮੰਜੀਦਾਰਾਂ ਵਿੱਚ ਇੱਕ ਮੁਸਲਮਾਨ ਦਾ ਹੋਣਾ ਇਹ ਸਿੱਧ ਕਰਦਾ ਹੈ ਕਿ ਮਸੰਦਾਂ ਵਿੱਚ ਵੀ ਮੁਸਲਮਾਨ ਹੋਣਗੇ ਜੋ ਸਰਕਾਰ ਦੀ ਪਾਲਿਸੀ ਕਾਰਨ ਪਿੱਛੇ ਹਟ ਗਏ ਹੋਣਗੇ। ਸ਼ਾਇਦ ਇਸੇ ਕਰਕੇ ਹੀ ਗੁਰੂ ਅਰਜਨ ਸਾਹਿਬ ਨੇ ਸ੍ਰੀ ਦਰਬਾਰ ਸਾਹਿਬ ਦੀ ਨੀਂਹ ਸਾਂਈ ਮੀਆਂ ਮੀਰ ਕੋਲੋਂ ਰਖਵਾਈ ਹੋਵੇਗੀ। ਜੇਕਰ ਜਹਾਂਗੀਰ ਗ਼ਲਤ ਰਿਪੋਰਟਾਂ ਤੇ ਗੁਰੂ ਅਰਜਨ ਸਾਹਿਬ ਨੂੰ ਸ਼ਹੀਦ ਨਾ ਕਰਦਾ ਤਾਂ ਪੰਜਾਬ ਦਾ ਇਤਿਹਾਸ ਹੋਰ ਹੀ ਹੋਣਾ ਸੀ।

ਇਹ 22 ਮੰਜੀਦਾਰ ਸਿੱਖ ਧਰਮ ਦੇ ਪ੍ਰਚਾਰ ਤੇ ਪ੍ਰਸਾਰ ਦੇ ਲਈ ਨਿਯੁਕਤ ਕੀਤੇ ਗਏ। ਗੁਰੂ ਰਾਮਦਾਸ ਪਾਤਸ਼ਾਹ ਜਦੋਂ ਗੁਰਗੱਦੀ ਉੱਪਰ ਬਿਰਾਜਮਾਨ ਹੋਏ ਤਾਂ ਗੁਰੂ ਜੀ ਨੇ ਆਪਣਾ ਕੇਂਦਰ ਅੰਮ੍ਰਿਤਸਰ ਨੂੰ ਬਣਾ ਲਿਆ। ਦੂਰ-ਦੂਰ ਤੱਕ ਸਿੱਖ ਗੁਰੂ ਜੀ ਦੇ ਨਾਲ ਜੁੜਨੇ ਸ਼ੁਰੂ ਹੋ ਗਏ। ਗੁਰੂ ਜੀ ਨੇ ਸਮਾਜ ਦੀ ਭਲਾਈ ਦੀ ਖ਼ਾਤਿਰ ਕਈ ਉਸਾਰੀਆਂ ਕਰਾਉਣ ਦਾ ਕੰਮ ਵੀ ਆਰੰਭ ਕਰ ਦਿੱਤਾ। ਦੂਸਰੇ ਪਾਸੇ ਲੰਗਰ ਸੰਸਥਾ ਤੇ ਹੋਰ ਕਈ ਕਾਰਜ ਜੋ ਗੁਰੂ ਨਾਨਕ ਸਾਹਿਬ ਤੋਂ ਹੀ ਆਰੰਭ ਹੋਏ ਸਨ ਤੇ ਹੁਣ ਉਨ੍ਹਾਂ ਦਾ ਕਾਫ਼ੀ ਵਿਕਾਸ ਹੋ ਚੁੱਕਾ ਸੀ। ਇਨ੍ਹਾਂ ਕਾਰਜਾਂ ਨੂੰ ਹੋਰ ਪ੍ਰਫੁੱਲਤ ਕਰਨ ਦੇ ਲਈ ਮਾਇਆ, ਰਸਦ ਆਦਿ ਲੋੜੀਂਦੀ ਸੀ। ਇਨ੍ਹਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਦਿਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਸੰਸਥਾ ਦਾ ਆਰੰਭ ਕੀਤਾ। ਇਹ ਇੱਕ ਪ੍ਰਚਾਰ ਦੇ ਤੌਰ ਤੇ ਗੁਰੂ ਅਮਰਦਾਸ ਜੀ ਦੀ ਚਲਾਈ ਮੰਜੀ ਪ੍ਰਥਾ ਦਾ ਵਿਕਸਿਤ ਰੂਪ ਸੀ।

'ਮਸੰਦ' ਸ਼ਬਦ ਜੋ ਕਿ ਫ਼ਾਰਸੀ ਦਾ ਮੂਲ ਸ਼ਬਦ 'ਮਸਨਦ' ਤੋਂ ਬਣਿਆ ਹੈ। ਮਹਾਨ ਕੋਸ਼ ਅਨੁਸਾਰ, ਮਸਨਦ (ਗੱਦੀ) ਨਾਲ ਸੰਬੰਧ ਰੱਖਣ ਵਾਲਾ। ਜੋ ਲੋਕ ਸਿੱਖਾਂ ਤੋਂ ਦਸੌਂਧ ਅਤੇ ਕਾਰ ਭੇਟਾ ਉਗਰਾਹੁੰਦੇ ਅਤੇ ਸਿੱਖੀ ਦਾ ਪ੍ਰਚਾਰ ਕਰਦੇ, ਉਹ ਮਸੰਦ ਕਹੇ ਜਾਂਦੇ ਸਨ। ਡਾ: ਸੁਖਦਿਆਲ ਸਿੰਘ ਆਪਣੀ ਪੁਸਤਕ ਵਿੱਚ ਲਿਖਦੇ ਹਨ ਕਿ ਭਾਵੇਂ ਮਸੰਦ ਸ਼ਬਦ ਇੱਕ ਐਸੀ ਬਾਕਾਇਦਾ ਪ੍ਰਣਾਲੀ ਨੂੰ ਦਰਸਾਉਂਦਾ ਹੈ ਜਿਹੜੀ ਸਰਕਾਰੀ ਜਾਂ ਬਾਦਸ਼ਾਹੀ ਢਾਂਚੇ ਅਨੁਸਾਰ ਚਲਾਈ ਜਾਂਦੀ ਸੀ

ਕਿਉਂਕਿ 'ਮਸਨਦ' ਸ਼ਬਦ ਜਿਸ ਤੋਂ 'ਮਸੰਦ' ਸ਼ਬਦ ਪ੍ਰਚੱਲਿਤ ਹੋਇਆ ਹੈ, ਬਾਦਸ਼ਾਹ ਆਪਣੇ ਨੁਮਾਇੰਦਿਆਂ ਨੂੰ ਦਰਸਾਉਂਦਾ ਹੈ। ਉਹ ਸਿੱਧਾ ਬਾਦਸ਼ਾਹ ਦੇ ਅਧੀਨ ਹੁੰਦੇ ਸਨ ਅਤੇ ਬਾਦਸ਼ਾਹ ਦੇ ਹੁਕਮਾਂ ਜਾਂ ਆਦੇਸ਼ਾਂ ਨੂੰ ਨਿਯਤ ਅਦਾਰੇ ਤੀਕ ਪਹੁੰਚਾਉਂਦੇ ਸਨ। ਇਨ੍ਹਾਂ ਨੂੰ ਮਸਨਦ-ਏ-ਅਲੀ ਵੀ ਕਿਹਾ ਜਾਂਦਾ ਸੀ ਜਿਸ ਤੋਂ ਭਾਵ ਹੈ ਅਲੀ ਦਾ ਨੁਮਾਇੰਦਾ। 'ਅਲੀ' ਸ਼ਬਦ ਹਾਕਮ ਜਾਂ ਬਾਦਸ਼ਾਹ ਦਾ ਪ੍ਰਤੀਕ ਹੈ। ਮਸੰਦ, ਮਸਨਦ ਜਾਂ 'ਮਸਨਦ-ਏ-ਗੁਰੂ' ਤੋਂ ਪੰਜਾਬੀ ਵਿੱਚ ਸੰਖੇਪ ਹੋਇਆ ਰੂਪ ਹੈ, ਇੱਥੇ ਇਹ ਗੱਲ ਤਾਂ ਸਪੱਸ਼ਟ ਹੁੰਦੀ ਹੈ ਕਿ ਮਸੰਦ ਗੁਰੂ ਦੁਆਰਾ ਸਥਾਪਿਤ ਸਤਿਕਾਰਤ ਸ਼ਖ਼ਸੀਅਤਾਂ ਸਨ। ਇਹ ਮਸੰਦ ਉੱਚੇ ਆਚਰਣ ਵਾਲੇ, ਦਿਆਨਤਦਾਰ ਤੇ ਬੜੇ ਉਤਸ਼ਾਹੀ ਲੋਕ ਹੁੰਦੇ ਸਨ। ਪ੍ਰਿੰ. ਸਤਿਬੀਰ ਸਿੰਘ ਅਨੁਸਾਰ ਮਸੰਦ ਪ੍ਰਥਾ ਨੂੰ ਸਥਾਪਤ ਕਰਨ ਪਿੱਛੇ ਕੁਝ ਮੁੱਖ ਕਾਰਨ ਸਨ। ਉਨ੍ਹਾਂ ਅਨੁਸਾਰ ਗੁਰੂ ਅਮਰਦਾਸ ਜੀ ਨੇ ਸੁਚੱਜੇ ਸਿੱਖਾਂ ਦੇ ਹੱਥ 22 ਮੰਜੀਆਂ ਦੀ ਕਮਾਨ ਦਿੱਤੀ ਸੀ। ਪਰ ਸਮੱਸਿਆ ਇਹ ਆ ਰਹੀ ਸੀ ਕਿ ਆਪੋ-ਆਪਣੇ ਇਲਾਕਿਆਂ ਵਿੱਚੋਂ ਸਿੱਖੀ ਪ੍ਰਚਾਰ ਨੂੰ ਛੱਡ ਕੇ ਵਾਰ-ਵਾਰ ਗੁਰੂ ਸਾਹਿਬ ਕੋਲ ਆਉਣਾ ਮੁਸ਼ਕਿਲ ਹੋ ਜਾਂਦਾ ਸੀ ਜਿਸ ਕਾਰਨ ਸਿੱਖ ਸੰਗਤਾਂ ਦੇ ਹਾਲਾਤ ਬਾਰੇ ਵੇਲੇ ਸਿਰ ਖ਼ਬਰ ਗੁਰੂ ਸਾਹਿਬ ਤੱਕ ਨਹੀਂ ਪੁੱਜਦੀ ਸੀ ਨਾਲ ਹੀ ਸੰਗਤਾਂ ਵਲੋਂ ਦਿੱਤੀ ਜਾਂਦੀ ਭੇਟਾ ਵੀ ਸਮੇਂ ਸਿਰ ਪਹੁੰਚ ਨਹੀਂ ਰਹੀ ਸੀ ਪਰ ਦੂਸਰੇ ਪਾਸੇ ਲੰਗਰ ਤੇ ਉਸਾਰੀ ਦੇ ਕੰਮ ਦਿਨੋ ਦਿਨ ਵੱਧ ਰਹੇ ਸਨ ਇਸੇ ਕਾਰਨ ਗੁਰੂ ਰਾਮਦਾਸ ਜੀ ਦੀ ਦੂਰ ਦ੍ਰਿਸ਼ਟੀ ਨੇ ਇਕ ਨਵੀਂ ਵਿਉਂਤਬੰਦੀ ਕੀਤੀ ਕਿ ਮੰਜੀਆਂ ਦੇ ਪ੍ਰਚਾਰਕਾਂ ਨੂੰ ਆਪੋ-ਆਪਣੇ ਇਲਾਕਿਆਂ ਵਿੱਚ ਪ੍ਰਚਾਰ ਕਰਨ ਦਿੱਤਾ ਜਾਵੇ ਤੇ ਇਕ ਨਵੀਂ ਸੰਸਥਾ ਮਸੰਦ ਪ੍ਰਥਾ ਸ਼ੁਰੂ ਕੀਤੀ ਜਾਵੇ ਜੋ ਕਿ ਸਿੱਖੀ ਦੇ ਨਵੇਂ ਖਿਆਲਾਂ ਤੋਂ ਜਾਣੂ ਹੋਵੇ ਲੰਗਰ ਅਤੇ ਉਸਾਰੀ ਦੇ ਕੰਮਾਂ ਲਈ ਮਾਇਕ ਸਹਾਇਤਾ ਸਮੇਂ ਸਿਰ ਪਹੁੰਚਾ ਸਕਣ। ਸਿੱਖ ਪ੍ਰਚਾਰਕ ਜੋ ਗੁਰੂ ਸਾਹਿਬ ਦੇ ਪ੍ਰਤੀਨਿਧੀ ਸਨ, ਉਨ੍ਹਾਂ ਨੂੰ ਸੰਗਤ ਵਿੱਚ ਉੱਚੇ ਆਸਣਾਂ ਜਾਂ ਗੱਦੀ ਉੱਤੇ ਬਿਠਾਇਆ ਜਾਂਦਾ ਸੀ। ਜਿੱਥੇ ਬੈਠਕੇ ਉਹ ਸਿੱਖੀ ਦਾ ਸੰਦੇਸ਼ ਦਿੰਦੇ ਸਨ। ਗੋਕਲ ਚੰਦ ਨਾਰੰਗ ਅਨੁਸਾਰ ਹਰੇਕ ਮਸੰਦ ਦਾ ਕਰਤੱਵ ਸੀ ਕਿ ਉਹ ਗੁਰੂ ਦੀਆਂ ਭੇਟਾਵਾਂ ਉਗਰਾਹ ਕੇ ਵਿਸਾਖੀ ਦੇ ਦਿਵਸ ਤੇ ਅੰਮ੍ਰਿਤਸਰ ਵਿਖੇ ਗੁਰੂ ਸਾਹਿਬ ਨੂੰ ਭੇਟਾ ਕਰੇ ਜਦੋਂ ਕਿ ਗੁਰੂ ਸਾਹਿਬ ਇੱਕ ਭਾਰੀ ਦਰਬਾਰ ਕਰਦੇ ਸਨ ਜਿਸ ਵਿੱਚ ਸਾਰੇ ਪਤਵੰਤੇ ਸਿੱਖ ਸ਼ਾਮਿਲ ਹੁੰਦੇ ਸਨ।

ਇਹ ਮਸੰਦ ਉਹ ਵਿਅਕਤੀ ਸਨ ਜੋ ਵੱਖ-ਵੱਖ ਇਲਾਕਿਆਂ ਵਿਚ ਗੁਰੂ ਸਾਹਿਬ ਦੁਆਰਾ ਪ੍ਰਚਾਰਕ ਵਜੋਂ ਨਿਯੁਕਤ ਸਨ। ਇਹ ਪ੍ਰਚਾਰਕ ਆਪੋ-ਆਪਣੇ ਇਲਾਕੇ ਦੇ ਮੁਖੀ ਸਨ। ਗੁਰੂ ਸਾਹਿਬ ਦਾ ਸੰਦੇਸ਼ ਸਭ ਤੋਂ ਪਹਿਲਾਂ ਇਨ੍ਹਾਂ ਮਸੰਦਾਂ ਨੂੰ ਪਹੁੰਚਦਾ ਅਤੇ ਬਾਅਦ ਵਿਚ ਇਨ੍ਹਾਂ ਮਸੰਦਾਂ ਦੁਆਰਾ ਆਪਣੇ ਇਲਾਕੇ ਦੀ ਸੰਗਤ ਨੂੰ। ਭਾਵ ਕਿ ਹਰ ਇਲਾਕੇ ਦੀ ਸੰਗਤ ਆਪਣੇ ਇਲਾਕੇ ਦੇ ਮਸੰਦ ਰਾਹੀਂ ਗੁਰੂ ਸਾਹਿਬ ਨਾਲ ਜੁੜੀ ਹੁੰਦੀ ਸੀ। ਇਹ ਮਸੰਦ ਗੁਰੂ ਸਾਹਿਬ ਦੇ ਭਰੋਸੇਯੋਗ ਸ਼ਰਧਾਲੂ ਹੁੰਦੇ ਸਨ ਜਿਸ ਰਾਹੀਂ ਸਿੱਖੀ ਪ੍ਰਚਾਰ-ਪ੍ਰਸਾਰ ਅਤੇ ਆਰਥਿਕਤਾ ਦਾ ਕੰਮ ਸਫਲਤਾ ਪੂਰਵਕ ਚਲਦਾ ਰਹਿੰਦਾ ਸੀ।

'ਦਬਿਸਤਾਨ ਮੁਜ਼ਾਹਿਬ' ਜੋ ਕਿ ਗੁਰੂ ਸਾਹਿਬਾਨ ਦੀ ਸਮਕਾਲੀ ਲਿਖਤ ਹੈ ਉਸ ਵਿੱਚ ਵੀ ਮਸੰਦ ਸੰਸਥਾ ਬਾਰੇ ਵੇਰਵਾ ਪ੍ਰਾਪਤ ਹੁੰਦਾ ਹੈ। ਇਸ ਫ਼ਾਰਸੀ ਲਿਖਤ ਦਾ ਤਰਜ਼ਮਾ ਅੰਗਰੇਜ਼ੀ ਵਿੱਚ ਜੋ ਕਿ ਕਿਤਾਬ 'Punjab Past And Present' ਵਿੱਚ 'Nanak Panthis' ਦੇ ਰੂਪ ਵਿੱਚ ਹੋਇਆ ਹੈ। ਇਸ ਦੇ ਵਿੱਚ ਲਿਖਿਆ ਮਿਲਦਾ ਹੈ ਕਿ-

''Every year according to the extract of the money earned by them, they send (their dues) to the Masands in the form of offering. The Masand do not touch (that is they do not appropriate it to their own use). Other than this, whatever they bring, during the year, for the Masand for conveying their Bhet to the court of the Guru, is spent for himself, if the Masand has no other means of livelihood. But if he himself is engaged in some business or profession, he never soils himself by the offering (of the Sikhs). Collecting all (the offerings), he conveys them to the Guru.''

ਦਬਿਸਤਾਨ ਮੁਜ਼ਾਹਿਬ ਦੇ ਕਰਤੇ ਦੇ ਮੁਤਾਬਿਕ ਮਸੰਦ ਪੂਰਨ ਤੌਰ ਤੇ ਗੁਰੂ ਨੂੰ ਸਮਰਪਿਤ ਸਨ। ਉਹ ਸੰਗਤਾਂ ਲਈ ਗੁਰੂ ਲਈ ਦਿੱਤੀਆਂ ਹੋਈਆਂ ਭੇਟਾਵਾਂ ਨੂੰ ਆਪਣੇ ਨਿੱਜੀ ਹਿੱਤਾਂ ਖ਼ਾਤਰ ਨਹੀਂ ਸਨ ਵਰਤਦੇ, ਸਗੋਂ ਸਾਲ ਵਿੱਚ ਇੱਕ ਵਾਰ ਆ ਕੇ ਗੁਰੂ ਨੂੰ ਭੇਟਾ ਕਰ ਦਿੰਦੇ ਸਨ।

ਦਬਿਸਤਾਨ ਦਾ ਕਰਤਾ ਇਹ ਵੀ ਲਿਖਦਾ ਹੈ ਕਿ ਮਸੰਦਾਂ ਨੂੰ ''ਰਾਮਦਾਸ'' ਭੀ ਆਖਿਆ ਜਾਂਦਾ ਸੀ ਕਿਉਂਕਿ ਮਸੰਦਾਂ ਨੂੰ ਗੁਰੂ ਰਾਮਦਾਸ ਜੀ ਨੇ ਸਥਾਪਿਤ ਕੀਤਾ ਸੀ ਤੇ ਉਹ ਗੁਰੂ ਰਾਮਦਾਸ ਜੀ ਦੇ ਪ੍ਰਤੀਨਿਧ ਹੋ ਕੇ ਸੰਗਤਾਂ ਕੋਲ ਜਾਂਦੇ ਸਨ। ਇਸ ਕਰਕੇ ਉਨ੍ਹਾਂ ਨੂੰ 'ਰਾਮਦਾਸ' ਵੀ ਕਿਹਾ ਜਾਂਦਾ ਸੀ। ਵਿਸਾਖੀ ਦੇ ਸਮੇਂ ਤੇ ਜਦੋਂ ਮਸੰਦ ਕਾਰ ਭੇਟਾ ਲੈ ਕੇ ਆਉਂਦੇ ਸਨ ਤਾਂ ਗੁਰੂ ਅਰਜਨ ਸਾਹਿਬ ਉਨ੍ਹਾਂ ਨੂੰ ਵਿਦਾ ਕਰਨ ਲੱਗਿਆਂ ਦਸਤਾਰ ਜਾਂ ਪੱਗੜੀ ਦੀ ਬਖ਼ਸ਼ਿਸ਼ ਕਰਦੇ ਸਨ। ਭਾਈ ਸੰਤੋਖ ਸਿੰਘ ਨੇ ਗੁਰੂ ਰਾਮਦਾਸ ਜੀ ਤੇ ਪ੍ਰਿਥੀ ਚੰਦ ਵਿਚਕਾਰ ਵਾਰਤਾਲਾਪ ਵਿੱਚ ਮਸੰਦਾਂ ਦਾ ਜ਼ਿਕਰ ਕੀਤਾ ਹੈ:-

ਅਖਲ ਮਸੰਦਨ ਤੇ ਸਭਿ ਕਾਰ। ਰਹਜੈ ਸੰਭਾਰਤਿ ਸਰਬ ਪ੍ਰਕਾਰ।

ਦੇਗ ਕਰਨ ਕੀ ਕਾਰ ਚਲਾਈ। ਇੱਤਜਾਦਿਕ ਮੈਂ ਸੇਵ ਕਮਾਈ॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਾਸ ਦੂਜੀ, ਅੰਸੂ 23)

ਭਾਵੇਂ ਕਿ ਇਹ ਪ੍ਰਸੰਗ ਗੁਰਗੱਦੀ ਸਮੇਂ ਹੋਈ ਵਾਰਤਾਲਾਪ ਨੂੰ ਦਰਸਾਉਂਦਾ ਹੈ ਪਰ ਇੱਥੇ ਪੂਰਨ ਨਿਸ਼ਚਾ ਹੁੰਦਾ ਹੈ ਕਿ ਮਸੰਦ ਸੰਸਥਾ ਗੁਰੂ ਰਾਮਦਾਸ ਜੀ ਵੇਲੇ ਮੌਜੂਦ ਸੀ, ਇਨਸਾਈਕਲੋਪੀਡੀਆ ਆੱਫ਼ ਸਿੱਖ ਇਜ਼ਮ ਵਿੱਚ ਅੰਕਿਤ ਹੈ ਕਿ ਮਸੰਦ ਪ੍ਰਥਾ ਗੁਰੂ ਅਰਜਨ ਸਾਹਿਬ ਨੇ ਆਰੰਭ ਕੀਤੀ। ਅਸੀਂ ਇਸਨੂੰ ਇਸ ਤਰ੍ਹਾਂ ਕਹਿ ਸਕਦੇ ਹਾਂ ਕਿ ਮਸੰਦ ਪ੍ਰਥਾ ਗੁਰੂ ਰਾਮਦਾਸ ਜੀ ਵੇਲੇ ਆਰੰਭ ਹੋਈ ਤੇ ਗੁਰੂ ਅਰਜਨ ਦੇਵ ਜੀ ਦੇ ਸਮੇਂ ਪੂਰੀ ਤਰ੍ਹਾਂ ਵਿਕਸਿਤ ਹੋਈ। ਪਿਛਲੇਰੇ ਤੌਰ 'ਤੇ ਆਰੰਭ ਤਾਂ ਗੁਰੂ ਅਮਰਦਾਸ ਜੀ ਨੇ ਹੀ ਕਰ ਦਿੱਤਾ ਸੀ ਹੋਰ ਵਿਕਸਿਤ ਰੂਪ ਗੁਰੂ ਰਾਮਦਾਸ ਜੀ ਨੇ ਦਿੱਤਾ ਤੇ ਨਾਮ 'ਮਸੰਦ' ਦੇ ਦਿੱਤਾ। ਡਾ: ਹਰਜਿੰਦਰ ਸਿੰਘ ਦਿਲਗੀਰ ਆਪਣੀ ਪੁਸਤਕ 'The Sikh Reference Book' ਵਿੱਚ ਲਿਖਦੇ

ਹਨ ਕਿ ਇਸ ਦਾ ਆਰੰਭ ਗੁਰੂ ਅਮਰਦਾਸ ਜੀ ਨੇ ਕਰ ਦਿੱਤਾ ਸੀ ਪਰ ਪੂਰਨ ਸੰਸਥਾਗਤ ਰੂਪ ਗੁਰੂ ਰਾਮਦਾਸ ਜੀ ਨੇ ਕੀਤਾ। ਨਾਲ ਹੀ ਉਹ ਇਹ ਵੀ ਲਿਖਦੇ ਹਨ ਕਿ ਇਹ ਮਸੰਦ ਗੁਰੂ ਦਾ ਸੰਦੇਸ਼-ਵਾਹਕ ਸਨ। ਇਹ ਇੱਕ ਸੇਵਾਦਾਰ ਦੇ ਤੌਰ ’ਤੇ ਗੁਰੂ ਦੀਆਂ ਸਿੱਖਿਆਵਾਂ ਲੋਕਾਂ ਤੱਕ ਪਹੁੰਚਾਉਂਦੇ ਸਨ।

‘‘In Sikhism, Masand system was started by Guru Amardas but it was institutionalized by Guru Ramdas sahib. The Masands were the sewadar messengers of Guru sahib. Their duties were missionary as well as organizational. They were appointed to give the massage of Guru sahib to the Sikhs and to collect and offerings from the Sikhs to be made over to Guru sahib. They were just sewadar and lectures about sikh history.

ਗੁਰੂ ਰਾਮਦਾਸ ਜੀ ਦੇ ਸਮੇਂ ਹੋਈ ਮਸੰਦ ਸੰਸਥਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਸੁਚਾਰੂ ਢੰਗ ਨਾਲ ਚਲਦੀ ਰਹੀ। ਬਹੁਤਾਤ ਗਿਣਤੀ ਵਿਚ ਮਸੰਦ (ਕੁੱਝ ਕੁ ਮਸੰਦਾਂ ਨੂੰ ਛੱਡ ਕੇ) ਸਿੱਖੀ ਦਾ ਪ੍ਰਚਾਰ-ਪ੍ਰਸਾਰ ਕਰਦੇ ਰਹੇ ਅਤੇ ਇਮਾਨਦਾਰੀ ਨਾਲ ਸੰਗਤ ਦੁਆਰਾ ਭੇਜੀ ਗਈ ਕਾਰ-ਭੇਟਾ ਗੁਰੂ ਸਾਹਿਬ ਤੱਕ ਪਹੁੰਚਾਉਂਦੇ ਰਹੇ। ਸਿੱਖ ਇਤਿਹਾਸ ਵਿਚ ਮਸੰਦਾਂ ਦੇ ਉੱਚ ਜੀਵਨ ਸੰਬੰਧੀ ਇਕ ਛੋਟਾ ਜਿਹਾ ਵਾਰਤਾਲਾਪ ਪ੍ਰਾਪਤ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੇ ਸਮੇਂ ਦੇ ਮਸੰਦ ਭਾਈ ਅਜਬ ਅਜਾਇਬ ਕੋਲੋਂ ਕਿਸੇ ਨੇ ਪੁੱਛਿਆ ਕਿ ਉਹ ਸੰਗਤਾਂ ਦੁਆਰਾ ਦਿੱਤੀ ਗਈ ਗੁਰੂ ਦੀ ਭੇਟਾ ਨੂੰ ਕਿਹੋ ਜਿਹਾ ਸਮਝਦੇ ਹਨ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਸੰਗਤ ਦੁਆਰਾ ਗੁਰੂ ਸਾਹਿਬ ਲਈ ਭੇਜੀ ਗਈ ਭੇਟਾ ਨੂੰ ਵਰਤਣਾ ਉਨ੍ਹਾਂ ਲਈ ਜ਼ਹਿਰ ਦੇ ਸਮਾਨ ਹੈ। ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਲਈ ਆਪਣੀ ਕਮਾਈ ਦਾ ਦਸਵੰਧ (ਦਸਵਾਂ ਹਿੱਸਾ) ਕੱਢ ਕੇ ਗੁਰੂ ਘਰ ਨੂੰ ਦੇਣਾ ਜ਼ਰੂਰੀ ਕਰ ਦਿੱਤਾ ਸੀ। ਸਿੱਖੀ ਸਿਦਕ ਨੂੰ ਸਮਰਪਿਤ ਇਨ੍ਹਾਂ ਇਮਾਨਦਾਰ ਮਸੰਦਾਂ ਸਦਕਾ ਗੁਰੂ ਅਰਜਨ ਸਾਹਿਬ ਦੁਆਰਾ ਨਗਰਾਂ ਦੀ ਉਸਾਰੀ ਅਤੇ ਗੁਰੂ ਘਰ ਦੇ ਕਈ ਅਹਿਮ ਕਾਰਜ ਸਫਲਤਾ ਪੂਰਵਕ ਚਲਦੇ ਰਹੇ ਕਿਉਂਕਿ ਮਸੰਦਾਂ ਦੁਆਰਾ ਸਿੱਖ ਸੰਗਤਾਂ ਦੇ ਪਹੰੁਚ ਰਹੇ ਬੇਅੰਤ ਧਨ ਕਾਰਨ ਗੁਰੂ ਘਰ ਵਿਚ ਆਰਥਿਕ ਪੱਖੋਂ ਕਿਸੇ ਪ੍ਰਕਾਰ ਦੀ ਕਮੀ ਨਹੀਂ ਸੀ।

### 3.4 ਮਸੰਦਾਂ ਦਾ ਪਤਨ

ਮਸੰਦ ਸੰਸਥਾ ਇਸੇ ਤਰ੍ਹਾਂ ਹੀ ਬਾਕੀ ਅਗਲੇ ਗੁਰੂ ਸਾਹਿਬਾਨ ਵੀ ਚਲਾਉਂਦੇ ਰਹੇ। ਜਿਵੇਂ-ਜਿਵੇਂ ਸਿੱਖ ਸਮਾਜ ਦੇ ਵਿੱਚ ਵਾਧਾ ਹੁੰਦਾ ਗਿਆ ਉਸੇ ਤਰ੍ਹਾਂ ਹੀ ਸੰਗਤਾਂ ਦੀਆਂ ਸੇਵਾਵਾਂ ਵੀ ਵਧਦੀਆਂ ਗਈਆਂ। ਸਮਾਂ ਅਜਿਹਾ ਆ ਗਿਆ ਕਿ ਮਸੰਦ ਭ੍ਰਿਸ਼ਟ ਹੋ ਗਏ। ਉਹ ਗੁਰੂ ਘਰ ਦੀਆਂ ਭੇਟਾਵਾਂ ਨੂੰ ਨਿੱਜੀ ਹਿੱਤਾਂ ਖ਼ਾਤਰ ਵਰਤਣ ਲੱਗ ਪਏ। ਗੁਰੂ ਦਰਬਾਰ ਦੇ ਵਿੱਚ ਇਨ੍ਹਾਂ ਮਸੰਦਾਂ ਪ੍ਰਤੀ ਸ਼ਿਕਾਇਤਾਂ ਆਉਣੀਆਂ ਸ਼ੁਰੂ ਹੋ ਗਈਆਂ। ਮਸੰਦ ਗੁਰੂ ਘਰ ਦੇ ਸ਼ਰਧਾਲੂ ਸਿੱਖਾਂ ਨੂੰ ਡਰਾ ਧਮਕਾ ਕੇ, ਦੁਰਬਚਨ ਅਤੇ ਸ਼ਰਾਪ ਦੇ ਡਰਾਵੇ ਦੇ ਕੇ, ਗੁਰੂ ਪਾਤਸ਼ਾਹ ਦਾ ਵਾਸਤਾ ਪਾ ਕੇ ਆਪਣਾ ਘਰ ਭਰਨ ਲੱਗ ਪਏ ਸਨ। ਸਿੱਖ ਇਤਿਹਾਸ ਵਿੱਚ ਅਜਿਹੀਆਂ ਘਟਨਾਵਾਂ ਪ੍ਰਾਪਤ ਹੋ ਜਾਂਦੀਆਂ ਹਨ ਜਿਨ੍ਹਾਂ ਤੋਂ ਸਿਧ ਹੋ ਜਾਂਦਾ ਹੈ ਕਿ ਬਹੁਤ ਸਾਰੇ

ਮਸੰਦ ਸੰਗਤ ਦਾ ਪੈਸਾ ਖਾ ਕੇ ਭ੍ਰਿਸ਼ਟ ਹੋਈ ਬੁੱਧੀ ਕਾਰਨ ਗੁਰੂ ਸਾਹਿਬਾਨ ਲਈ ਵੀ ਬੇਪਰਵਾਹੀ ਵਾਲਾ ਵਤੀਰਾ ਕਰਨ ਲੱਗ ਪਏ ਸਨ। ਇਹ ਵਤੀਰਾ ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਂਣ ਤੋਂ ਬਾਅਦ ਹੀ ਵਿਖਾਈ ਦੇਣ ਲੱਗ ਪਿਆ ਸੀ।

ਇਸ ਸੰਬੰਧੀ ਪਹਿਲੀ ਘਟਨਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਪ੍ਰਾਪਤ ਹੁੰਦੀ ਹੈ ਜਦੋਂ ਬਹੁਤ ਸਾਰੇ ਲਾਲਚੀ ਮਸੰਦ ਗੁਰੂ ਸਾਹਿਬ ਦੇ ਵੱਡੇ ਭਰਾ ਪ੍ਰਿਥੀ ਚੰਦ ਨਾਲ ਮਿਲ ਕੇ ਗੁਰੂ ਅਰਜਨ ਦੇਵ ਜੀ ਦੇ ਖਿਲਾਫ ਹੋਣ ਵਾਲੀਆਂ ਸਾਜ਼ਿਸ਼ਾਂ ਦੇ ਭਾਗੀਦਾਰ ਬਣ ਗਏ। ਪ੍ਰਿਥੀ ਚੰਦ ਨੇ ਬਹੁਤ ਸਾਰੇ ਮਸੰਦਾਂ ਨੂੰ ਆਪਣੇ ਨਾਲ ਮਿਲਾ ਕੇ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਆਉਣ ਵਾਲੀ ਸੰਗਤ ਨੂੰ ਭਰਮਾ ਕੇ ਉਨ੍ਹਾਂ ਦੀ ਕਾਰ ਭੇਟਾ ਆਪ ਇਕੱਠੀ ਕਰਨ ਦਾ ਕੰਮ ਸ਼ੁਰੂ ਕਰ ਲਿਆ। ਇਸ ਦਾ ਨਤੀਜਾ ਇਹ ਹੋਇਆ ਕਿ ਸੰਗਤ ਦਾ ਦਸਵੰਧ ਗੁਰੂ ਘਰ ਨਾ ਪਹੁੰਚਦਾ। ਦਸਵੰਧ ਦੀ ਕਮੀ ਕਾਰਨ ਲੰਗਰ ਵੀ ਮਸਤਾਨੇ ਹੋਣ ਲੱਗ ਪਏ। ਗੁਰੂ ਅਰਜਨ ਦੇਵ ਜੀ ਰੱਬੀ ਭਾਣੇ ਵਿੱਚ ਰਹਿ ਕੇ ਕਿਸੇ ਨੂੰ ਕੁੱਝ ਕਹਿਣ ਦੀ ਥਾਂ ਇਹ ਸਭ ਕੁੱਝ ਬਰਦਾਸ਼ਤ ਕਰਦੇ ਰਹੇ। ਆਗਰੇ ਤੋਂ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਪਹੁੰਚਣ ਤੇ ਭਾਈ ਗੁਰਦਾਸ ਜੀ ਨੇ ਲੰਗਰ ਦੀ ਇਹ ਹਾਲਤ ਵੇਖੀ ਤਾਂ ਉਨ੍ਹਾਂ ਨੇ ਬਾਬਾ ਬੁੱਢਾ ਜੀ ਅਤੇ ਮੁਖ ਸਿੱਖਾਂ ਨੂੰ ਨਾਲ ਲੈ ਕੇ ਅੰਮ੍ਰਿਤਸਰ ਆਉਣ ਵਾਲੀ ਸੰਗਤ ਨੂੰ ਪ੍ਰਿਥੀ ਚੰਦ ਅਤੇ ਭ੍ਰਿਸ਼ਟ ਮਸੰਦਾਂ ਦੀ ਕਰਤੂਤ ਤੋਂ ਜਾਣੂ ਕਰਵਾਇਆ। ਜਿਸ ਦੇ ਸਿੱਟੇ ਵਜੋਂ ਇਹ ਵਿਗੜੇ ਹੋਏ ਹਾਲਾਤ ਪਹਿਲਾਂ ਵਾਂਗ ਹੀ ਹੋ ਗਏ। ਇਸ ਘਟਨਾਂ ਤੋਂ ਬਾਅਦ ਮਸੰਦਾਂ ਦੇ ਪਤਨ ਦੇ ਸੰਕੇਤ ਪ੍ਰਾਪਤ ਹੋਣੇ ਸ਼ੁਰੂ ਹੋ ਗਏ ਸਨ।

ਅਜਿਹੀ ਦੂਸਰੀ ਘਟਨਾ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਪ੍ਰਾਪਤ ਹੁੰਦੀ ਹੈ ਜਦੋਂ ਉਹ ਗੁਰੂ ਬਣਨ ਤੋਂ ਬਾਅਦ ਹਰਿਮੰਦਰ ਸਾਹਿਬ ਦੇ ਦਰਸ਼ਨਾਂ ਲਈ ਅੰਮ੍ਰਿਤਸਰ ਪਹੁੰਚੇ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਜੰਗਾਂ ਯੁੱਧਾਂ ਕਰਕੇ ਗੁਰੂ ਸਾਹਿਬਾਨ ਨੇ ਇਨ੍ਹਾਂ ਮਸੰਦਾਂ ਵਲ ਜਿਆਦਾ ਧਿਆਨ ਨਾ ਦਿੱਤਾ। ਜਿਸ ਕਾਰਨ ਇਨ੍ਹਾਂ ਵਿੱਚ ਵੱਡੇ ਪੱਧਰ ਤੇ ਵਿਗਾੜ ਪੈ ਚੁੱਕੇ ਸਨ। ਗੁਰੂ ਤੇਗ ਬਹਾਦਰ ਜੀ ਦੇ ਅੰਮ੍ਰਿਤਸਰ ਪਹੁੰਚਣ ਸਮੇਂ ਇਹ ਵਿਗਾੜ ਉਸ ਸਮੇਂ ਪ੍ਰਤੱਖ ਰੂਪ ਵਿੱਚ ਸਾਹਮਣੇ ਆਏ ਜਦੋਂ ਉੱਥੇ ਮੌਜੂਦ ਮਸੰਦਾਂ ਨੇ ਗੁਰੂ ਸਾਹਿਬ ਦੇ ਡਰ ਤੋਂ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉੜੀ ਦੇ ਦਰਵਾਜੇ ਬੰਦ ਕਰ ਲਏ। ਸ਼ਾਂਤੀ ਅਤੇ ਧੀਰਜ ਦੀ ਮੂਰਤ ਗੁਰੂ ਤੇਗ ਬਹਾਦਰ ਜੀ ਕੁੱਝ ਸਮਾਂ ਸ੍ਰੀ ਅਕਾਲ ਤਖ਼ਤ ਸਾਹਿਬ ਕੋਲੇ ਬੈਠ ਕੇ ਹਰਿਮੰਦਰ ਸਾਹਿਬ ਦੇ ਦਰਸ਼ਨ ਕੀਤੇ ਬਿਨ੍ਹਾਂ ਹੀ ਵਾਪਸ ਚਲੇ ਗਏ। ਉਨ੍ਹਾਂ ਨੇ ਇਥੋਂ ਵਾਪਸ ਜਾਣ ਸਮੇਂ ਇਨ੍ਹਾਂ ਮਸੰਦਾਂ ਨੂੰ ਲੋਭ-ਤ੍ਰਿਸ਼ਨਾਂ ਦੀ ਅੱਗ ਨਾਲ ਸੜ ਰਹੇ ਮਸੰਦ ਕਹਿ ਕੇ ਸੰਬੋਧਨ ਕੀਤਾ-

ਨਹਿ ਮਸੰਦ ਤੁਮ ਅੰਮ੍ਰਿਤਸਰੀਏ
ਤ੍ਰਿਸ਼ਨਾ ਅਗਨ ਤੇ ਅੰਤਰ ਸੜੀਏ।

ਇਸ ਘਟਨਾਂ ਤੋਂ ਇਹ ਗਲ ਭਲੀ-ਭਾਂਤ ਉਭਰ ਕੇ ਸਾਹਮਣੇ ਆਈ ਕਿ ਮਸੰਦਾਂ ਲਈ ਗੁਰੂ ਦਾ ਸਤਿਕਾਰ ਕੋਈ ਅਰਥ ਨਹੀਂ ਰੱਖਦਾ ਸੀ। ਉਨ੍ਹਾਂ ਲਈ ਆਪਣਾ ਨਿੱਜੀ ਹਿੱਤ ਅਤੇ ਪੈਸਾ ਹੀ ਸਭ ਕੁੱਝ ਸੀ।

ਤੀਸਰੀ ਘਟਨਾ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਨਾਲ ਸੰਬੰਧਿਤ ਹੈ ਜਦੋਂ ਪਹਾੜੀ ਰਾਜਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਯੁੱਧ ਦਾ ਡਰਾਵਾ ਦਿੰਦੇ ਹੋਏ ਨਗਾਰਾ ਵਜਾਉਣ ਅਤੇ ਯੁੱਧ-ਨੀਤਿਕ ਖ਼ਾਲਸਈ ਰਹੁਰੀਤਾਂ ਨੂੰ ਬੰਦ ਕਰਨ ਲਈ ਕਿਹਾ। ਇਸ ਸੰਬੰਧੀ ਜਦੋਂ ਕੁੱਝ ਡਰਾਕਲ ਕਿਸਮ ਦੇ ਸਵਾਰਥੀ ਮਸੰਦਾਂ ਨੂੰ ਪਤਾ ਲੱਗਿਆ ਤਾਂ ਉਹ ਮਾਤਾ ਗੂਜਰੀ ਜੀ ਕੋਲ ਗੁਰੂ ਸਾਹਿਬ ਦੇ ਖਿਲਾਫ ਸ਼ਿਕਾਇਤ ਅਤੇ ਚੁਗਲੀਆਂ ਲੈ ਕੇ ਪਹੁੰਚੇ ਕਿ ਗੁਰੂ ਸਾਹਿਬ ਪਹਾੜੀ ਰਾਜਿਆਂ ਨਾਲ ਬਿਨ੍ਹਾਂ ਕਿਸੇ ਕਾਰਨ ਦੇ ਲੜਾਈ ਵਾਲਾ ਕਦਮ ਚੁੱਕ ਰਹੇ ਹਨ। ਉਨ੍ਹਾਂ ਨੇ ਗੁਰੂ ਸਾਹਿਬ ਦੀ ਕਾਰਜ-ਪ੍ਰਣਾਲੀ ਤੇ ਵੀ ਕਿੰਤੂ-ਪ੍ਰੰਤੂ ਕੀਤਾ। ਪਰ ਇਸ ਸੰਬੰਧੀ ਉਨ੍ਹਾਂ ਦੀ ਕੋਈ ਵੀ ਪੇਸ਼ ਨਾ ਗਈ। ਮਸੰਦਾਂ ਦੇ ਵਿਵਹਾਰ ਸੰਬੰਧੀ ਗੁਰੂ ਗੋਬਿੰਦ ਸਿੰਘ ਜੀ ਨੇ ਮਾਤਾ ਗੂਜਰੀ ਜੀ ਨੂੰ ਕਿਹਾ ਕਿ ਇਨ੍ਹਾਂ ਮਸੰਦਾਂ ਦੀ ਆਤਮਾ ਪੂਜਾ ਦਾ ਧਾਨ ਖਾ-ਖਾ ਕੇ ਮਲੀਨ ਹੋ ਗਈ ਹੈ। ਇਹ ਆਲਸੀ ਤੇ ਵਿਹਲੜ ਹੋ ਗਏ ਹਨ। ਜਿਸ ਕਾਰਨ ਇਨ੍ਹਾਂ ਨੂੰ ਗੁਲਾਮੀ ਵਿਚ ਰਹਿਣ ਦੀ ਆਦਤ ਹੋ ਗਈ ਹੈ। ਇਸ ਘਟਨਾ ਨੂੰ ਰਤਨ ਸਿੰਘ ਭੰਗੂ ਨੇ ਸ੍ਰੀ ਗੁਰ ਪੰਥ ਪ੍ਰਕਾਸ਼ ਵਿਚ ਇਸ ਪ੍ਰਕਾਰ ਅੰਕਿਤ ਕੀਤਾ ਹੈ-

ਮੇਵੜੇ ਮਸੰਦਨ ਕਹਯੌ ਸਿੰਘ ਹੋਵੋ। ਨਹੀਂ ਤਾਂ ਆਪਨੀ ਪਤ ਜਾਨ ਖੋਵੋ।
ਸੋਊ ਮਸੰਦਨ ਲਾਰੀ ਬੁਰੀ। ਜਨ ਉਨ ਲਾਗੀ ਸੀਨੈ ਛੁਰੀ।
ਤਿਨ ਮਾਤਾ ਪਹਿ ਚੁਗਲੀ ਖਾਈ। ਕਰੈਂ ਗੁਰ ਕੋ ਕਮਲਤਨ ਆਈ।
ਦੇਵੈਂ ਸਿੰਘਨ ਮਾਲ ਲੁਟਾਇ। ਕਿਮ ਸਿੰਘਨ ਤੇ ਮੁਲਕ ਮਿਲਾਇ।

ਇਹ ਘਟਨਾਂ ਸਿਧ ਕਰਦੀ ਹੈ ਕਿ ਮਸੰਦ ਗੁਰੂ ਸਿਧਾਂਤਾਂ ਨੂੰ ਆਪਣੇ ਅਨੁਸਾਰ ਢਾਲਣ ਤੋਂ ਵੀ ਸੰਕੋਚ ਨਹੀਂ ਕਰਦੇ ਸਨ। ਭਾਵੇਂ ਇਸ ਲਈ ਉਨ੍ਹਾਂ ਨੂੰ ਆਪਣੇ ਗੁਰੂ ਤੇ ਵੀ ਉਂਗਲ ਚੁੱਕਣੀ ਪਈ।

ਚੌਥੀ ਘਟਨਾ ਖ਼ਾਲਸਾ ਸਾਜਨਾ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਨਾਲ ਸੰਬੰਧਿਤ ਹੈ। ਇਤਿਹਾਸ ਵਿੱਚ ਜ਼ਿਕਰ ਮਿਲਦਾ ਹੈ ਕਿ ਇਕ ਵਾਰ ਮੁਲਤਾਨ ਦੀ ਸੰਗਤ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਕਰਨ ਆਈ ਅਤੇ ਉਨ੍ਹਾਂ ਨੇ ਗੁਰੂ ਸਾਹਿਬ ਨੂੰ ਕੀਮਤੀ ਵਸਤਰ ਭੇਂਟ ਕੀਤੇ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਵਸਤਰਾਂ ਦੀ ਤਾਰੀਫ ਕੀਤੀ ਤਾਂ ਸੰਗਤ ਵਿੱਚੋਂ ਸੰਬੰਧਿਤ ਵਿਅਕਤੀ ਨੇ ਬੇਨਤੀ ਕੀਤੀ ਕਿ ਪਿਛਲੀ ਵਾਰ ਭੇਟਾ ਕੀਤੇ ਵਸਤਰਾਂ ਦੇ ਮੁਕਾਬਲੇ ਇਹ ਕੁੱਝ ਵੀ ਨਹੀਂ ਹਨ। ਅਸਲ ਵਿੱਚ ਪਹਿਲੀ ਵਾਰ ਦੇ ਵਸਤਰ ਉਸ ਇਲਾਕੇ ਦੇ ਚੇਤੂ ਮਸੰਦ ਰਾਹੀਂ ਗੁਰੂ ਸਾਹਿਬ ਜੀ ਨੂੰ ਭੇਟਾ ਕੀਤੇ ਸਨ ਜੋ ਕਿ ਉਸ ਨੇ ਗੁਰੂ ਸਾਹਿਬ ਨੂੰ ਦੇਣ ਦੀ ਥਾਂ ਆਪਣੇ ਪਰਿਵਾਰ ਲਈ ਵਰਤ ਲਏ। ਇਸੇ ਪ੍ਰਕਾਰ ਗੁਰੂ ਸਾਹਿਬ ਲਈ ਭੇਜੇ ਗਏ ਕੀਮਤੀ ਗਹਿਣਿਆਂ ਨੂੰ ਵੀ ਆਪਣੇ ਪਰਿਵਾਰ ਲਈ ਵਰਤਣ ਦੀ ਜਾਣਕਾਰੀ ਉਸ ਇਲਾਕੇ ਦੀ ਸੰਗਤ ਨੇ ਗੁਰੂ ਸਾਹਿਬ ਨੂੰ ਦਿੱਤੀ। ਜਦੋਂ ਗੁਰੂ ਸਾਹਿਬ ਨੇ ਚੇਤੂ ਮਸੰਦ ਨੂੰ ਇਸ ਸੰਬੰਧੀ ਪੁੱਛਿਆ ਤਾਂ ਉਹ ਮੁਕਰ ਗਿਆ। ਪਰਤੂੰ ਜਦੋਂ ਉਸ ਦੇ ਘਰ ਦੀ ਤਲਾਸ਼ੀ ਕਰਵਾਈ ਗਈ ਤਾਂ ਸਾਰਾ ਸਮਾਨ ਨਿਕਲ ਆਇਆ। ਇਸ ਤੋਂ ਬਾਅਦ ਚੇਤੂ ਮਸੰਦ ਬਹੁਤ ਸ਼ਰਮਿੰਦਾ

ਹੋਇਆ ਤੇ ਉਸ ਨੇ ਗੁਰੂ ਸਾਹਿਬ ਜੀ ਤੋਂ ਮਾਫੀ ਮੰਗੀ। ਬੇਸ਼ੱਕ ਗੁਰੂ ਸਾਹਿਬ ਨੇ ਉਸ ਨੂੰ ਤਾੜਣਾ ਕਰ ਕੇ ਛੱਡ ਦਿੱਤਾ ਪਰਤੂੰ ਇਸ ਰਾਹੀਂ ਭ੍ਰਿਸ਼ਟ ਮਸੰਦਾਂ ਦੀਆਂ ਕਰਤੂਤਾਂ ਸਾਹਮਣੇ ਆ ਗਈਆਂ ਕਿ ਉਹ ਕਿਸ ਪ੍ਰਕਾਰ ਸੰਗਤ ਵਲੋਂ ਗੁਰੂ ਸਾਹਿਬ ਲਈ ਸ਼ਰਧਾ ਅਤੇ ਪਿਆਰ ਸਾਹਿਤ ਭੇਜੀ ਗਈ ਭੇਟਾ ਨੂੰ ਆਪਣੇ ਨਿੱਜੀ ਹਿੱਤਾਂ ਲਈ ਵਰਤਣ ਤੋਂ ਵੀ ਸੰਕੋਚ ਨਹੀਂ ਕਰਦੇ ਸਨ।

ਸਿੱਖ ਸਰੋਤ ਗ੍ਰੰਥਾ ਵਿਚ ਇਕ ਘਟਨਾ ਦਾ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਕੋਲ ਕੁਝ ਭੰਡ ਆਏ। ਭਰੇ ਦਿਵਾਨ ਵਿਚ ਗੁਰੂ ਸਾਹਿਬ ਦੇ ਸਾਹਮਣੇ ਇਨ੍ਹਾਂ ਨੇ ਮਸੰਦਾਂ ਦੀ ਨਕਲ ਕੀਤੀ। ਇਸ ਨਕਲ ਵਿੱਚ ਉਨ੍ਹਾਂ ਨੇ ਇੱਕ ਮਸੰਦ ਦਾ ਦ੍ਰਿਸ਼ ਪੇਸ਼ ਕੀਤਾ ਜੋ ਇਕ ਵੇਸ਼ਵਾ ਨਾਲ ਗਰੀਬ ਸਿੱਖ ਦੇ ਘਰ ਪਹੁੰਚਦਾ ਹੈ। ਸਿੱਖ ਦੇ ਘਰ ਵਿਚ ਸਿੱਧਾ ਸਾਧਾ ਭੋਜਨ ਦੇਖ ਕੇ ਉਹ ਸਿੱਖ ਨੂੰ ਸ਼ਰਾਪ ਦੇ ਡਰਾਵੇ ਦੇ ਕੇ ਆਪਣੇ ਪੀਣ ਲਈ ਸ਼ਰਾਬ ਮੰਗਵਾਉਂਦਾ ਹੈ। ਇਸ ਤੋਂ ਬਾਅਦ ਉਹ ਉਸ ਗਰੀਬ ਸਿੱਖ ਨੂੰ ਇਸ ਗੱਲ ਦੀ ਤਾੜਨਾ ਕਰਦਾ ਹੈ ਕਿ ਉਸ ਨੂੰ ਗੁਰੂ ਦੀ ਸੇਵਾ ਨਹੀਂ ਕਰਨੀ ਆਉਂਦੀ। ਗਰੀਬ ਸਿੱਖ ਵਲੋਂ ਭੇਟਾ ਅਤੇ ਕੱਪੜੇ ਨਾ ਪ੍ਰਾਪਤ ਹੋਣ ਕਰਕੇ ਉਹ ਮਸੰਦ ਉਨ੍ਹਾਂ ਨੂੰ ਬਹੁਤ ਕੋੜੇ ਅਤੇ ਰੁੱਖੇ ਬਚਨ ਬੋਲਦਾ ਹੈ। ਪਰਤੂੰ ਉਸ ਸਿੱਖ ਦਾ ਸਾਰਾ ਪਰਿਵਾਰ ਨਿਮਰਤਾ ਨਾਲ ਇਸ ਨੂੰ ਸੁਣਦਾ ਹੈ। ਇਸ ਨਕਲ ਰਾਹੀਂ ਮਸੰਦ ਦੁਆਰਾ ਕੀਤੀਆਂ ਜਾ ਰਹੀਆਂ ਕਰਤੂਤਾਂ ਨੂੰ ਵੇਖ ਕੇ ਗੁਰੂ ਸਾਹਿਬ ਦੀਆਂ ਅੱਖਾਂ ਭਰ ਗਈਆਂ ਤੇ ਉਹ ਬੀਰ ਰਸ ਵਿਚ ਆ ਗਏ। ਇਸ ਤੋਂ ਬਾਅਦ ਮਸੰਦ ਸੰਸਥਾ ਦੇ ਖਾਤਮੇਂ ਦਾ ਮੁੱਢ ਬੰਨ੍ਹਿਆ ਗਿਆ।

ਇਸ ਘਟਨਾ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜ ਕੇ ਸਭ ਨੂੰ ਇੱਕ ਸਮਾਨਤਾ ਦਾ ਦਰਜਾ ਦੇ ਕੇ ਸਿੱਖੀ ਸਿਧਾਂਤਾਂ ਤੋਂ ਪਤਿਤ ਹੋ ਚੁੱਕੀ ਮਸੰਦ ਸੰਸਥਾ ਨੂੰ ਖਤਮ ਕਰਨ ਦਾ ਫੈਸਲਾ ਕੀਤਾ ਕਿਉਂਕਿ ਗੁਰੂ ਸਾਹਿਬ ਨਹੀਂ ਚਾਹੁੰਦੇ ਸਨ ਕਿ ਮੇਰਾ ਸਿੱਖ ਆਤਮਿਕ ਤੇ ਸਰੀਰਿਕ ਤੌਰ `ਤੇ ਮਲੀਨ ਹੋਵੇ। ਇਸੇ ਕਾਰਨ ਹੀ ਗੁਰੂ ਜੀ ਨੇ ਹੁਕਮ ਜਾਰੀ ਕਰ ਦਿੱਤਾ ਕਿ ਮਸੰਦਾਂ ਨੂੰ ਕੋਈ ਮੂੰਹ ਨਾ ਲਾਵੇ ਜੋ ਭੇਟਾ ਕਰਨਾ ਹੈ, ਜਿੰਨਾਂ ਗੁਰੂ ਤੱਕ ਪਹੁੰਚਾਉਣਾ ਹੈ ਮੈਨੂੰ ਹੀ ਕੀਤਾ ਜਾਵੇ। ਸਿਰਫ਼ ਹਰ ਸਿੱਖ ਆਪਣੀ ਰਹਿਤ ਨੂੰ ਪਹਿਲ ਦੇਵੇ। ਗੁਰੂ ਗੋਬਿੰਦ ਸਿੰਘ ਜੀ ਦੇ ਇਸ ਹੁਕਮ ਨੂੰ ਪ੍ਰਗਟ ਕਰਨ ਵਾਲਾ ਉਨ੍ਹਾਂ ਦੀ ਰਚਨਾ ਵਿੱਚ ਇਕ ਸਵੱਯਾ ਵੀ ਪ੍ਰਾਪਤ ਹੁੰਦਾ ਹੈ ਜਿਸ ਵਿੱਚ ਗੁਰੂ ਜੀ ਨੇ ਸੰਗਤ ਨੂੰ ਮਸੰਦਾਂ ਦਾ ਵਿਚੋਲਪੁਣਾ ਤਿਆਗ ਕੇ ਹਰ ਪੱਖ ਤੋਂ ਸਿਧਾ ਗੁਰੂ ਨਾਲ ਜੁੜਨ ਲਈ ਕਿਹਾ ਹੈ। ਇਹ ਸਵੱਯਾ ਇਸ ਪ੍ਰਕਾਰ ਹੈ-

ਜੋ ਜੁਗੀਆਨ ਕੇ ਜਾਇ ਕਹੈ ਸਭ ਜੋਗਨ ਕੋ ਗ੍ਰਿਹ ਮਾਲ ਉਠੈ ਦੈ॥
ਜੋ ਪਰੋ ਭਾਜਿ ਸਨਯਾਸਨ ਦੈ ਕਹੈ ਦੱਤ ਕੇ ਨਾਮ ਪੈ ਧਾਮ ਲੁਟੈ ਦੈ॥
ਜੌ ਕਰਿ ਕੋਊ ਮਸੰਦਨ ਸੌ ਕਹੈ ਸਰਬ ਦਰਬ ਲੈ ਮੋਹਿ ਅਬੈ ਦੈ॥
ਲੇਉ ਹੀ ਲੇਉ ਕਹੈ ਸਭ ਕੋ ਨਰ ਕੋਊ ਨ ਬ੍ਰਹਮ ਬਤਾਇ ਹਮੈ ਦੈ॥28॥
ਜੋ ਕਰਿ ਸੇਵ ਮਸੰਦਨ ਕੀ ਕਹੈ ਆਨਿ ਪ੍ਰਸਾਦਿ ਸਭੈ ਮੋਹਿ ਦੀਜੈ॥

ਜੋ ਕਛੁ ਮਾਲ ਤਵਾਲਯ ਸੋ ਅਬ ਹੀ ਉਠਿ ਭੇਟ ਹਮਾਰੀ ਹੀ ਕੀਜੈ॥

ਮੇਰੋ ਈ ਧਯਾਨ ਧਰੋ ਨਿਸ ਬਾਸੁਰ ਭੂਲ ਕੈ ਅਉਰ ਕੋ ਨਾਮ ਨ ਲੀਜੈ॥

ਦੀਨੇ ਕੋ ਨਾਮੁ ਸੁਨੈ ਭਜਿ ਰਾਤਹਿ ਲੀਨੇ ਬਿਨਾ ਨਹਿ ਨੈਕ ਪ੍ਰਸੀਜੈ॥29॥

ਗੁਰੂ ਗੋਬਿੰਦ ਸਿੰਘ ਦੇ ਮਸੰਦਾਂ ਨਾਲ ਨਾ ਮਿਲਵਰਤਣ ਦੇ ਹੁਕਮ ਸੰਬੰਧੀ ਭਾਈ ਕੇਸਰ ਸਿੰਘ ਜੀ 'ਬੰਸਾਵਲੀਨਾਮਾ' ਵਿੱਚ ਲਿਖਦੇ ਹਨ:-

ਦੇਸੀ ਦੇਸੀ ਹੁਕਮਨਾਮੇ ਲਿਖ ਮੇਵੜੇ ਪਠਾਏ।

ਮਸੰਦ ਮਸੰਦੀਏ ਨੂੰ ਨਹੀਂ ਮੰਨਣਾ।

ਸਿੱਖ ਗੁਰੂ ਦਾ ਸਿੱਖ ਦੀ ਰਹਿਤ ਕਮਾਏ।

ਇਸ ਘਟਨਾ ਨੂੰ ਸ੍ਰੀ ਗੁਰ ਸੋਭਾ ਦੇ ਕਰਤਾ ਸੈਨਾਪਤਿ ਨੇ ਇਸ ਪ੍ਰਕਾਰ ਅੰਕਿਤ ਕੀਤਾ ਹੈ-

ਮੰਨਤ ਗੋਲਕ ਅਰੁ ਦਸਵੰਧ। ਘਰਿ ਮੈ ਰਾਖੋ, ਤਜੋ ਮਸੰਦ।

ਭੇਟ ਕਾਰ ਸਤਿਗੁਰ ਕੀ ਹੋਇ। ਜਾਇ ਹਜ਼ੂਰ ਚੜ੍ਹਾਵੈ ਸੋਇ॥

ਐਸੀ ਰੀਤਿ, ਰਹਤ ਬਤਰਾਈ। ਸੰਤਨ ਸੁਨੀ, ਅਧਿਕ ਮਨ ਭਾਈ।

ਸਤਿ ਸੰਗਤਿ ਮਿਲ ਦਰਸਨ ਜਾਈਐ। ਦਰਸਨ ਦੇਖਿ ਬਹੁਤ ਸੁਖ ਪਾਈਐ॥

ਜਨਮ ਜਨਮ ਕਾ ਮਿਟੈ ਅੰਧੇਰਾ। ਐਸਾ ਦਰਸਨ ਸਤਿਗੁਰੂ ਕੇਰਾ।

ਅਪਰਾਧੀ ਕੋਊ ਦਰਸਨ ਕਰੈ। ਏਕ ਦਿਸਟਿ ਮੈ ਵਹੁ ਭੀ ਤਰੈ॥

### 3.5 ਮਸੰਦਾਂ ਨਾਲ ਨਾ ਵਰਤਣ ਸੰਬੰਧੀ ਹੁਕਮਨਾਮੇ

ਇਸੇ ਸਬੰਧ ਵਿੱਚ ਗੁਰੂ ਜੀ ਨੇ ਮਸੰਦਾਂ ਨਾਲ ਨਾ ਵਰਤਣ ਦੇ ਹੁਕਮਨਾਮੇ ਵੀ ਜਾਰੀ ਕੀਤੇ ਜਿਨ੍ਹਾਂ ਵਿੱਚੋਂ ਕੁੱਝ ਹੁਕਮਨਾਮੇ ਇਸ ਪ੍ਰਕਾਰ ਹਨ-

#### 3.5.1 4 ਨਵੰਬਰ, 1700 (ਨੁਸ਼ਹਿਰਾ ਪੰਨੂਆਂ)

ਸਿਰੀ ਗੁਰੂ ਜੀਉ ਦੀ ਆਗਿਆ ਹੈ ਸਰਬਤ ਸੰਗਤਿ ਨਉਸ਼ਹਰਾ ਕੀ ਗੁਰੂ ਰਖੈਗਾ ਸੰਗਤਿ ਗੁਰੂ ਗੁਰੂ ਜਪਣਾ ਜਨਮੁ ਸਉਰੇਗਾ ਸੰਗਤਿ ਮੇਰਾ ਖਾਲਸਾ ਹੈ ਜੋ ਗੁਰੂ ਕੇ ਨਵਿਤ ਦਾ ਹੋਇ ਸੋ ਆਪ ਆਪਣੇ ਪਾਸਿ ਰਖਣਾ ਹੋਰਸ ਕਿਸੇ ਨੋ ਨਾਹੀ ਦੇਣਾ..... ਸੰਮਤ ੧੭੫੭ ਮਿਤੀ ਮਘਰੁ ੪

ਗੁਰੂ ਕੇ ਨਵਿਤ ਕਾ ਹੋਰ ਕਿਸੈ ਨੋ ਨਾਹੀ ਦੇਵਣਾ ਜਾ ਆਪਿ ਹਜੂਰਿ ਆਵਣਾ ਤਾ ਆਪਿ ਹੀ ਲੈ ਆਵਣਾ ਮਸੰਦ ਮਸੰਦੀਏ ਦੇ ਮਰਣੇ ਪਰਣੇ ਨਾਹੀ ਬੈਠਣਾ ਸਿਖ ਗੁਰੂ ਕੇ ਜੋ ਹੁਕਮ ਮੰਨੇਗਾ ਸੋ ਨਿਹਾਲ ਹੋਗੁ।

#### 3.5.2. 6 ਫਰਵਰੀ 1702 (ਲਖਨਊ)

ਸਿਰੀ ਗੁਰੂ ਜੀ ਦੀ ਆਗਿਆ ਹੈ ਭਾਈ ਮਿਹਰਚੰਦ ਪੇਸ਼ਕਾਰ ਖੁਫੀਏ ਨਵੀਸ ਕਾ ਮੇਰਾ ਖਾਲਸਾ ਹੈ ਗੁਰੁ ਰਖੈਗਾ ਗੁਰੂ ਗੁਰੂ ਜਪਣਾ ਜਨਮੁ ਸਉਰੋਗਾ..... ਮਸੰਦ ਅਰੁ ਮਸੰਦੀਏ ਨੇ ਨਾਹੀਂ ਮਿਲਣਾ ਜੋ ਕਿਛੁ ਗੁਰੂ ਕੇ ਨਵਿਤ ਕਾ ਹੋ ਵੈ ਸੋ ਹਜੂਰਿ ਪਹੁਚਾਵਣਾ ਨਿਹਾਲ ਹੋਵਉਗੇ ਜੋ ਸਿਖੁ ਮਿਲੈ ਸੋ ਮੇਲ ਲੈਵਣਾ ਮੇਰੀ ਖੁਸੀ ਹੈ ਦਿਕਤਿ ਨਾਹੀ ਕਰਣੀ ਅਰੁ ਹਥੀ ਆਰ ਬੰਨ ਕੈ ਦਰਸਨਿ ਆਵਣਾ ਜੋ ਸਿਖੁ ਦਰਸਨ ਆਵਗੁ ਤਿਸ ਦੀ ਘਾਲ ਥਾਇ ਪਵੇਗੀ ਮਿਤੀ ਵਾਂਗ ੧੦ ਸੰਮਤ ੧੭੫੯

**3.5.3. 6 ਫਰਵਰੀ 1702 (ਇਲਾਹਾਬਾਦ)**

ਸਿਰੀ ਗੁਰੂ ਜੀ ਦੀ ਆਗਿਆ ਹੈ ਸਰਬਤ ਸੰਗਤਿ ਪਿਰਾਗ ਕੀ ਮੇਰਾ ਖਾਲਸਾ ਹੈ ਗੁਰੂ ਰਖੇਗਾ ਗੁਰੂ ਗੁਰੂ ਜਪਣਾ ਜਨਮੁ ਸਉਰੰਗਾ..... ਸੰਗਤਿ ਮਸੰਦ ਮਸੰਦੀਏ ਨੇ ਨਾਹੀ ਮਿਲਣਾ ਜੋ ਕਿਛੁ ਗੁਰੂ ਕੇ ਨਵਿਤ ਕਾ ਹੋਵੈ ਸੋ ਹੋਰ ਕਿਸੇ ਨੇ ਨਾਹੀ ਦੇਣਾ ਹਜੂਰਿ ਪਹੁਚਾਵਣਾ ਜੋ ਸਿਖੁ ਮਿਲੈ ਸੋ ਮੇਲ ਲੈਵਣਾ ਦਿਕਤਿ ਨਾਹੀ ਕਰਣੀ ਮੇਰੀ ਖੁਸ਼ੀ ਹੈ ਆਪ ਵਿਚਿ ਪਿਆਰੁ ਕਰਣਾ ਸੰਗਤਿ ਹਥੀਆਰ ਬੰਨ ਕੇ ਦਰਸਨ ਆਵਣਾ ਜੋ ਸਿਖੁ ਦਰਸਨ ਆਵਣੁ ਸੋ ਨਿਹਾਲ ਹੋਗੁ ਮਿਤੀ ਫਾਗ ੧੦ ਸੰਮਤੁ ੫੯

**3.5.4. 6 ਫਰਵਰੀ 1702 (ਨੁਸ਼ਹਿਰਾ ਪੰਨੂਆਂ)**

ਸਿਰੀ ਗੁਰੂ ਜੀ ਦੀ ਆਗਿਆ ਹੈ ਸਰਬਤ ਸੰਗਤਿ ਨਉਸਹਰੋ ਕੀ ਗੁਰੂ ਰਖੋਗਾ ਗੁਰੂ ਗੁਰੂ ਜਪਣਾ ਜਨਮ ਸਉਰੇਗਾ ਸਰਬਤ ਸੰਗਤਿ ਮੇਰਾ ਖਾਲਸਾ ਹੈ....ਸੰਗਤਿ ਮਸੰਦ ਮਸੰਦੀਏ ਨਾਲਿ ਨਾਹੀ ਮਿਲਣਾ ਅਤੇ ਜੋ ਸਿਖੁ ਹਥੀਆਰ ਬੰਨਿ ਕੇ ਦਰਸਨਿ ਆਵਗੁ ਸੋ ਨਿਹਾਲੁ ਹੋਗੁ ਉਸ ਸਿਖ ਦੀ ਗੁਰੂ ਨਾਲਿ ਰਹਗੁ ਸੰਗਤਿ ਜੋ ਸਿਖੁ ਮਿਲੈ ਸੋ ਮੇਲਿ ਲੈਣਾ ਹੋਰ ਦਿਗਤਿ ਕੋਈ ਨਾਹੀ ਕਰਣੀ ਪਿਆਰ ਕਰਨਾ ਮੇਰੀ ਖੁਸ਼ੀ ਹੈ ਸੰਮਤ ੧੭੫੯ ਮਿਤੀ ਫਾਗੋ ੧੦

**3.5.5. 12 ਮਾਰਚ 1699 (ਮਾਛੀਵਾੜਾ)**

ਸਿਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਕਲਿਆਣ ਰਾਇ ਸਰਬਤ ਸੰਗਤਿ ਮਾਛੀਵਾੜੇ ਕੀ ਗੁਰੂ ਰਖੈਗਾ ਸੰਗਤਿ ਮੇਰਾ ਖਾਲਸਾ ਹੈ..... ਮਸੰਦਾ ਨੋ ਮੰਨਣਾ ਨਾਹੀ ਗੁਰੂ ਸੰਗਤਿ ਕੀ ਬਾਹੁੜੀ ਕਰੈਗਾ ਮਨੋਰਥ ਪੂਰੇ ਹੋਵਹਿਗੇ॥ ਸੰਮਤ 1755॥ ਮਿਤੀ ਚੇਤੋ ਚਉਦਹ॥14॥

ਇਨ੍ਹਾਂ ਹੁਕਮਨਾਮਿਆਂ ਦੇ ਸਿੱਖ ਸੰਗਤ ਵਿੱਚ ਪਹੁੰਚਣ ਨਾਲ ਮਸੰਦ ਸੰਸਥਾ ਬਕਾਇਦਾ ਤੌਰ ’ਤੇ ਖਤਮ ਹੋ ਗਈ ਕਿਉਂਕਿ ਸਿੱਖ ਸੰਗਤ ਨੇ ਗੁਰੂ ਸਾਹਿਬ ਦੇ ਹੁਕਮਾਂ ਨੂੰ ਮੰਨਦੇ ਹੋਏ ਮਸੰਦਾਂ ਨਾਲ ਵਰਤਣਾ ਬੰਦ ਕਰ ਦਿੱਤਾ। ਇਸ ਤੋਂ ਬਾਅਦ ਸੰਗਤ ਖਾਲਸਾ ਰੂਪ ਵਿੱਚ ਗੁਰੂ ਸਾਹਿਬ ਦੇ ਅਧੀਨ ਹੋ ਗਈ।

ਇਨ੍ਹਾਂ ਹੁਕਮਨਾਮਿਆਂ ਰਾਹੀਂ ਮਿਲਵਰਤਨ ਬੰਦ ਕਰਨ ਤੋਂ ਇਲਾਵਾ ਸੰਗਤਾਂ ਨੂੰ ਧਰਮ ਦੇ ਨਾਂ ਤੇ ਲੁੱਟ ਰਹੇ ਭ੍ਰਿਸ਼ਟ ਮਸੰਦਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਖ਼ਤ ਸਜਾਵਾਂ ਵੀ ਦਿੱਤੀਆਂ ਅਤੇ ਉਨ੍ਹਾਂ ਮਸੰਦਾਂ ਦਾ ਸਨਮਾਨ ਵੀ ਕੀਤਾ ਜਿਹੜੇ ਧਰਮ ਦੇ ਅਨੁਸਾਰੀ ਚਲ ਕੇ ਸਿੱਖ ਸੰਗਤ ਦੀ ਸੇਵਾ ਕਰ ਰਹੇ ਸਨ। ਰਾਮਰਾਇ ਦੀ ਪਤਨੀ ਪੰਜਾਬ ਕੌਰ ਨੇ ਗੁਰੂ ਗੋਬਿੰਦ ਜੀ ਅੱਗੇ ਸ਼ਿਕਾਇਤ ਕੀਤੀ ਕਿ ਗੁਰਬਖ਼ਸ਼ ਸਿੰਘ ਨੇ ਰਾਮਰਾਇ ਨੂੰ ਜਿਉਂਦਿਆਂ ਹੀ ਜਲਾ ਦਿੱਤਾ ਸੀ। ਗੁਰੂ ਜੀ ਦੇਹਰਾਦੂਨ ਗਏ ਤੇ ਰਾਮਰਾਇ ਦੇ ਮਸੰਦਾਂ ਨੂੰ ਸਜ਼ਾਵਾਂ ਦਿੱਤੀਆਂ. ਇਸ ਪ੍ਰਕਾਰ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਨਾ ਤੋਂ ਪਹਿਲਾਂ ਮਸੰਦ ਸੰਸਥਾ ਨੂੰ ਪੂਰਨ ਤੌਰ 'ਤੇ ਖਤਮ ਕਰ ਦਿੱਤਾ।

## 3.6 ਸਿੱਟਾ

ਉਪਰੋਕਤ ਅਧਿਐਨ ਤੋਂ ਸਪੱਸ਼ਟ ਹੈ ਕਿ ਮੂਲ ਰੂਪ ਦੇ ਵਿੱਚ ਮਸੰਦ ਸੰਸਥਾ ਦੇ ਬੀਜ ਗੁਰੂ ਨਾਨਕ ਸਾਹਿਬ ਵੇਲੇ ਹੀ ਵੇਖਣ ਨੂੰ ਮਿਲਦੇ ਹਨ, ਜਦੋਂ ਉਹ ਭਾਈ ਲਾਲੋ, ਭਾਈ ਸੱਜਣ ਨੂੰ ਇੱਕ ਉਪਦੇਸ਼ਕ ਦੇ ਤੌਰ 'ਤੇ ਸੁਸ਼ੋਭਿਤ ਕਰਦੇ ਹਨ। ਅਗਲੇ ਗੁਰੂ ਸਾਹਿਬਾਨ ਦੇ ਜੀਵਨ ਵਿੱਚ ਵੀ ਇਨ੍ਹਾਂ ਮਸੰਦਾਂ ਨੇ ਧਰਮ ਨੂੰ ਕਾਫ਼ੀ ਮਜ਼ਬੂਤ ਕਰਨ ਦੇ ਵਿੱਚ ਸਹਾਇਤਾ ਕੀਤੀ, ਪਰ ਜਦੋਂ ਇਹ ਮਸੰਦ ਗੁਰੂ ਦੀ ਮੱਤ ਨੂੰ ਭੁੱਲ ਕੇ ਮਨ ਦੀ ਮੱਤ ਉੱਤੇ ਚੱਲਣ ਲੱਗ ਪਏ ਤਾਂ ਇਹ ਮਸੰਦ ਅੰਦਰੋਂ ਮਲੀਨ ਹੋ ਗਏ ਤੇ ਅਖ਼ੀਰ ਦੇ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਤਸ਼ਾਹ ਜੀ ਨੇ ਇਹ ਸੰਸਥਾ ਖ਼ਤਮ ਕਰ ਦਿੱਤੀ।

## 3.7 ਪੜ੍ਹਣਯੋਗ ਪੁਸਤਕਾਂ

1. ਸਿੱਖ ਪੰਥ ਵਿਸ਼ਵਕੋਸ਼, ਰਤਨ ਸਿੰਘ ਜੱਗੀ, (ਭਾਗ ਦੂਜਾ), ਗੁਰਰਤਨ ਪਬਲੀਸ਼ਰਜ਼, ਪਟਿਆਲਾ
2. ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, ਰੂਪ ਸਿੰਘ (ਸੰਪਾ.), ਸ਼੍ਰੋਮਣੀ ਗੁਰਦੁਆਰਾ ਪ੍ਰਬੰਧ ਕਮੇਟੀ, ਸ੍ਰੀ ਅੰਮ੍ਰਿਤਸਰ
3. ਸਤਿਬੀਰ ਸਿੰਘ, ਪੁਰਖ ਭਗਵੰਤ, ਨਿਊ ਬੁੱਕ ਕੰਪਨੀ, ਜਲੰਧਰ
4. ਸਤਿਬੀਰ ਸਿੰਘ,ਪੂਰੀ ਹੋਈ ਕਰਾਮਾਤ, ਨਿਊ ਬੁੱਕ ਕੰਪਨੀ, ਜਲੰਧਰ
5. ਪ੍ਰਿੰ. ਤੇਜਾ ਸਿੰਘ, ਪ੍ਰੋ. ਗੰਡਾ ਸਿੰਘ, ਸਿੱਖ ਇਤਿਹਾਸ (1469-1765), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

# ONE YEAR DIPLOMA IN SIKH THEOLOGY

## SEMESTER-II

## COURSE: THEOLOGICAL STUDY OF SIKH INSTITUTIONS

## UNIT- 4 SIKH REHAT MARYADA

**STRUCTURE**


4.0 ਉਦੇਸ਼

4.1 ਜਾਣ ਪਛਾਣ

4.2 ਪਰਿਭਾਸ਼ਾ

4.3 ਸਿੱਖ ਰਹਿਤ ਮਰਿਯਾਦਾ ਦਾ ਆਧਾਰ

4.3.1 ਸ਼ਖ਼ਸੀ ਰਹਿਣੀ

4.3.1.1 ਨਾਮ ਬਾਣੀ ਦਾ ਅਭਿਆਸ

4.3.1.2 ਗੁਰਮਤਿ ਰਹਿਣੀ

4.3.1.3 ਸੇਵਾ

4.3.2 ਪੰਥਕ ਰਹਿਣੀ

4.3.2.1 ਗੁਰੂ ਪੰਥ

4.3.2.2 ਅੰਮ੍ਰਿਤ ਸੰਸਕਾਰ

4.3.2.3 ਤਨਖ਼ਾਹ ਲਾਉਣ ਦੀ ਵਿਧੀ

4.3.2.4 ਗੁਰਮਤਾ ਕਰਨ ਦੀ ਵਿਧੀ

4.3.2.5 ਸਥਾਨਕ ਫ਼ੈਸਲਿਆਂ ਦੀ ਅਪੀਲ

4.4 ਰਹਿਤਨਾਮੇ

4.4.1 ਸ੍ਰੀ ਗੁਰੂ ਗ੍ਰੰਥ ਸਾਹਿਬ

4.4.2 ਭਾਈ ਗੁਰਦਾਸ ਜੀ ਦੀ ਰਚਨਾ

4.4.3 ਭਾਈ ਨੰਦ ਲਾਲ ਜੀ ਦਾ ਰਹਿਤਨਾਮਾ

4.4.4 ਸਰਬਲੋਹ ਗ੍ਰੰਥ

4.4.5 ਭਾਈ ਚੌਪਾ ਸਿੰਘ ਦਾ ਰਹਿਤਨਾਮਾ

4.4.6 ਭਾਈ ਪ੍ਰਹਿਲਾਦ ਸਿੰਘ ਦਾ ਰਹਿਤਨਾਮਾ
4.4.7 ਭਾਈ ਦੇਸਾ ਸਿੰਘ ਦਾ ਰਹਿਤਨਾਮਾ
4.4.8 ਭਾਈ ਦਯਾ ਸਿੰਘ ਦਾ ਰਹਿਤਨਾਮਾ
4.4.9 ਪ੍ਰੇਮ ਸੁਮਾਰਗ ਗ੍ਰੰਥ
4.4.10 ਗੁਰ ਪ੍ਰਤਾਪ ਸੂਰਜ ਗ੍ਰੰਥ
4.5 ਸਿੱਖ ਰਹਿਤ ਮਰਿਯਾਦਾ ਵਿਚ ਇਕਸਾਰਤਾ
4.6 ਮਹੱਤਵ
4.7 ਸਾਰ
4.8 ਪੜ੍ਹਣਯੋਗ ਪੁਸਤਕਾਂ

## 4.0 ਉਦੇਸ਼

ਹਥਲਾ ਕਾਰਜ ਸਿੱਖ ਰਹਿਤ ਮਰਿਯਾਦਾ ਨਾਲ ਸੰਬੰਧਿਤ ਹੈ। ਇਸ ਵਿਸ਼ੇ ਦਾ ਮੁੱਖ ਉਦੇਸ਼ ਸਿੱਖ ਰਹਿਤ ਮਰਿਯਾਦਾ ਦੇ ਆਧਾਰ, ਵੱਖ-ਵੱਖ ਗ੍ਰੰਥਾਂ ਵਿਚ ਰਚਿਤ ਸਿੱਖ ਰਹਿਤ ਮਰਿਯਾਦਾ, ਰਹਿਤਨਾਮੇ ਅਤੇ ਸਿੱਖ ਰਹਿਤ ਮਰਿਯਾਦਾ ਦੀ ਮਹੱਤਤਾ ਬਾਰੇ ਧਰਮ ਦੇ ਵਿਦਿਆਰਥੀਆਂ ਨੂੰ ਮਹੱਤਵਪੂਰਣ ਜਾਣਕਾਰੀ ਪ੍ਰਦਾਨ ਕਰਨਾ ਹੈ ਜੋ ਕਿ ਪਾਠਕ੍ਰਮ ਦਾ ਹਿੱਸਾ ਹੈ।

## 4.1 ਜਾਣ-ਪਛਾਣ

ਧਰਮ ਨੂੰ ਮੰਨਣ ਵਾਲੇ ਅਨੁਯਾਈਆਂ ਲਈ ਧਰਮ ਦੁਆਰਾ ਕੁੱਝ ਨਿਯਮ ਨਿਰਧਾਰਿਤ ਕੀਤੇ ਜਾਂਦੇ ਹਨ। ਜਿਨ੍ਹਾਂ ਨੂੰ ਪੈਰੋਕਾਰ ਆਪਣੀ ਜ਼ਿੰਦਗੀ ਵਿਚ ਅਪਣਾ ਕੇ ਜਨਮ ਤੋਂ ਲੈ ਕੇ ਮੌਤ ਤੱਕ ਦਾ ਸਫ਼ਰ ਤੈਅ ਕਰਦੇ ਹਨ। ਹਰ ਧਰਮ ਆਪਣੀ ਇਕ ਵਿਸ਼ੇਸ਼ ਰਹਿਣੀ ਅਤੇ ਜੀਵਨ - ਜਿਊਣਾ ਦੇ ਚੱਜ ਆਚਾਰ ਕਰਕੇ ਆਪਣੀ ਪਛਾਣ ਸਥਾਪਤ ਕਰਦਾ ਹੈ। ਇਹ ਰਹਿਣੀ ਅੰਤਰਮੁਖਤਾ ਵਿਚ ਰੂਹਾਨੀਅਤ ਨਾਲ ਸਰਸ਼ਾਰ ਹੁੰਦੀ ਹੈ ਅਤੇ ਸਮਾਜਿਕ ਵਰਤਾਰੇ ਵਿਚ ਨੈਤਿਕ ਮੁੱਲਾਂ ਅਤੇ ਜੀਵਨ ਜਾਚ ਦਾ ਨਿਵੇਕਲਾ ਮੁਹਾਂਦਰਾ ਪ੍ਰਦਾਨ ਕਰਦੀ ਹੈ। ਇਸ ਨਿਯਮਾਵਲੀ ਨੂੰ ਸਿੱਖ ਮੱਤ ਵਿਚ ਰਹਿਤ ਮਰਿਯਾਦਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਸਿੱਖ ਮੁਹਾਵਰੇ ਵਿਚ ਅੰਤਰਮੁਖਤਾ ਨੂੰ ਬਾਣੀ ਅਤੇ ਬਾਹਰਮੁਖਤਾ ਨੂੰ ਬਾਣਾ ਕਿਹਾ ਗਿਆ ਹੈ।

## 4.2 ਪਰਿਭਾਸ਼ਾ

ਰਹਿਤ ਮਰਿਯਾਦਾ ਤੋਂ ਭਾਵ ਧਾਰਮਿਕ ਨਿਯਮਾਂ ਦੀ ਬੰਦਸ਼ ਜਾਂ ਪਾਬੰਦੀ ਵਿਚ ਰਹਿਣ ਦੀ ਜੀਵਨ-ਜਾਚ ਹੈ। ਇਸਲਾਮੀ ਸਭਿਆਚਾਰ ਵਿਚ ਇਸ ਸ਼ਬਦ ਸ਼ਰ੍ਹਾ-ਸ਼ਰੀਅਤ ਵਰਤਿਆ ਗਿਆ ਹੈ। ਰਹਿਤ ਸ਼ਬਦ ਸਿੱਖ ਦੇ ਜੀਵਨ ਲਈ

ਏਨਾ ਰੂੜ. ਹੋ ਗਿਆ ਹੈ ਕਿ ਰਹਿਤ ਮਰਿਯਾਦਾ ਤੋਂ ਸਿੱਧਾ ਭਾਵ ਸਿੱਖ ਰਹਿਤ ਮਰਿਯਾਦਾ ਹੀ ਲਿਆ ਜਾਂਦਾ ਹੈ। ਇਵੇਂ ਇਹ ਸ਼ਬਦ ਸਿੱਖ ਦੀ ਰਹਿਣੀ ਦਾ ਪਰਿਭਾਸ਼ਕ ਜਾਂ ਤਕਨੀਕੀ ਸ਼ਬਦ ਹੈ।

ਇਹ ਦੋ ਵੱਖ-ਵੱਖ ਭਾਸ਼ਾਵਾਂ ਦੇ ਸ਼ਬਦਾਂ ਦੇ ਮੇਲ ਤੋਂ ਵਿਉਤਪਤ ਹੋਇਆ ਹੈ, 'ਰਹਿਤ' ਪੰਜਾਬੀ ਦਾ ਸ਼ਬਦ ਹੈ ਜੋ ਕਿਰਿਆ ਰੂਪ 'ਰਹਿਣਾ' ਤੋਂ ਨਿਕਲਿਆ ਹੈ ਅਤੇ ਮਰਿਯਾਦਾ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਮਰਯ+ਆਦਾ ਤੋਂ ਬਣਿਆ ਹੈ। 'ਮਰਯਾ' ਭਾਵ ਬੰਦਸ਼ ਜਾਂ ਸੀਮਾ ਹੈ ਅਤੇ 'ਆਦਾ' ਦਾ ਅਰਥ ਪ੍ਰਵਾਨ ਕਰ ਲੈਣਾ ਹੈ।

## 4.3 ਸਿੱਖ ਰਹਿਤ ਮਰਿਯਾਦਾ ਦਾ ਆਧਾਰ

ਸਿੱਖ ਰਹਿਤ ਮਰਿਯਾਦਾ ਸਿੱਖ ਮੱਤ ਦਾ ਬਾਹਰਲਾ ਚਿੰਨ੍ਹ ਹੈ। ਚਿੰਨ੍ਹ ਸਦਾ ਕਿਸੇ ਵਸਤੂ ਦੇ ਪ੍ਰਤੀਕ ਹੁੰਦੇ ਹਨ। ਇਹ ਗੱਲ ਸਭ ਸੰਸਾਰ ਤੇ ਪ੍ਰਸਿੱਧ ਹੈ ਕਿ ਪ੍ਰਵਾਨਿਤ ਚਿੰਨ੍ਹ ਹੀ ਕਿਸੇ ਧਰਮ ਜਾਂ ਕਿਸੇ ਵਿਸ਼ਵਾਸ ਜਾਂ ਵਸਤੂ ਦਾ ਪ੍ਰਗਟਾਅ ਕਰ ਸਕਦੇ ਹਨ। ਜਿੱਥੇ ਰੈੱਡ ਕਰਾਸ ਹੋਵੇਗਾ ਅਸੀਂ ਸਮਝ ਲੈਂਦੇ ਹਾਂ ਇੱਥੇ ਹਸਪਤਾਲ ਹੋਵੇਗਾ, ਜਿੱਥੇ ਕਰਾਸ ਹੋਵੇ ਉੱਥੇ ਚਰਚ। ਇਸੇ ਤਰ੍ਹਾਂ ਜਗਤ ਭਰ ਵਿੱਚ ਕਈ ਪ੍ਰਕਾਰ ਦੇ ਚਿੰਨ੍ਹ ਮੌਜੂਦ ਹਨ ਤੇ ਉਨ੍ਹਾਂ ਚਿੰਨ੍ਹਾਂ ਤੋਂ ਅਸਲ ਵਸਤੂ ਦਾ ਅੰਦਾਜ਼ਾ ਲਾ ਲੈਂਦੇ ਹਨ। ਸਿੱਖ ਮੱਤ ਦਾ ਬਾਹਰਲਾ ਚਿੰਨ੍ਹ ਸਿੱਖ ਰਹਿਤ ਮਰਿਯਾਦਾ ਹੈ। ਸਿੱਖ ਰਹਿਤ ਮਰਿਯਾਦਾ ਉੰਨੀ ਹੀ ਮਹਾਨਤਾ ਰੱਖਦੀ ਹੈ ਜਿੰਨਾਂ ਕਿ ਸਿੱਖ ਮੱਤ। ਕਿਉਂਕਿ ਰਹਿਤ ਮਰਿਯਾਦਾ ਹੀ ਸਿੱਖ ਮੱਤ ਦੀ ਪ੍ਰਤੀਕ ਹੋ ਸਕਦੀ ਹੈ।ਸਿੱਖ ਰਹਿਤ ਮਰਿਯਾਦਾ ਸਿੱਖ ਸਦਾਚਾਰ ਦਾ ਇੱਕ ਜ਼ਰੂਰੀ ਅੰਗ ਹੈ ਅਤੇ ਸਿੱਖ ਇਤਿਹਾਸ ਦੀ ਮਹਾਨ ਦੇਣ। ਜਿਸ ਨੂੰ ਗੁਰਬਾਣੀ, ਭਾਈ ਗੁਰਦਾਸ ਜੀ ਤੇ ਹੋਰ ਰਹਿਤਨਾਮਿਆਂ ਦੇ ਵਿੱਚ ਬਿਆਨ ਕੀਤਾ ਹੈ।

ਗੁਰਮਤਿ ਦੇ ਅਨੁਸਾਰ ਰਹਿਤ ਦੋ ਪ੍ਰਕਾਰ ਦੀ ਹੈ:-

### 4.3.1 ਸ਼ਖ਼ਸੀ ਰਹਿਣੀ

4.3.1.1 ਨਾਮ ਬਾਣੀ ਦਾ ਅਭਿਆਸ

4.3.1.2 ਗੁਰਮਤਿ ਰਹਿਣੀ

4.3.1.3 ਸੇਵਾ

#### 4.3.1.1 ਨਾਮ ਬਾਣੀ ਦਾ ਅਭਿਆਸ

ਸ਼ਖਸੀ ਰਹਿਣੀ ਅਨੁਸਾਰ ਸਭ ਤੋਂ ਪਹਿਲਾ ਨਾਮ ਬਾਣੀ ਦੇ ਅਭਿਆਸ ਦੀ ਤਾਕੀਦ ਕੀਤੀ ਗਈ ਹੈ ਕਿਉਂਕਿ ਨਾਮ ਰਾਹੀਂ ਹੀ ਆਤਮਾ ਦਾ ਪਰਮਾਤਮਾ ਨਾਲ ਮਿਲਾਪ ਸੰਭਵ ਹੋ ਸਕਦਾ ਹੈ। ਸ਼ਖ਼ਸ਼ੀ ਰਹਿਣੀ ਮਨੁੱਖ ਦੀ ਅੰਦਰਲੀ ਰਹਿਤ ਨਾਲ ਸੰਬੰਧਿਤ ਹੈ ਵਿਚ ਨਾਮ ਜਪਣਾ, ਸੁਨਣਾ ਅਤੇ ਵਿਚਾਰਨਾ ਹੀ ਅਸਲ ਜੀਵਨ ਹੈ। 'ਨਾਮ ਦਾਨ ਇਸ਼ਨਾਨ' ਨੂੰ ਇਸੇ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ। ਨਾਮ ਪ੍ਰਮੁੱਖ ਹੈ ਅਤੇ ਬਾਕੀ ਸਾਰੇ ਰਾਹ ਇਥੋਂ ਹੋ ਕੇ ਹੀ ਜਾਂਦੇ ਹਨ। ਨਾਮ ਜਪਣਾ ਹੀ ਅਸਲ 'ਨਾਮ ਦਾਨ ਇਸ਼ਨਾਨ' ਹੈ:

ਕਰ ਇਸਨਾਨੁ ਸਿਮਰਿ ਪ੍ਰਭ ਅਪਨਾ ਮਨ ਤਨ ਭਏ ਅਰੋਗਾ॥
ਇਸਨਾਨੁ ਦਾਨ ਜੇਤਾ ਕਰਹਿ ਦੂਜੈ ਭਾਇ ਖੁਆਰੁ॥

#### 4.3.1.2 ਗੁਰਮਤਿ ਰਹਿਣੀ

ਸ਼ਖ਼ਸੀ ਰਹਿਣੀ ਦੇ ਦੂਜੇ ਹਿੱਸੇ ਵਿਚ ਗੁਰਮਤਿ ਰਹਿਣੀ ਹੈ। ਇਸ ਅਧੀਨ ਸਿੱਖ ਦੀ ਆਮ ਰਹਿਣੀ, ਕ੍ਰਿਤ, ਵਿਰਤ ਗੁਰਮਤਿ ਅਨੁਸਾਰ ਹੋਣਾ ਨੂੰ ਤਾਕੀਦ ਕੀਤਾ ਹੈ। ਇਕ ਅਕਾਲ ਪੁਰਖ ਨੂੰ ਧਿਆਉਣਾ, ਦਸ ਗੁਰੂ ਸਾਹਿਬਾਨ ਨੂੰ ਇਕ ਰੂਪ ਮੰਨਣਾ, ਜਾਤ ਪਾਤ ਅਤੇ ਊਚ-ਨੀਚ ਤੋਂ ਉੱਪਰ ਉਠਣਾ, ਸਿੱਖ ਲਈ ਗੁਰਮੁਖੀ ਵਿਦਿਆ ਪੜਣੀ ਜਰੂਰੀ ਖਾਲਸਾ ਕਿਸੇ ਅਧਰਮੀ ਦਾ ਦਿਲ ਨਾ ਦੁਖਾਵੇ ਕੇਸ ਰੱਖਣ, ਨਸ਼ੇ ਦੀ ਵਰਤੋਂ ਨਾ ਕਰਨਾ, ਸਿੱਖ ਕੰਨਿਆ ਨਾ ਮਾਰੇ, ਧਰਮ ਦੀ ਕਿਰਤ ਕਰਨਾ ਗੁਰੂ ਕਾ ਸਿੱਖ ਗਰੀਬ ਦੀ ਰਸਨਾ ਨੂੰ ਗੁਰੂ ਕੀ ਗੋਲਕ ਜਾਣੇ, ਚੋਰੀ ਨਾ ਕਰੇ ਅਤੇ ਜੂਆ ਨਾ ਖੇਡੋ ਪਰ ਬੇਟੀ ਜਾਨੈ ਦੇ ਨਾਲ ਹੀ ਜਨਮ ਤੇ ਨਾਮ ਸੰਸਕਾਰ, ਅਨੰਦ ਸੰਸਕਾਰ ਮ੍ਰਿਤਕ ਸੰਸਕਾਰ ਬਾਰੇ ਵਿਚਾਰ ਕੀਤੀ ਗਈ ਹੈ।

#### 4.3.1.3 ਸੇਵਾ

ਸ਼ਖਸੀ ਰਹਿਣੀ ਦਾ ਤੀਜਾ ਪ੍ਰਮੁੱਖ ਅੰਗ ਸੇਵਾ ਹੈ। ਸੇਵਾ ਸਿੱਖ ਧਰਮ ਦਾ ਇਕ ਮਹੱਤਵਪੂਰਣ ਅੰਗ ਹੈ। ਇਸ ਨੂੰ ਨਮੂਨੇ ਮਾਤਰ ਸਿਖਾਉਣ ਲਈ ਗੁਰਦੁਆਰਿਆਂ ’ਚ ਹੀ ਪ੍ਰਬੰਧ ਕੀਤਾ ਹੁੰਦਾ ਹੈ ਜਿਵੇਂ ਕਿ ਗੁਰਦੁਆਰੇ ਵਿਚ ਝਾੜੂ ਫੇਰਨ ਦੀ ਸੇਵਾ, ਸੰਗਤਾਂ ਨੂੰ ਪਾਣੀ ਪੱਖੇ ਦੀ ਸੇਵਾ, ਜੋੜੇ ਝਾੜਣ ਦੀ ਸੇਵਾ ਆਦਿ। ਗੁਰੂ ਘਰ ਵਿਚਲੇ ਅਜਿਹੇ ਕੰਮਾਂ ਨਾਲ ਸਿੱਖਾ ਨੂੰ ਇਕ ਪਾਸੇ ਸੇਵਾ ਭਾਵਨਾ ਨਾਲ ਜੋੜਿਆ ਜਾਂਦਾ ਹੈ ਅਤੇ ਦੂਜੇ ਪਾਸੇ ਊਚ-ਨੀਚ, ਛੂਤ-ਛਾਤ, ਵਰਣ-ਜਾਤ ਤੋਂ ਉਪਰ ਉੱਠਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਚਰਣ ਦੀ ਸ਼ੁੱਧਤਾ ਲਈ ਨਾਮ ਦੇ ਨਾਲ-ਨਾਲ ਸੇਵਾ ਨੂੰ ਉੱਤਮ ਦੱਸਿਆ ਗਿਆ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਸਿੱਖੀ ਦੀ ਮੂਲ ‘ਰਹਿਤ’ ਵਿਚ ਨਾਮ ਤੇ ਸੇਵਾ ਦਾ ਸੰਗਮ ਰਚਿਆ ਹੈ:

ਸਤਗੁਰ ਕੀ ਸੇਵਾ ਗਾਖੜੀ ਸਿਰੁ ਦੀਜੈ ਆਪੁ ਗਵਾਇ॥
ਸਬਦਿ ਮਿਲਹਿ ਤਾ ਹਰਿ ਮਿਲੈ ਸੇਵਾ ਪਵੈ ਸਭ ਥਾਇ॥

ਸੇਵਾ ਦੁਆਰਾ ਮਨੁੱਖ ਆਪਣੇ ਨਿੱਜਤਵ ਤੋਂ ਉਪਰ ਉੱਠ ਕੇ ਸਰਬੱਤ ਦੇ ਭਲੇ ਲਈ ਕਾਰਜ ਕਰਦਾ ਹੈ। ਇਹ ਇਕ ਅਜਿਹਾ ਅਮਲ ਹੈ ਜਿਸ ਲਈ ਸਮਰਪਣ ਦੀ ਜ਼ਰੂਰਤ ਹੈ। ਸੇਵਾ ਲਈ ਸਵਾਰਥ ਨਹੀਂ ਬਲਕਿ ਪ੍ਰੇਮ ਹੋਣਾ ਚਾਹੀਦਾ ਹੈ ਕਿਉਂਕਿ ਤਨ, ਮਨ, ਧਨ ਨਾਲ ਕੀਤੀ ਸੇਵਾ ਹੀ ਪ੍ਰਵਾਨ ਚੜ੍ਹਦੀ ਹੈ।

ਮਨੁੱਖ ਦੀ ਅੰਦਰਲੀ ਰਹਿਤ ਦੇ ਬਾਰੇ ਗੁਰੂ ਸਾਹਿਬ ਨੇ ਗੁਰਬਾਣੀ ਦਾ ਉਪਦੇਸ਼ ਕੀਤਾ ਹੈ ਕਿ ਜਿਹੜਾ ਗੁਰੂ ਦਾ ਸਿੱਖ ਹੈ, ਉਸ ਦਾ ਨਿੱਤ ਦਾ ਨੇਮ ਕੀ ਹੈ। ਰੋਜ਼ਾਨਾ ਉਸਨੇ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਗੁਰੂ ਦੀ ਬਾਣੀ ਦਾ ਜਾਪ ਕਰਨਾ ਹੈ, ਇਹ ਰਹਿਤ ਦਾ ਇੱਕ ਅੰਗ ਹੈ। ਗੁਰੂ ਸਾਹਿਬ ਉਚਾਰਨ ਕਰਦੇ ਹਨ ਕਿ:-

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿਨਾਮੁ ਧਿਆਵੈ॥

ਜੋ ਸਾਸਿ ਗਿਰਾਸਿ ਧਿਆਇ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 305-306)

ਇੱਕ ਜਗ੍ਹਾ ਹੋਰ ਲਿਖਦੇ ਹਨ ਕਿ ਰਹਿਤ ਤੋਂ ਬਿਨਾਂ ਕੁੱਝ ਵੀ ਨਹੀਂ ਹੈ। ਇਹ ਰਹਿਤ ਹੀ ਹੈ ਜੋ ਕਿ ਮਨੁੱਖ ਨੂੰ ਅੰਦਰੋਂ ਤੇ ਬਾਹਰੋਂ ਇੱਕ ਬਣਾਉਂਦੀ ਹੈ। ਨਹੀਂ ਤਾਂ ਮਨੁੱਖ ਅੰਦਰੋਂ ਤਾਂ ਲਾਲਚ, ਫਰੇਬ ਦੇ ਵਿੱਚ ਫਸਿਆ ਹੋਇਆ ਹੈ ਤੇ ਬਾਹਰ ਦਾ ਭੇਖ ਠੱਗਾਂ ਵਾਲਾ ਹੈ। 'ਸੁਖਮਨੀ ਸਾਹਿਬ' ਦੇ ਵਿੱਚ ਗੁਰੂ ਸਾਹਿਬ ਫੁਰਮਾਣ ਕਰਦੇ ਹਨ:-

ਰਹਤ ਅਵਰ ਕਛੁ ਅਵਰ ਕਮਾਵਤ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ॥
ਬਾਹਰਿ ਭੇਖ ਨ ਕਾਹੂ ਭੀਨ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-269)

ਇਹ ਅੰਦਰੂਨੀ ਰਹਿਤ ਹੈ ਜੋ ਕਿ ਮਨੁੱਖ ਨੂੰ ਸੱਚ ਦੇ ਨਾਲ ਜੋੜਨ ਦੇ ਵਿੱਚ ਸਹਾਈ ਹੁੰਦੀ ਹੈ। ਜਦੋਂ ਅਸੀਂ ਇਤਿਹਾਸਕ ਤੌਰ 'ਤੇ ਵੀ ਰਹਿਤ ਬਾਰੇ ਪੜ੍ਹਦੇ ਹਾਂ ਤਾਂ ਲਿਖਿਆ ਮਿਲਦਾ ਹੈ ਕਿ ਗੁਰੂ ਸਾਹਿਬਾਨ ਰਹਿਤ ਨੂੰ ਇੰਨੀ ਮਹਾਨਤਾ ਦਿੰਦੇ ਸਨ ਕਿ ਇੱਥੋਂ ਤੱਕ ਵੀ ਗੁਰੂ ਜੀ ਬਿਆਨ ਕਰਦੇ ਹਨ ਕਿ:-

ਰਹਤ ਪਿਆਰੀ ਮੁਝ ਕੋ ਸਿਖੁ ਪਿਆਰਾ ਨਾਹਿ॥

ਇਹ ਰਹਿਤ ਦੀ ਮਹਾਨਤਾ ਹੀ ਹੈ ਕਿ ਗੁਰੂ ਨੇ ਸਿੱਖ ਨੂੰ ਆਪਣਾ ਰੂਪ ਹੀ ਕਿਹਾ ਹੈ।

ਖਾਲਸਾ ਮੇਰੋ ਰੂਪ ਹੈ ਖਾਸ॥
ਖਾਲਸੇ ਮਹਿ ਹੌਂ ਕਰੌਂ ਨਿਵਾਸ॥

### 4.3.2 ਪੰਥਕ ਰਹਿਣੀ

4.3.2.1 ਗੁਰੂ ਪੰਥ

4.3.2.2 ਅੰਮ੍ਰਿਤ ਸੰਸਕਾਰ

4.3.2.3 ਤਨਖਾਹ ਲਾਉਣ ਦੀ ਵਿਧੀ

4.3.2.4 ਗੁਰਮਤਾ ਕਰਨ ਦੀ ਵਿਧੀ

4.3.2.5 ਸਥਾਨਕ ਫੈਸਲਿਆਂ ਦੀ ਅਪੀਲ

ਦੂਸਰੇ ਤੌਰ ਤੇ ਪੰਥਕ ਰਹਿਣੀ ਜੋ ਕਿ ਬਾਹਰਲੀ ਰਹਿਤ ਹੈ। ਮਨੁੱਖ ਨੇ ਬਾਹਰੀ ਤੌਰ ਤੇ ਕਿਹੜੀਆਂ ਬੁਰਿਆਈਆਂ ਤੋਂ ਬਚ ਕੇ ਰਹਿਣਾ ਹੈ। ਇਹ ਵੀ ਬਹੁਤ ਮਹੱਤਵਪੂਰਨ ਹੈ। ਸਿੱਖ ਇਤਿਹਾਸ ਨੂੰ ਵਾਚਿਆਂ ਇਹ ਗੱਲ ਦ੍ਰਿੜ੍ਹ ਹੋ ਜਾਂਦੀ ਹੈ ਕਿ ਪੁਰਾਤਨ ਸਿੱਖ ਗੁਰੂ ਸਾਹਿਬਾਨ ਦੀ ਦੱਸੀ ਰਹਿਤ ਮਰਿਯਾਦਾ ਨੂੰ ਕਿੰਨੀ ਮਹਾਨਤਾ ਦਿੰਦੇ ਸਨ।

ਗੁਰੂ ਸਾਹਿਬ ਦੀ ਦੱਸੀ ਰਹਿਤ ਤੇ ਚੱਲਦੇ ਹੋਏ ਉਹ ਦ੍ਰਿੜ੍ਹ ਰਹੇ ਅਤੇ ਵੱਧ ਤੋਂ ਵੱਧ ਕੁਰਬਾਨੀਆਂ ਕੀਤੀਆਂ। ਇਸੇ ਕਰਕੇ ਸਿੱਖ ਹਰ ਰੋਜ਼ ਅਰਦਾਸ ਵਿੱਚ ਉਹਨ੍ਹਾਂ ਸੂਰਬੀਰ ਸਿੰਘ ਸਿੰਘਣੀਆਂ ਦਾ ਕਥਨ ਕਰਦੇ ਹਨ:-

"ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ-ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੜੀਆਂ ਤੇ ਚੜ੍ਹੇ, ਆਰਿਆਂ ਨਾਲ ਚਰਾਏ ਗਏ, ਧਰਮ ਨਹੀਂ ਹਾਰਿਆ, ਸਿੱਖੀ ਕੇਸਾਂ ਸੁਆਸਾਂ ਨਾਲ ਨਿਬਾਹੀ ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ ਖਾਲਸਾ ਜੀ ਬੋਲੋ, ਵਾਹਿਗੁਰੂ॥"

ਵਿਸਾਖੀ ਵਾਲੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਜੋ ਰਹਿਤ ਮਰਿਯਾਦਾ ਦੱਸੀ, ਉਸ ਬਾਰੇ ਕਵਿ ਸੈਨਾਪਤਿ ਲਿਖਦਾ ਹੈ:-

ਕੀਏ ਜਦਿ ਬਚਨਿ ਸਤਿਗੁਰੂ ਕਾਰਨ ਕਰਨ ਸਰਬ ਸੰਗਤ ਆਦਿ ਅੰਤ ਮੇਰਾ ਖਾਲਸਾ।<br>
ਮਾਨੇਗਾ ਹੁਕਮ ਸੋ ਹੋਵੇਗਾ ਸਿੱਖ ਸਹੀ ਨਾ ਮਾਨੇਗਾ ਹੁਕਮ ਸੋ ਹੋਵੇਗਾ ਬਿਹਾਲਸਾ।<br>
ਪਾਂਚ ਕੀ ਕੁਸੰਗਤਿ ਤਜਿ ਸੰਗਤਿ ਸੋ ਪ੍ਰੀਤ ਕਰੇ<br>
ਦਯਾ ਔਰ ਧਰਮ ਧਾਰੇ ਤਿਆਗੇ ਸਭ ਲਾਲਸਾ<br>
ਹੁਕਾ ਨ ਪੀਵੈ ਸੀਸ ਦਾੜੀ ਨ ਮੁੰਡਾਵੈ<br>
ਸੋ ਤੇ ਵਾਹਿਗਰੂ ਵਾਹਿਗੁਰੂ ਗੁਰੂ ਜੀ ਕਾ ਖਾਲਸਾ।

ਰਹਿਤਨਾਮਿਆਂ ਵਿੱਚ ਵੀ ਸਪੱਸ਼ਟ ਤੌਰ ਤੇ ਲਿਖਿਆ ਹੈ:-

ਗੁਰੂ ਕੀ ਮੋਹਰੇ ਗੁਰੂ ਸਮ ਜਾਣੈ।<br>
ਗੁਰੂ ਸਮ ਅਦਬ ਕੇਸ ਕੋ ਠਾਣੇ।

ਅਠ੍ਹਾਰਵੀਂ ਸਦੀ ਵਿੱਚ ਸਿੱਖਾਂ ਤੇ ਮੁਸੀਬਤਾਂ ਦਾ ਸਮਾਂ ਸੀ ਤੇ ਕੇਸਾਂ ਤੇ ਦਾੜ੍ਹੀ ਵਾਲਿਆਂ ਨੂੰ ਹੀ ਨਿਸ਼ਾਨਾ ਬਣਾਇਆ ਜਾਂਦਾ ਸੀ। ਜਦੋਂ ਬੰਦਾ ਸਿੰਘ ਬਹਾਦਰ ਨੇ ਸਰਹਿੰਦ ਤੇ ਹੋਰ ਲਾਗਲੇ ਇਲਾਕੇ ਜਿੱਤ ਕੇ ਮੁਗ਼ਲ ਸਾਮਰਾਜ ਵਿੱਚ ਤਰਥੱਲੀ ਮਚਾ ਦਿੱਤੀ ਤਾਂ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਆਪ ਫੌਜਾਂ ਲੈ ਕੇ ਦੱਖਣ ਤੋਂ ਉੱਤਰੀ ਹਿੰਦ ਵੱਲ ਆਇਆ। ਉਹ ਦਾੜ੍ਹੀਆਂ ਤੇ ਕੇਸਾਂ ਵਾਲਿਆਂ ਤੋਂ ਐਨਾ ਭੈ-ਭੀਤ ਸੀ ਕਿ ਉਸ ਨੇ ਹੁਕਮ ਕੀਤਾ ਕਿਧਰੇ ਸਿੱਖ ਦੀ ਸ਼ਕਲ ਵੀ ਨਜ਼ਰ ਨਾ ਆਵੇ ਤੇ ਇਹ ਵੀ ਫੁਰਮਾਨ ਜਾਰੀ ਕੀਤਾ ਕਿ ਜੋ ਵੀ ਸ਼ਾਹੀ ਕੈਂਪ ਵਿੱਚ ਹਿੰਦੂ ਜਾਂ ਮੁਸਲਮਾਨ ਹਨ, ਦਾੜ੍ਹੀਆਂ ਮੁਨਾ ਦੇਣ ਤਾਂ ਜੋ ਕੋਈ ਸਿੱਖ ਸ਼ਾਹੀ ਕੈਂਪ ਦੇ ਨੇੜੇ ਨਾ ਆ ਸਕੇ।

ਜਦੋਂ ਬੰਦਾ ਸਿੰਘ ਬਹਾਦਰ ਨੂੰ ਪਕੜਿਆ ਗਿਆ ਅਤੇ ਆਪਣੇ ਸੱਤ ਸੌ ਸਾਥੀਆਂ ਸਣੇ ਦਿੱਲੀ ਲੈ ਜਾਇਆ ਗਿਆ, ਉਸ ਵੇਲੇ ਸਭ ਸਿੱਖਾਂ ਨੂੰ ਮੁਸਲਮਾਨ ਹੋਣ ਲਈ ਕਿਹਾ ਗਿਆ। ਪਰ, ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੱਖੀ ਨੂੰ ਜਾਨ ਤੋਂ ਵੱਧ ਪਿਆਰਦੇ ਸਨ। ਸਿੱਖੀ ਕੇਸਾਂ ਸੁਆਸਾਂ ਤੱਕ ਨਿਭਾਉਂਦੇ ਹੋਏ ਸ਼ਹੀਦੀਆਂ ਪਾ ਗਏ। ਖ਼ਾਫ਼ੀ ਖ਼ਾਂ ਇੱਕ ਸਿੱਖ ਨੌਜਵਾਨ ਦੀ ਕਹਾਣੀ ਅੰਕਿਤ ਕਰਦਾ ਹੈ ਜਿਸ ਵਿੱਚ ਲਿਖਿਆ ਹੈ ਕਿ ਉਸ ਦੀ ਮਾਂ ਫ਼ਰੁਖ਼ਸੀਅਰ ਬਾਦਸ਼ਾਹ ਕੋਲ ਗਈ ਤੇ ਫ਼ਰਿਆਦ ਕੀਤੀ ਕਿ ਉਸ ਦਾ ਪੁੱਤਰ ਸਿੱਖ ਨਹੀਂ, ਪਰ ਸਿੱਖ ਸਮਝਕੇ ਫੜਿਆ ਗਿਆ ਹੈ। ਫ਼ਰੁਖ਼ਸੀਅਰ

ਬਾਦਸ਼ਾਹ ਨੇ ਬੁੱਢੀ ਮਾਂ ਤੇ ਤਰਸ ਖਾ ਕੇ ਉਸ ਦੇ ਪੁੱਤਰ ਦੀ ਰਿਹਾਈ ਦਾ ਹੁਕਮ ਦੇ ਦਿੱਤਾ। ਦੇਵਨੇਤ ਨਾਲ ਉਹ ਉਸ ਵੇਲੇ ਹੁਕਮ ਲੈ ਕੇ ਪੁੱਜੀ ਜਦੋਂ ਉਸ ਦਾ ਪੁੱਤਰ ਸ਼ਹੀਦ ਹੋਣ ਵਾਲਾ ਸੀ। ਬਾਦਸ਼ਾਹ ਦਾ ਹੁਕਮ ਦਿਖਾ ਕੇ ਉਸ ਨੇ ਆਪਣੇ ਪੁੱਤਰ ਨੂੰ ਛੁਡਾ ਲਿਆ। ਪਰ, ਉਸ ਸਿੱਖ ਨੌਜਵਾਨ ਨੇ ਕਿਹਾ ਕਿ ਮੇਰੀ ਮਾਂ ਝੂਠ ਬੋਲਦੀ ਹੈ। ਮੈਂ ਸਿੱਖ ਹਾਂ ਅਤੇ ਸਿੱਖ ਰਹਿਤ ਮਰਿਯਾਦਾ ਤੇ ਚੱਲਣ ਵਾਲਾ ਹਾਂ ਅਤੇ ਮੈਂ ਆਪਣੇ ਸਾਥੀ ਸਿੰਘਾਂ ਨਾਲ ਸ਼ਹੀਦ ਹੋਵਾਂਗਾ। ਸਿੱਖੀ ਦਾ ਪਾਲਣ ਕਰਦਾ ਹੋਇਆ ਉਹ ਸ਼ਹੀਦ ਹੋ ਗਿਆ।

#### 4.3.2.1 ਗੁਰੂ ਪੰਥ

ਪੰਥਕ ਰਹਿਣੀ ਅਧੀਨ ਸਭ ਤੋਂ ਪਹਿਲਾਂ ਗੁਰੂ ਪੰਥ ਨੂੰ ਲਿਆ ਗਿਆ ਹੈ। ਗੁਰੂ ਪੰਥ ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ ਕਿਹਾ ਜਾਂਦਾ ਹੈ।

#### 4.3.2.2 ਅੰਮ੍ਰਿਤ ਸੰਸਕਾਰ

ਇਹ ਸੰਸਕਾਰ ਮਨੁੱਖ ਦੇ ਪਰਤੱਖ ਰੂਪ ਵਿਚ ਖਾਲਸਾ ਪੰਥ ਦਾ ਅੰਗ ਬਣਨ ਨਾਲ ਸਬੰਧਤ ਹੈ । ਪੰਥਕ ਰਹਿਣੀ ਦਾ ਇਹ ਅਗਲਾ ਪ੍ਰਮੁੱਖ ਅੰਗ ਹੈ। ਅੰਮ੍ਰਿਤ ਸੰਸਕਾਰ ਦੀ ਦੀ ਰਵਾਇਤ ਗੁਰੂ ਗੋਬਿੰਦ ਸਿੰਘ ਜੀ ਨਾਲ ਸ਼ੁਰੂ ਹੁੰਦੀ ਹੈ ਅਤੇ ਖਾਲਸਾ ਪੰਥ ਰਾਹੀਂ ਪ੍ਰਵਾਨ ਚੜ੍ਹਦੀ ਹੈ।

#### 4.3.2.3 ਤਨਖ਼ਾਹ ਲਾਉਣ ਦੀ ਵਿਧੀ

ਤਨਖ਼ਾਹੀਏ ਤੋਂ ਭਾਵ ਸਜ਼ਾ ਦਾ ਹੱਕਦਾਰ ਹੈ। ਉਹ ਸਿੱਖ ਜੋ ਰਹਿਤ ਵਿਚ ਭੁੱਲ ਕਰਦਾ ਹੈ। ਜਿਵੇਂ ਮੀਣੇ ਮਸੰਦ, ਧੀਰ ਮੱਲੀਏ, ਰਾਮਰਾਈਏ ਜਾਂ ਨੜੀਮਾਰ, ਕੁੜੀਮਾਰ, ਸਿਰਗੁੰਮ, ਆਦਿ ਨਾਲ ਵਰਤਣਾ, ਦਾਹੜਾ ਰੰਗਣਾ, ਨਸ਼ੇ ਦਾ ਸੇਵਨ ਕਰਨਾ, ਗੁਰਮਤਿ ਵਿਰੋਧੀ ਸੰਸਕਾਰ ਕਰਨੇ ਆਦਿ ਕਾਰਜ ਕਰਨ ਵਾਲਾ ਤਨਖ਼ਾਹੀਆ ਹੋ ਜਾਂਦਾ ਹੈ।

ਇਸ ਵਿਚ ਜੇ ਕਿਸੇ ਸਿੱਖ ਪਾਸੋਂ ਰਹਿਤ ਵਿਚ ਭੁੱਲ ਹੋ ਜਾਵੇ ਤਾਂ ਉਸ ਦੇ ਨੇੜੇ ਦੀ ਗੁਰ-ਸੰਗਤ ਕੋਲ ਜਾ ਕੇ ਭੁੱਲ ਬਖਸ਼ਾਉਣ ਬਾਰੇ ਦੱਸਿਆ ਗਿਆ ਹੈ। ਇਸ ਉਪਰ ਫੈਸਲਾ ਲੈਣ ਲਈ ਗੁਰ-ਸੰਗਤ ਕੋਲ ਤਨਖ਼ਾਹ ਤਜ਼ਵੀਜ ਕਰਨ। ਤਨਖ਼ਾਹ ਕਿਸੇ ਕਿਸਮ ਦੀ ਸੇਵਾ ਖਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ ਲਾਈ ਜਾਣੀ ਚਾਹੀਦੀ ਹੈ। ਅੰਤ ਵਿਚ ਸੋਧ ਦੀ ਅਰਦਾਸ ਕਰਨ ਦੀ ਤਾਕੀਦ ਕੀਤੀ ਗਈ ਹੈ।

#### 4.3.2.4 ਗੁਰਮਤਾ ਕਰਨ ਦੀ ਵਿਧੀ

ਗੁਰਮਤਾ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ- 'ਗੁਰੂ' ਅਤੇ 'ਮਤਾ'। ਇਸ ਦਾ ਸ਼ਾਬਦਿਕ ਅਰਥ 'ਗੁਰੂ ਦਾ ਮਤ' ਹੈ। ਸਿੱਖ ਕੌਮ ਨਾਲ ਸੰਬੰਧਿਤ ਮਤਿਆਂ 'ਤੇ ਗੁਰੂ ਮਤ ਅਨੁਸਾਰ ਕੀਤਾ ਫੈਸਲਾ ਗੁਰਮਤਾ ਹੁੰਦਾ ਹੈ। 18ਵੀਂ ਸਦੀ ਵਿਚ ਗੁਰਮਤਾ ਸਿੱਖਾਂ ਦੀ ਕੇਂਦਰੀ ਸੰਸਥਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ-ਜੋਤਿ ਸਮਾਉਣ ਪਿੱਛੋਂ ਜਦੋਂ ਸਿੱਖਾਂ ਦਾ ਕੋਈ ਕੌਮੀ ਨੇਤਾ ਨਾ ਰਿਹਾ ਤਾਂ ਵੱਖ-ਵੱਖ ਥਾਵਾਂ ਤੋਂ ਆ ਕੇ ਸਿੱਖ ਅੰਮ੍ਰਿਤਸਰ ਵਿਖੇ ਇੱਕਠੇ ਹੁੰਦੇ ਜਿਥੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮਹੱਤਵਪੂਰਣ ਮੁਆਮਲਿਆਂ ਸੰਬੰਧੀ ਫ਼ੈਸਲੇ ਕਰਦੇ। ਇਹ ਫ਼ੈਸਲੇ ਸਭ ਲਈ ਮੰਨਣਯੋਗ ਹੁੰਦੇ ਸਨ। ਅੱਜ

ਵੀ ਇਹੀ ਪ੍ਰਥਾ ਪ੍ਰਚੱਲਿਤ ਹੈ। ਗੁਰਮਤਾ ਗੁਰੂ ਪੰਥ ਦਾ ਚੁਣਿਆ ਹੋਇਆ ਜਥਾ ਜਾਂ ਗੁਰੂ ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ।

### 4.3.2.5 ਸਥਾਨਕ ਫ਼ੈਸਲਿਆਂ ਦੀ ਅਪੀਲ

ਇਹ ਪੰਥਕ ਰਹਿਣੀ ਦਾ ਅੰਤਿਮ ਭਾਗ ਹੈ। ਸਥਾਨਕ ਗੁਰ ਸੰਗਤ ਦੇ ਫ਼ੈਸਲਿਆਂ ਦੀ ਅਪੀਲ ਅਕਾਲ ਤਖ਼ਤ ਸਾਹਿਬ ਕੋਲ ਹੋ ਸਕਦੀ ਹੈ। ਕਿਸੇ ਖਾਸ ਕਾਰਣ ਸਦਕਾ ਸਥਾਨਕ ਸੰਗਤਾਂ ਵੱਲੋਂ ਕੀਤੀ ਅਪੀਲ 'ਤੇ ਪੰਜ ਪਿਆਰਿਆਂ ਵੱਲੋਂ ਕੀਤਾ ਫ਼ੈਸਲਾ ਸੰਬੰਧਤ ਧਿਰਾਂ ਮੰਨਣ ਲਈ ਪਾਬੰਦ ਹੋਣਗੀਆਂ ਅਤੇ ਨਾ ਮੰਨਣ ਦੀ ਸੂਰਤ ਵਿਚ ਉਹ ਗੁਰੂ-ਪੰਥ ਪ੍ਰਤਿ ਜਵਾਬ ਦੇਹ ਹੋਵੇਗਾ।

## 4.4 ਰਹਿਤਨਾਮੇ

ਅਜਿਹੀ ਰਹਿਤ ਜੋ ਕਿ ਮਨੁੱਖ ਨੂੰ ਗੁਰਮੁੱਖ ਬਣਾਉਂਦੀ ਹੈ, ਇਸ ਰਹਿਤ ਨੂੰ ਦ੍ਰਿੜ੍ਹ ਕਰਾਉਣ ਦੇ ਲਈ ਗੁਰੂ ਘਰ ਦੇ ਸਿੱਖਾਂ ਨੇ ਰਹਿਤਨਾਮੇ ਲਿਖੇ। 'ਰਹਿਤਨਾਮਾ' ਦੇ ਅਰਥ ਮਹਾਨ ਕੋਸ਼ ਵਿੱਚ ਇਸ ਤਰ੍ਹਾਂ ਹਨ:

"ਉਹ ਪੁਸਤਕ, ਜਿਸ ਵਿਚ ਸਿੱਖ ਧਰਮ ਦੇ ਨਿਯਮਾਂ ਅਨੁਸਾਰ ਰਹਿਣ ਦੀ ਰੀਤ ਦੱਸੀ ਹੋਵੇ, ਸਿੱਖਾਂ ਲਈ ਵਿਧੀਨਿਧ ਕਰਮਾਂ ਦਾ ਜਿਸ ਵਿੱਚ ਵਰਣਨ ਹੋਵੇ। ਰਹਿਤਨਾਮਾ ਦੋ ਸ਼ਬਦਾਂ ਦੇ ਮੇਲ ਰਹਿਤ+ ਨਾਮਾ ਤੋਂ ਬਣਿਆ ਹੈ। 'ਰਹਿਤ' ਦਾ ਅਰਥ ਹੈ ਰਹਿਣੀ ਜਾਂ ਅਮਲ ਅਤੇ 'ਨਾਮਾ' ਫਾਰਸੀ ਸ਼ਬਦ ਹੈ ਜਿਸ ਦਾ ਅਰਥ ਹੈ ਲਿਖਤ ਜੋ ਚਿੱਠੀ ਰੂਪ ਵਿਚ ਹੋਵੇ ਜਾਂ ਪੁਸਤਕ ਰੂਪ ਵਿਚ। ਇਸ ਤਰ੍ਹਾਂ ਰਹਿਤਨਾਮਾ ਤੋਂ ਭਾਵ ਉਹ ਰਚਨਾ ਜਿਸ ਵਿਚ ਸਿੱਖ ਧਰਮ ਦੀ ਰਹਿਤ ਮਰਿਯਾਦਾ ਨੂੰ ਬਿਆਨ ਕੀਤਾ ਹੋਵੇ। ਰਤਨ ਸਿੰਘ ਜੱਗੀ ਅਨੁਸਾਰ ਰਹਿਤਨਾਮੇ ਲਿਖਣ ਦੀ ਪਰੰਪਰਾ ਦਾ ਆਰੰਭ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਹੋਇਆ ਹੈ ਅਤੇ ਇਨ੍ਹਾਂ ਨੂੰ ਲਿਖਣ ਵਾਲੇ ਵਧੇਰੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਨਿਕਟਵਰਤੀ ਸਿੱਖ ਸਨ, ਜਿਨ੍ਹਾਂ ਨੂੰ ਸਿੱਖ ਮਰਿਯਾਦਾ ਦਾ ਠੀਕ-ਠੀਕ ਪਤਾ ਸੀ। ਰਹਿਤਨਾਮੇ ਅਨੰਤ ਹਨ, ਜੋ ਪ੍ਰੇਮੀ ਸਿੱਖਾਂ ਨੇ ਆਪਣੀ-ਆਪਣੀ ਸੁਧਿ ਅਤੇ ਨਿਸਚੇ ਅਨੁਸਾਰ ਲਿਖੇ ਹਨ, ਪਰ ਉਨ੍ਹਾਂ ਦੇ ਵਾਕ ਉਹੀ ਮੰਨਣ ਯੋਗ ਹਨ, ਜੋ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਨਾਲ ਵਿਰੋਧ ਨਾ ਰੱਖਦੇ ਹੋਣ।"

ਪੰਡਿਤ ਭਗਵਾਨ ਸਿੰਘ ਨੇ ਇੱਕ "ਬਿਬੇਕਵਾਰਧਿ" ਗ੍ਰੰਥ ਲਿਖਿਆ ਹੈ, ਜਿਸ ਵਿੱਚ 37 ਰਹਿਤਨਾਮਿਆਂ ਦਾ ਸੰਗ੍ਰਹਿ ਹੈ। ਸਿੱਖ ਧਰਮ ਦੇ ਪ੍ਰਸਿੱਧ ਰਹਿਤਨਾਮੇ ਹਨ:-

### 4.4.1 ਸ੍ਰੀ ਗੁਰੂ ਗ੍ਰੰਥ ਸਾਹਿਬ

ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਰਹਿਤ ਮਰਿਯਾਦਾ ਨੂੰ ਨਿਰਧਾਰਤ ਕਰਨ ਦਾ ਮੁੱਖ ਸ੍ਰੋਤ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਜੋ ਜੀਵਨ ਜਾਚ ਦੱਸੀ ਹੈ ਉਸ ਨਾਲ ਗੁਰਮੁਖ ਪਦ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਾਮ ਦਾ ਮਹਾਤਮ ਪ੍ਰਾਪਤ ਹੈ ਅਤੇ ਨਾਲ ਹੀ ਸੇਵਾ ਪਰਉਪਕਾਰ, ਪਿਆਰ, ਨਾਮ, ਦਾਨ ਅਤੇ ਇਸ਼ਨਾਨ ਵੀ ਪ੍ਰਮੁੱਖ ਸਥਾਨ ਰੱਖਦੇ ਹਨ।

### 4.4.2 ਭਾਈ ਗੁਰਦਾਸ ਜੀ ਦੀ ਰਚਨਾ

ਇਨ੍ਹਾਂ ਵਾਰਾਂ ਵਿਚੋਂ ਸਾਧ ਸੰਗਤ, ਮੂਲ ਮੰਤਰ, ਸਤਿਗੁਰੂ, ਗੁਰਸਿੱਖਾਂ ਦੀ ਰਹਿਣੀ-ਬਹਿਣੀ, ਕਰਨੀ ਵਿਵਹਾਰ, ਗਿਆਨ, ਮਰਿਯਾਦਾ, ਭਾਵਨਾ ਅਨੁਸਾਰ ਫਲ ਪ੍ਰਾਪਤੀ, ਸ੍ਰਿਸ਼ਟੀ ਦੀ ਵਿਆਪਕਤਾ, ਨਿਮਰਤਾ ਦੇ ਗੁਣ ਅਤੇ ਪਰਉਪਕਾਰੀ ਪੱਖਾਂ ਬਾਰੇ ਜਾਣਕਾਰੀ ਮਿਲਦੀ ਹੈ। ਉਸ ਨੂੰ ਵਿਸ਼ੇ ਵਿਕਾਰ ਅਤੇ ਮੰਦੀਆਂ ਜਾਂ ਬੁਰੀਆਂ ਗੱਲਾਂ ਨੂੰ ਤਿਆਗਣ ਲਈ ਵੀ ਉਪਦੇਸ਼ ਦਿੱਤਾ ਗਿਆ ਹੈ।

### 4.4.3 ਭਾਈ ਨੰਦ ਲਾਲ ਜੀ ਦਾ ਰਹਿਤਨਾਮਾ

ਇਨ੍ਹਾਂ ਦੁਆਰਾ ਤਿੰਨ ਰਹਿਤਨਾਮੇ ਰਹਿਤਨਾਮਾ ਭਾਈ ਨੰਦ ਲਾਲ, ਤਨਖਾਹ ਨਾਮਾ, ਸਾਖੀ ਰਹਿਤ ਕੀ ਪੰਜਾਬੀ ਗੁਰਮੁਖੀ ਵਿਚ ਲਿਖੇ ਗਏ ਹਨ। ਇਨ੍ਹਾਂ ਵਿਚ ਭਾਈ ਨੰਦ ਲਾਲ ਜੀ ਇਕ ਗੁਰਸਿੱਖ ਲਈ ਰਹਿਤ ਦੀ ਮਹੱਤਤਾ ਨੂੰ ਸਾਹਮਣੇ ਲਿਆਉਂਦੇ ਹਨ। ਰਹਿਤਨਾਮਾ ਅਤੇ ਤਨਖ਼ਾਹ ਨਾਮਾ ਗੁਰੂ ਗੋਬਿੰਦ ਸਿੰਘ ਜੀ ਨਾਲ ਭਾਈ ਸਾਹਿਬ ਦੇ ਹੋਏ ਸਵਾਲਾਂ-ਜਵਾਬਾਂ ਦੀ ਤਰਜਮਾਨੀ ਕਰਦੀਆਂ ਰਚਨਾਵਾਂ ਹਨ।

### 4.4.4 ਸਰਬਲੋਹ ਗ੍ਰੰਥ

ਇਸ ਗ੍ਰੰਥ ਵਿਚ ਖਾਲਸਾ ਮਹਿਮਾ ਦੇ ਛੰਦ ਆਏ ਹਨ ਅਤੇ ਨਾਲ ਹੀ ਗ੍ਰੰਥ ਅਤੇ ਪੰਥ ਨੂੰ ਗੁਰੂ ਸਥਾਪਤ ਕਰਨ ਬਾਰੇ ਵੀ ਵਰਣਨ ਮਿਲਦਾ ਹੈ।

### 4.4.5 ਭਾਈ ਚੌਪਾ ਸਿੰਘ ਦਾ ਰਹਿਤਨਾਮਾ

ਇਸ ਵਿਚ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰਹਿਤ ਸੰਬੰਧੀ ਜੋ ਦਿਸ਼ਾ ਨਿਰਦੇਸ਼ ਦਿੱਤੇ ਸਨ, ਉਨ੍ਹਾਂ ਦਾ ਵਿਖਿਆਨ ਕੀਤਾ ਹੈ। ਹਰ ਸਿੱਖ ਨੂੰ ਰਹਿਤ ਰੱਖਣ, ਦੂਜੇ ਧਰਮ ਦੀ ਕਾਣ ਨਾ ਕਰਨ, ਸਤਿਗੁਰੂ ਦਾ ਵਚਨ ਮੰਨਣ, ਜਾਤ-ਪਾਤ ਤੋਂ ਗੁਰੇਜ਼ ਕਰਨ, ਨਾਮ ਦਾਨ, ਇਸ਼ਨਾਨ ਤੋਂ ਇਲਾਵਾ ਕੁਰਹਿਤਾਂ ਦਾ ਵਰਣਨ ਹੈ। ਕੁਰਹਿਤ ਕਰਨ ਵਾਲੇ ਨੂੰ ਤਨਖ਼ਾਹ ਲਾਉਣ ਦੀ ਵਿਧੀ ਵੀ ਦਰਜ ਹੈ।

### 4.4.6 ਭਾਈ ਪ੍ਰਹਲਾਦ ਸਿੰਘ ਦਾ ਰਹਿਤਨਾਮਾ

ਭਾਈ ਪ੍ਰਹਿਲਾਦ ਸਿੰਘ ਗੁਰੂ ਗੋਬਿੰਦ ਸਿੰਘ ਜੀ ਦਾ ਦਰਬਾਰੀ ਲੇਖਕ ਸੀ। ਇਹ ਫ਼ਾਰਸੀ ਅਤੇ ਸੰਸਕ੍ਰਿਤ ਪ੍ਰਸਿੱਧ ਵਿਦਵਾਨ ਵੀ ਸੀ। ਇਹ ਰਹਿਤਨਾਮਾ 38 ਪਦਿਆਂ ਦਾ ਹੈ। ਇਸ ਕ੍ਰਿਤ ਵਿਚ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਲਈ ਕਿਹਾ ਗਿਆ ਹੈ ਅਤੇ ਨਾਲ ਹੀ ਮੀਣਾ ਔਰ ਮਸੰਦੀਆਂ, ਮੋਨਾ, ਕੁੜੀ ਮਾਰ ਨਾਲ ਨਾ ਵਰਤਣ ਅਤੇ ਸਿੱਖ ਹੋ ਕੇ ਸਿਰ ਤੇ ਟੋਪੀ ਨਾ ਪਹਿਨਣ ਆਦਿ ਰਹਿਤਾਂ ਬਾਬਤ ਜ਼ਿਕਰ ਮਿਲਦਾ ਹੈ। ਆਪ ਲਿਖਦੇ ਹਨ:

ਮੀਣਾ ਔਰ ਮਸੰਦੀਆਂ, ਮੋਨਾ ਕੁੜੀ ਜੋ ਮਾਰ
ਹੋਇ ਸਿੱਖ ਵਰਤਨ ਕਰਹਿ ਅੰਤ ਕਰੇਗਾ ਖੁਆਰ।
ਵਾਹਿਗੁਰੂ ਕੇ ਮੰਤੁ ਬਿਨ ਜਪੈ ਅਉਰ ਕੋਈ ਜਾਪ
ਸੋ ਸਾਕਤ, ਸਿੱਖ ਮੂਲ ਨਹਿ, ਬਾਬਤ ਸ੍ਰੀ ਮੁੱਖ ਆਪ।

ਮੇਰਉ ਹੁਕਮ ਮਾਨਹਿ ਨਹੀਂ, ਕਰਹਿ ਨ ਸਿੱਖ ਕੀ ਸੇਵ

ਸੋ ਬੀਰਜ ਮਲੇਛ ਕੋ, ਪਰਗਟ ਪਛਾਨਹੁ ਭੇਵ।

ਇਸ ਰਹਿਤਨਾਮੇ ਬਾਰੇ ਸ਼ੰਕਾ ਹੈ ਕਿ ਇਹ ਭਾਈ ਪ੍ਰਹਿਲਾਦ ਸਿੰਘ ਦੁਆਰਾ ਨਹੀਂ ਰਚਿਆ ਗਿਆ।

**4.4.7 ਭਾਈ ਦੇਸਾ ਸਿੰਘ ਦਾ ਰਹਿਤਨਾਮਾ**

ਭੱਟ ਵਹੀਆਂ ਅਨੁਸਾਰ ਭਾਈ ਦੇਸਾ ਸਿੰਘ ਭਾਈ ਮਨੀ ਸਿੰਘ ਦੇ ਦਸਵੇਂ ਪੁਤਰ ਸਨ। ਇਨ੍ਹਾਂ ਦੇ ਆਪਣੇ ਕਥਨ ਅਨੁਸਾਰ, ਇਨ੍ਹਾਂ ਨੇ ਬਹੁਤ ਸਮਾਂ ਮੋਰਾਲੀ ਵਾਲੇ ਬੁੰਗੇ (ਅੰਮ੍ਰਿਤਸਰ) ਵਿਖੇ ਗੁਜਾਰਿਆ। ਇਥੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਵੀ ਠਹਿਰਿਆ ਸੀ। ਫਿਰ ਇਹ ਪਟਨੇ ਵਿਖੇ ਆ ਗਏ ਅਤੇ ਵੀਹ ਦਿਨ ਰਹੇ। ਫਿਰ ਅਗਾਂਹ ਚਲ ਪਏ। ਰਸਤੇ ਵਿਚ ਇਕ ਦਿਨ ਸੁਤਿਆਂ ਦੇ ਸੁਫ਼ਨੇ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਦਿੱਤੇ ਅਤੇ ਰਹਿਤਨਾਮਾ ਲਿਖਣ ਦਾ ਹੁਕਮ ਕੀਤਾ।

ਇਹ ਰਹਿਤਨਾਮਾ ਭਾਈ ਦੇਸਾ ਸਿੰਘ, ਭਾਈ ਨੰਦ ਲਾਲ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਸ਼ਨ ਉੱਤਰਾਂ ਦੇ ਆਧਾਰ ਤੇ ਲਿਖਿਆ ਹੋਇਆ ਹੈ। ਇਹ 146 ਬੰਦਾ ਦੀ ਰਚਨਾ ਹੈ। ਇਸ ਵਿਚ ਸਿੱਖ ਰਹਿਤਾਂ ਦੇ ਨਾਲ ਨਾਲ ਲੰਗਰ ਬਣਾਉਣ ਅਤੇ ਵਰਤਾਉਣ ਦੀ ਵਿਧੀ ਦਿੱਤੀ ਗਈ ਹੈ।

**4.4.8 ਭਾਈ ਦਯਾ ਸਿੰਘ ਦਾ ਰਹਿਤਨਾਮਾ**

ਭਾਈ ਦਯਾ ਸਿੰਘ ਜੀ ਪੰਜ ਪਿਆਰਿਆਂ ਵਿਚੋਂ ਮੁਖ ਸਨ। ਇਹ ਫ਼ਾਰਸੀ ਤੇ ਗੁਰਮਤਿ ਦੇ ਗਿਆਤਾ ਸਨ। ਇਹ ਪੂਰਾ ਜੀਵਨ ਗੁਰੂ ਸਾਹਿਬ ਦੇ ਨਾਲ ਰਹੇ। ਇਸ ਵਿਚ ਸਵੇਰੇ ਉਠ ਕੇ ਇਸ਼ਨਾਨ ਕਰਨ ਅਤੇ ਜਪੁ ਜੀ ਸਾਹਿਬ, ਜਾਪੁ ਸਾਹਿਬ ਅਤੇ ਰਾਤ ਨੂੰ ਸੋਹਿਲਾ ਬਾਣੀਆਂ ਦਾ ਪਾਠ ਕਰਨਾ ਅਤੇ ਪਰ ਨਾਰੀ, ਜੂਆ, ਚੋਰੀ, ਚੁਗਲੀ, ਨਿੰਦਾ ਨਾ ਕਰਨ ਆਦਿ ਬਾਰੇ ਵਰਣਨ ਹੈ ਅਤੇ ਜਾਤ-ਪਾਤ ਤੋਂ ਉੱਪਰ ਉੱਠ ਕੇ ਸਭ ਨੂੰ ਅੰਮ੍ਰਿਤ ਛਕਾਉਣ ਦਾ ਉਪਦੇਸ਼ ਗੁਰਮਤਿ ਅਨੁਸਾਰੀ ਹੈ। ਇਸ ਵਿਚ ਪੰਜ ਕਕਾਰਾਂ ਦੀ ਰਹਿਤ ਅਤੇ ਖਾਲਸਾ ਪੰਥ ਦੀ ਮਹੱਤਤਾ ਬਾਰੇ ਵੀ ਦੱਸਿਆ ਹੈ। ਭਾਈ ਦਯਾ ਸਿੰਘ ਜੀ ਸਿੱਖੀ ਬਾਬਤ ਲਿਖਦੇ ਹਨ

'ਸਿੱਖੀ ਭੀ ਪੰਜ ਤਰ੍ਹਾਂ ਕੀ ਹੈ- ਇਕ ਧੰਦੇ ਕੀ, ਦੂਜੀ ਦੇਖਾ ਦੇਖੀ, ਜੋ ਬਹੁਤ ਕਰਨ ਸੋ ਕਰਨਾ, ਤੀਜੀ ਹਿਰਸੀ ਜੋ ਪਦਾਰਥ ਵਾਸਤੇ -ਚੌਥੀ ਸਿਦਕੀ, ਪੰਜਵੀਂ ਭਾਵ ਕੀ'। ਇਸ ਤਰ੍ਹਾਂ ਆਪ ਨੇ ਸਿੱਖੀ ਨੂੰ ਜੀਵਨ ਜਾਚ ਵਿਚ ਧਾਰਨ ਕਰਨ 'ਤੇ ਜ਼ੋਰ ਦਿੱਤਾ ਹੈ।

**4.4.9 ਪ੍ਰੇਮ ਸੁਮਾਰਗ ਗ੍ਰੰਥ**

ਇਸ ਨੂੰ ਖਾਲਸਾਈ ਜੀਵਨ ਜਾਚ ਦਾ ਗ੍ਰੰਥ ਵੀ ਕਿਹਾ ਜਾ ਸਕਦਾ ਹੈ। ਇਸ ਗ੍ਰੰਥ ਵਿਚ ਅਕਾਲ ਪੁਰਖ ਦੀ ਆਗਿਆ, ਮਨੁੱਖ ਦੀ ਨਿੱਤ-ਕ੍ਰਿਆ ਤੇ ਰਹਿਤ ਬਾਰੇ ਜ਼ਿਕਰ ਪ੍ਰਾਪਤ ਹੁੰਦਾ ਹੈ।

**4.4.10 ਸੂਰਜ ਪ੍ਰਕਾਸ਼ ਗ੍ਰੰਥ ਆਦਿਕ**

ਭਾਈ ਸੰਤੋਖ ਸਿੰਘ ਵੱਲੋਂ ਰਚਿਤ ਇਸ ਗ੍ਰੰਥ ਵਿਚ ਖਾਲਸਾ ਸਾਜਨਾ, ਪੰਜ ਪਿਆਰੇ, ਮਸੰਦਾਂ ਬਾਰੇ ਅਤੇ ਸੰਗਤ ਨੂੰ ਦਿੱਤੇ ਉਪਦੇਸ਼ਾਂ ਨੂੰ ਵੀ ਸ਼ਾਮਲ ਕੀਤਾ ਹੈ।

ਇਨ੍ਹਾਂ ਸਾਰੀਆਂ ਰਚਨਾਵਾਂ ਦੇ ਵਿੱਚੋਂ ਸਿੰਘਾਂ ਨੂੰ ਰਹਿਤ ਦੇ ਪੱਕੇ ਰਹਿਣ ਦੇ ਲਈ ਪ੍ਰੇਰਨਾ ਕੀਤੀ ਗਈ ਹੈ। ਇਨ੍ਹਾਂ ਰਚਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਹੀ ਸਿੱਖ ਰਹਿਤ ਮਰਿਯਾਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪ੍ਰਕਾਸ਼ਿਤ ਕਰਵਾਈ ਜੋ ਕਿ ਅਕਾਲ ਤਖ਼ਤ ਸਾਹਿਬ ਵੱਲੋਂ ਪ੍ਰਵਾਨਿਤ ਮਰਿਯਾਦਾ ਹੈ। ਇਸ ਰਹਿਤ ਮਰਿਯਾਦਾ ਦੇ ਵਿੱਚ ਸਿੱਖ ਦੀ ਪਰਿਭਾਸ਼ਾ ਦੇ ਆਰੰਭ ਤੋਂ ਹੋ ਕੇ ਜੀਵਨ ਦੇ ਸਾਰੇ ਜ਼ਰੂਰੀ ਰਵਾਇਤਾਂ ਨੂੰ ਪੂਰਿਆਂ ਕਰਨ ਦੇ ਲਈ ਢੰਗ, ਤਰੀਕੇ ਬਿਆਨ ਕੀਤੇ ਗਏ ਹਨ। ਸਿੱਖ ਦੀ ਪਰਿਭਾਸ਼ਾ ਸਿੱਖ ਰਹਿਤ ਮਰਿਯਾਦਾ ਅਨੁਸਾਰ ਇਹ ਹੈ:-

ਜੋ ਮਨੁੱਖ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੱਕ ਪੂਰਨ ਨਿਸਚਾ ਰੱਖਦਾ ਹੈ ਤੇ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਸਵੀਕਾਰ ਕਰਦਾ ਹੈ, ਉਹ ਸਿੱਖ ਹੈ। ਸਿੱਖਾਂ ਵਿਚ ਰਹਿਤਾਂ ਅਤੇ ਕੁਰਹਿਤਾਂ ਦੋਵੇਂ ਪੱਖ ਹਨ ਜਿਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ:

**ਸਿੱਖ ਰਹਿਤਾਂ**

1. ਪੰਜ ਕਕਾਰੀ ਰਹਿਤ ਧਾਰਨ ਕਰਨਾ
2. ਦਸਤਾਰ ਸਜਾਉਣਾ
3. ਰੋਜ਼ਾਨਾ ਇਸ਼ਨਾਨ ਕਰਨਾ
4. ਗੁਰਬਾਣੀ ਦਾ ਪਾਠ ਅਤੇ ਵਾਹਿਗੁਰੂ ਮੰਤ੍ਰ ਦਾ ਜਾਪ ਕਰਨਾ
5. ਕਿਰਤ ਕਰਨੀ ਅਤੇ ਵੰਡ ਛਕਣਾ
6. ਗੁਰੂ ਨਮਿੱਤ ਦਸਵੰਧ ਕੱਢਣਾ
7. ਹਰ ਕਾਰਜ ਗੁਰਮਤਿ ਮਰਿਯਾਦਾ ਅਨੁਸਾਰ ਕਰਨਾ
8. ਗੁਰੂ ਗ੍ਰੰਥ ਤੇ ਪੰਥ ਦੀ ਆਗਿਆ ਵਿਚ ਚਲਣਾ

**ਚਾਰ ਬੱਜਰ ਕੁਰਹਿਤਾਂ** ਵੀ ਹਨ, ਜਿਨ੍ਹਾਂ ਤੋਂ ਸਿੱਖਾਂ ਨੂੰ ਵਰਜਿਆ ਹੈ:-

(ੳ) ਕੇਸਾਂ ਦੀ ਬੇਅਦਬੀ

(ਅ) ਤੰਬਾਕੂ ਦਾ ਵਰਤਣਾ

(ੲ) ਪਰ ਇਸਤ੍ਰੀ ਜਾਂ ਪਰ ਪੁਰਸ਼ ਗਮਨ ਕਰਨਾ

(ਸ) ਕੁੱਠਾ ਖਾਣਾ (ਮੁਸਲਮਾਨੀ ਤਰੀਕੇ ਨਾਲ ਬਣਾਇਆ ਹੋਇਆ ਮਾਸ)

ਇਨ੍ਹਾਂ ਬੱਜਰ ਕੁਰਹਿਤਾਂ ਦੇ ਵਿੱਚੋਂ ਜੇਕਰ ਕੋਈ ਸਿੱਖ ਕੋਈ ਇੱਕ ਵੀ ਕੁਰਹਿਤ ਕਰਦਾ ਹੈ ਤਾਂ ਉਸਨੂੰ ਪੰਜ ਪਿਆਰਿਆਂ ਦੇ ਸਾਹਮਣੇ ਪੇਸ਼ ਹੋ ਕੇ ਸਜ਼ਾ ਲਵਾਉਣੀ ਪੈਂਦੀ ਹੈ। ਹੋਰ ਵੀ ਬਹੁਤ ਹਦਾਇਤਾਂ ਹਨ ਜੋ ਕਿ ਇਸ ਰਹਿਤ ਮਰਿਯਾਦਾ ਵਿੱਚ ਦਰਸਾਈਆਂ ਗਈਆਂ ਹਨ।

ਸਿੱਖ ਇਤਿਹਾਸ ਦੇ ਵਿੱਚ ਅਨੇਕਾਂ ਅਜਿਹੀਆਂ ਘਟਨਾਵਾਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਦੇ ਵਿੱਚ ਸਿੱਖਾਂ ਨੇ ਰਹਿਤ ਪੂਰੀ ਰੱਖੀ ਹੈ ਚਾਹੇ ਜਾਨ ਵੀ ਕਿਉਂ ਨਾ ਕੁਰਬਾਨ ਕਰ ਦਿੱਤੀ। ਗੁਰੂ ਸਾਹਿਬ ਦਾ ਹੁਕਮ ਹੈ ਕਿ ਕੇਸਾਂ ਦੀ ਬੇਅਦਬੀ ਨਹੀਂ ਕਰਨੀ। ਇਹ ਰਹਿਤ ਮਰਿਯਾਦਾ ਦਾ ਇੱਕ ਮਹੱਤਵਪੂਰਨ ਅੰਗ ਹੈ। ਇਸ ਰਹਿਤ ਨੂੰ ਪੂਰਾ ਕਰਨ ਦੇ ਲਈ ਭਾਈ ਤਾਰੂ ਸਿੰਘ ਜੀ ਨੇ ਆਪਣੀ ਖੋਪਰੀ ਤੱਕ ਲੁਹਾ ਦਿੱਤੀ।ਜ਼ਕਰੀਆ ਖਾਂ ਦੀ ਸਰਕਾਰ ਨੇ ਭਾਈ ਤਾਰੂ ਸਿੰਘ ਨੂੰ ਪਕੜਿਆ ਅਤੇ ਫ਼ਤਵਾ ਦਿੱਤਾ ਕਿ ਇਸ ਦੇ ਕੇਸ ਕੱਟ ਦਿੱਤੇ ਜਾਣ ਤੇ ਮੁਸਲਮਾਨ ਬਣਾ ਲਿਆ ਜਾਵੇ। ਭਾਈ ਤਾਰੂ ਸਿੰਘ ਜੀ ਨੇ ਕਿਹਾ ਕਿ ਮੇਰੇ ਕੇਸ ਤੇ ਸਿੱਖੀ ਮੇਰੀ ਜਿੰਦ ਜਾਨ ਹਨ। ਉਨ੍ਹਾਂ ਨੇ ਖੋਪਰੀ ਤੱਕ ਲੁਹਾ ਦਿੱਤੀ, ਪਰ ਕੇਸਾਂ ਦੀ ਬੇਅਦਬੀ ਨਾ ਹੋਣ ਦਿੱਤੀ ਤੇ ਸ਼ਹੀਦੀ ਪਾ ਗਏ, ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਈ। ਇਸੇ ਤਰ੍ਹਾਂ ਸਿੱਖ ਇਤਿਹਾਸ ਵਿੱਚ ਕਈ ਮਿਸਾਲਾਂ ਹਨ ਜਦੋਂ ਸਿੱਖ ਆਪਣੀ ਰਹਿਤ ਮਰਿਯਾਦਾ ਤੇ ਪੱਕੇ ਰਹਿੰਦੇ ਹੋਏ ਸ਼ਹੀਦੀਆਂ ਪਾ ਗਏ। ਸੁਬੇਗ ਸਿੰਘ, ਸ਼ਾਹਬਾਜ਼ ਸਿੰਘ, ਮਹਿਤਾਬ ਸਿੰਘ ਮੀਰਾਂਕੋਟੀਆ। ਸਭ ਤੋਂ ਪ੍ਰਸਿੱਧ ਮਿਸਾਲ ਭਾਈ ਮਨੀ ਸਿੰਘ ਦੀ ਹੈ।

ਭਾਈ ਮਨੀ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਪਾਨ ਕੀਤਾ ਸੀ ਤੇ ਮਾਤਾ ਸੁੰਦਰੀ ਜੀ ਨੇ ਆਪ ਨੂੰ ਅੰਮ੍ਰਿਤਸਰ ਭੇਜਿਆ ਸੀ ਦਰਬਾਰ ਸਾਹਿਬ ਦਾ ਗ੍ਰੰਥੀ ਨਿਯੁਕਤ ਕੀਤਾ ਸੀ। ਹਕੂਮਤ ਸਿੱਖਾਂ ਦੇ ਵਿਰੁੱਧ ਸੀ। ਆਪ 1738 ਵਿੱਚ ਦਿਵਾਲੀ ਦਾ ਮੇਲਾ ਲਾਉਣਾ ਚਾਹੁੰਦੇ ਸਨ ਤੇ ਆਪ ਨੇ ਆਗਿਆ ਲੈ ਲਈ। 5000- ਰੁਪਏ ਸਰਕਾਰ ਨੂੰ ਦੇਣਾ ਪ੍ਰਵਾਨ ਕਰ ਲਿਆ। ਮੌਕੇ ਉੱਪਰ ਆ ਕੇ ਸਰਕਾਰ ਆਪਣੇ ਵਾਇਦੇ ਤੋਂ ਫਿਰ ਗਈ। ਅੰਮ੍ਰਿਤਸਰ ਵਿਚ ਫੌਜ ਭੇਜ ਦਿੱਤੀ ਮੇਲਾ ਨਾ ਲੱਗ ਸਕਿਆ। ਭਾਈ ਸਾਹਿਬ ਗ੍ਰਿਫ਼ਤਾਰ ਕਰਕੇ ਲਾਹੌਰ ਲੈ ਜਾਏ ਗਏ।

ਸਿੱਖ ਰਹਿਤ ਮਰਿਯਾਦਾ ਵਿਚ ਨਿਪੁੰਨ ਭਾਈ ਸਾਹਿਬ ਨੂੰ ਮੁਸਲਮਾਨ ਹੋਣ ਲਈ ਕਿਹਾ ਗਿਆ। ਪਰ ਆਪ ਗੁਰਮਤਿ ਦੇ ਧਾਰਨੀ ਪੂਰਨ ਗੁਰਸਿੱਖ ਸਨ। ਜ਼ੋਰ ਅਤੇ ਜ਼ਬਰ ਦੇ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ। ਮੁਗ਼ਲ ਸਰਕਾਰ ਦਾ ਹੁਕਮ ਹੋਇਆ ਕਿ ਆਪ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਜਾਏ। ਸੋ ਆਪ ਨੇ ਬੰਦ-ਬੰਦ ਕਟਵਾ ਲਏ ਪਰ ਸਿੱਖੀ ਨੂੰ ਸੁਆਸਾਂ ਨਾਲ ਨਿਭਾਇਆ। ਆਪ ਦਾ ਸ਼ਹੀਦੀ ਅਸਥਾਨ ਗੁਰਦੁਆਰਾ ਸ਼ਹੀਦ ਗੰਜ ਸਾਹਿਬ, ਲਾਹੌਰ ਦੇ ਸਾਹਮਣੇ ਰੇਲਵੇ ਸਟੇਸ਼ਨ ਦੇ ਕੋਲ ਹੈ। ਆਪ ਦੀ ਅਦੁੱਤੀ ਕੁਰਬਾਨੀ ਸਿੱਖ ਇਤਿਹਾਸ ਦੇ ਪੰਨਿਆਂ ਵਿਚ ਸੂਰਜ ਦੀ ਤਰ੍ਹਾਂ ਚਮਕਦੀ ਰਹੇਗੀ।

1947 ਵਿੱਚ ਫੇਰ ਸਿੱਖ ਇਤਿਹਾਸ ਨੇ ਆਪਣੇ ਆਪ ਨੂੰ ਦੁਹਰਾਇਆ ਅਨਮਤੀ ਇਹ ਸਮਝਣ ਲੱਗ ਪਏ ਸਨ ਕਿ ਕੌਣ ਚਰਖੜੀਆਂ ਤੇ ਚੜ੍ਹਿਆ ਹੋਵੇਗਾ? ਕਿਸ ਨੇ ਬੰਦ-ਬੰਦ ਕਟਾਵਾਏ ਹੋਣਗੇ? ਪਰ ਸਿੱਖੀ ਰਹਿਤ ਮਰਿਯਾਦਾ ਦਾ ਪਾਲਣ ਕਰਦੇ ਹੋਏ ਅਨੇਕਾਂ ਸਿੱਖ ਸੂਰਬੀਰ ਮਰਦ ਅਤੇ ਬੀਬੀਆਂ ਨੇ ਸ਼ਹੀਦੀਆਂ ਪਾਈਆਂ ਤੇ ਸਿੱਧ ਕਰ ਦਿੱਤਾ ਕਿ ਸਿੱਖੀ ਸਪਿਰਟ ਅਤੇ ਸਿੱਖੀ ਰਹਿਤ ਮਰਿਯਾਦਾ ਦੇ ਧਾਰਨੀ ਹਾਲੀ ਵੀ ਸਿੱਖੀ ਲਈ ਅਤੇ ਸਿੱਖ ਰਹੁ ਰੀਤੀ ਲਈ ਵੱਧ ਤੋਂ ਵੱਧ ਕੁਰਬਾਨੀ ਕਰ ਸਕਦੇ ਹਨ।

## 4.5 ਸਿੱਖ ਰਹਿਤ ਮਰਿਯਾਦਾ ਵਿਚ ਇਕਸਾਰਤਾ

'ਸਿੱਖ ਰਹਿਤ ਮਰਿਯਾਦਾ' ਬਣਾਉਣ ਅਤੇ ਲਾਗੂ ਕਰਨ ਤੱਕ ਦਾ ਲੰਮਾ ਇਤਿਹਾਸ ਹੈ। ਸਮੇਂ ਦੀ ਲੋੜ ਅਤੇ ਸਿੱਖਾਂ ਵਿਚ ਇਕਜੁਟਤਾ ਅਤੇ ਇਕਸਾਰਤਾ ਨੂੰ ਬਰਕਰਾਰ ਰੱਖਣ ਲਈ ਰਹਿਤ ਮਰਿਯਾਦਾ ਵਿਚ ਇਕਸਾਰਤਾ ਹੋਣਾ ਦਾ ਲੋੜੀਂਦਾ ਸੀ। ਅਜਿਹੀ ਸਥਿਤੀ ਨੂੰ ਵੇਖਦਿਆ ਹੋਇਆ ਜਦੋਂ ਸਿੱਖਾਂ ਦੀ ਸਿਰਮੋਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ ਤਾਂ ਉਨ੍ਹਾਂ ਨੇ ਸਮਾਜਿਕ, ਧਾਰਮਿਕ ਤੇ ਹੋਰ ਰਹੁ ਰੀਤੀਆ ਨਿਭਾਉਣ ਲਈ ਇਕ ਲਿਖਤ ਦਾ ਰੂਪ ਸੰਗਤ ਸਾਹਮਣੇ ਲਿਆਂਦਾ ਜਿਸ ਦਾ ਨਾਂ ਸਿੱਖ ਰਹਿਤ ਮਰਿਯਾਦਾ ਰੱਖਿਆ ਗਿਆ ਜੋ ਕਿ ਸਰਬ ਹਿੰਦ ਸਿੱਖ ਮਿਸ਼ਨ ਬੋਰਡ ਲੇ ਮਤਾ ਨੰ: 149 ਮਿਤੀ 1 -08- 1936 ਰਾਹੀਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਮਤੇ ਨੰ: 149 ਮਿਤੀ 12-10-1936 ਦੁਆਰਾ ਪ੍ਰਵਾਨਗੀ ਦਿੱਤੀ। ਫਿਰ 1945 ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਾਰਮਿਕ ਸਹਾਲਕਾਰ ਕਮੇਟੀ ਨੇ ਇਸ ਨੂੰ ਦੁਬਾਰਾ ਵਿਚਾਰ ਕੇ ਇਸ ਵਿਚ ਵਾਧੇ ਘਾਟੇ ਕਰਨ ਦੀ ਸਿਫ਼ਾਰਿਸ਼ ਕੀਤੀ। ਸਿੱਖ ਰਹਿਤ ਮਰਿਯਾਦਾ ਸਾਡੀ ਸਮੁੱਚੀ ਸਮਾਜਿਕ, ਧਾਰਮਿਕ ਤੇ ਗੁਰਦੁਆਰਿਆਂ ਦੇ ਪ੍ਰਬੰਧ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੰਦੀ ਹੈ। ਰਹਿਤ ਮਰਿਯਾਦਾ ਸਾਨੂੰ ਨਿਆਰੇ ਹੋਣ ਦਾ ਅਹਿਸਾਸ ਕਰਾਉਂਦੀ ਹੈ।

## 4.6 ਮਹੱਤਵ

ਮਰਿਯਾਦਾ ਵਿਚ ਰਹਿਣਾ ਹਰ ਸਿੱਖ ਲਈ ਬਹੁਤ ਜ਼ਰੂਰੀ ਹੈ। ਰਹਿਤ ਮਰਿਯਾਦਾ ਦੀ ਇਹ ਜੀਵਨ ਜਾਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਹੀ ਆਪਣੀ ਰੂਹਾਨੀ ਬਾਣੀ ਰਾਹੀਂ ਸਿਖਾਉਣੀ ਆਰੰਭ ਕਰ ਦਿੱਤੀ ਸੀ। ਇਸ ਸੱਚੀ ਸੁੱਚੀ ਰਹਿਤ ਨੂੰ ਮਰਿਯਾਦਾ ਅਨੁਸਾਰ ਨਿਭਾਉਣ ਦਾ ਆਦੇਸ਼ ਕਰਕੇ ਗੁਰੂ ਨਾਨਕ ਪਾਤਸ਼ਾਹ ਜੀ ਬਾਣੀ ਵਿਚ ਫ਼ੁਰਮਾਉਂਦੇ ਹਨ:

ਸੇਵਾ ਸੁਰਤਿ ਸਬਦਿ ਵੀਚਾਰਿ॥ ਜਪੁ ਤਪੁ ਸੰਜਮ ਹਉਮੈ ਮਾਰਿ॥
ਜੀਵਨ ਮੁਕਤੁ ਜਾ ਸਬਦੁ ਸੁਣਾਏ॥ ਸਚੀ ਰਹਤ ਸਚਾ ਸੁਖੁ ਪਾਏ॥

ਸਿੱਖ ਰਹਿਤ ਮਰਿਯਾਦਾ ਦਾ ਮਨੋਰਥ ਮਨੁੱਖ ਨੂੰ ਉਸ ਦੇ ਆਦਰਸ਼ ਨਾਲ ਜੋੜਣਾ ਹੈ। ਉਹ ਆਦਰਸ਼ ਜੋ ਗੁਰੂ ਸਾਹਿਬਾਨ ਨੇ ਗੁਰਬਾਣੀ ਰਾਹੀਂ ਸਿਧਾਂਤਕ ਪੱਧਰ ਤੇ ਪ੍ਰਕਾਸ਼ਮਾਨ ਕੀਤਾ ਸੀ ਉਸ ਨੂੰ 'ਖਾਲਸਾ' ਦੇ ਰੂਪ ਵਿਚ ਵਿਵਹਾਰਕ ਪੱਧਰ ਤੇ ਵਿਅਕਤ ਕੀਤਾ ਸੀ। 'ਖਾਲਸਾ ਆਦਰਸ਼' ਨੂੰ ਜੀਵਨ ਚਿਵ ਦ੍ਰਿੜ ਕਰਨ ਲਈ 'ਸਿੱਖ ਰਹਿਤ ਮਰਿਯਾਦਾ' ਸਹਾਈ ਹੈ।

## 4.7 ਸਾਰ

ਸਾਰ ਰੂਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਸਿੱਖ ਦੇ ਜੀਵਨ ਵਿਚ ਰਹਿਤ ਮਰਿਯਾਦਾ ਦਾ ਬਹੁਤ ਮਹੱਤਵ ਹੈ। ਇਹ ਇਕ ਮਰਿਯਾਦਾ ਹੈ, ਇਕ ਜੀਵਨ ਜਾਚ ਹੈ ਤੇ ਇਕ ਅਮਲੀ ਜੀਵਨ ਹੈ। ਇਸ ਵਿਚ ਨਿਰੇ ਭੇਖ ਲਈ ਕੋਈ ਥਾਂ ਨਹੀਂ ਬਾਹਰੋਂ ਅਤੇ ਅੰਦਰੋਂ ਦੋਵਾਂ ਪੱਖਾਂ ਤੋਂ ਨਿਰਮਲ ਹੋ ਕੇ ਮਨੁੱਖ ਦੇ ਸੱਚੇ ਆਦਰਸ਼ ਨਾਲ ਜੋੜਣ ਵਾਲਾ ਮਨੋਰਥ ਹੈ।

ਇਹ ਅਧਿਆਤਮਿਕਤਾ ਅਤੇ ਸਮਾਜਿਕਤਾ ਦਾ ਸਾਕਾਰਤਮਕ ਜੋੜ ਹੈ। ਜਨਮ ਤੋਂ ਲੈ ਕੇ ਮਰਨ ਤੱਕ ਇਕ ਸਿੱਖ ਦੇ ਸਮਾਜਿਕ ਅਤੇ ਧਾਰਮਿਕ ਜੀਵਨ ਵਿਚ ਰਹਿਤ ਮਰਿਯਾਦਾ ਮਹੱਤਵਪੂਰਣ ਰੋਲ ਅਦਾ ਕਰਦੀ ਹੈ ਅਤੇ ਗੁਰੂ ਦੁਆਰਾ ਦੱਸੀ ਗਈ ਜੀਵਨ ਜਾਚ ਨਾਲ ਇਕ ਸਿੱਖ ਬਿਹਤਰ ਸਮਾਜ ਨੂੰ ਉਸਾਰਨ ਵਿਚ ਆਪਣੀ ਮਹੱਤਵਪੂਰਣ ਭੂਮਿਕਾ ਨਿਭਾਉਂਦਾ ਹੈ।

**4.8 ਪੜ੍ਹਣਯੋਗ ਪੁਸਤਕਾਂ**


- ਸਿੱਖ ਰਹਿਤ ਮਰਿਯਾਦਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ
- ਭਾਈ ਕਾਨ. ਸਿੰਘ ਨਾਭਾ, ਗੁਰਸ਼ਬਦ ਰਤਨਾਕਰ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ
- ਰਤਨ ਸਿੰਘ ਜੱਗੀ (ਡਾ.), ਸਿੱਖ ਪੰਥ ਵਿਸ਼ਵਕੋਸ਼, ਗੁਰ ਰਤਨ ਪਬਲਿਸ਼ਰਜ, ਪਟਿਆਲਾ
- ਪਿਆਰਾ ਸਿੰਘ ਪਦਮ, ਰਹਿਤਨਾਮੇ, ਭਾਈ ਚਤਰ ਸਿੰਘ ਜੀਵਨ ਸਿੰਘ, ਅੰਮ੍ਰਿਤਸਰ

# ONE YEAR DIPLOMA IN SIKH THEOLOGY

## SEMESTER-II

## COURSE: THEOLOGICAL STUDY OF SIKH INSTITUTIONS

## UNIT: 5- KHALSA PANTH

**STRUCTURE**


5.0 ਉਦੇਸ਼

5.1 ਜਾਣ-ਪਛਾਣ

5.2 ਖਾਲਸਾ ਸ਼ਬਦ ਦੇ ਅਰਥ ਅਤੇ ਪਰਿਭਾਸ਼ਾ

5.3 ਪਿਛੋਕੜ

5.4 ਖਾਲਸੇ ਦਾ ਸਰੂਪ

5.5 ਖਾਲਸੇ ਦੀ ਸਿਰਜਣਾ ਦੇ ਕਾਰਨ

5.5.1 ਪਹਿਲੇ ਨੌਂ ਸਿੱਖ ਗੁਰੂਆਂ ਦੇ ਕਾਰਜ

5.5.2 ਔਰੰਗਜ਼ੇਬ ਦੇ ਅੱਤਿਆਚਾਰ ਅਤੇ ਗੁਰੂ ਤੇਗ਼ ਬਹਾਦਰ ਪਾਤਸ਼ਾਹ ਦੀ ਸ਼ਹੀਦੀ

5.5.3 ਹਿੰਦੂਆਂ ਦਾ ਕਮਜ਼ੋਰ ਹੋਣਾ

5.5.4 ਪਹਾੜੀ ਰਾਜਿਆਂ ਦਾ ਵਿਸ਼ਵਾਸ-ਪਾਤਰ ਨਾ ਹੋਣਾ

5.5.5 ਜਾਤੀ ਪ੍ਰਥਾ ਦੇ ਬੰਧਨ

5.5.6 ਸਿੱਖ ਧਰਮ ਵਿਚ ਵਿਰੋਧੀ ਉਪ-ਸੰਪਰਦਾਵਾਂ

5.5.7 ਮਸੰਦ ਪ੍ਰਥਾ ਦਾ ਦੋਸ਼ਪੂਰਣ ਹੋਣਾ

5.5.8 ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦਾ ਉਦੇਸ਼

5.6 ਖਾਲਸਾ ਸਿਰਜਣਾ ਦੀ ਪ੍ਰਕਿਰਿਆ

5.7 ਖੰਡੇ ਦੀ ਪਾਹੁਲ

5.8 ਖਾਲਸਾ ਪੰਥ ਦੇ ਸਿਧਾਂਤ

5.9 ਖਾਲਸਾ ਸਾਜਨਾ ਦੀ ਮਹੱਤਤਾ

5.10 ਸਾਰ

5.11 ਪੜ੍ਹਣਯੋਗ ਪੁਸਤਕਾਂ

## 5.0 ਉਦੇਸ਼

ਹਥਲਾ ਵਿਸ਼ਾ ਖਾਲਸਾ ਪੰਥ ਬਾਰੇ ਹੈ। ਇਸ ਵਿਸ਼ੇ ਦਾ ਮੁੱਖ ਉਦੇਸ਼ ਪਾਠਕਾਂ ਨੂੰ ਖਾਲਸਾ ਪੰਥ ਦੇ ਸਰੂਪ, ਸਿਰਜਣਾ, ਸਿਧਾਂਤ ਅਤੇ ਮਹੱਤਤਾ ਬਾਰੇ ਜਾਣਕਾਰੀ ਪ੍ਰਦਾਨ ਕਰਨਾ ਹੈ ।

## 5.1 ਜਾਣ-ਪਛਾਣ

ਸੰਨ 1699 ਦੀ ਵਿਸਾਖੀ ਵਾਲੇ ਦਿਨ ਦਸਵੇਂ ਗੁਰੂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇੱਕ ਅਜਿਹਾ ਕੌਤਕ ਰਚਿਆ ਜਿਸ ਨੇ ਸੰਸਾਰ ਅਤੇ ਹਿੰਦੁਸਤਾਨ ਅਤੇ ਇਤਿਹਾਸ ਨੂੰ ਬਦਲ ਦਿੱਤਾ।ਇਸ ਦਿਨ ਦਸਵੇਂ ਗੁਰੂ ਜੀ ਨੇ ਪਹਿਲੇ ਗੁਰੂ ਜੀ ਵੱਲੋਂ ਆਰੰਭੇ ਕਾਰਜ ਨੂੰ ਸਿਖਰ ਤੇ ਪਹੁੰਚਾਇਆ। ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਸਾਹਿਬ ਨੇ ਅਕਾਲ ਪੁਰਖ ਨਾਲ ਪ੍ਰੇਮ ਦੀ ਖੇਡ ਖੇਡਣ ਦੀ ਇੱਛਾ ਰੱਖਣ ਵਾਲੇ ਲਈ ਸੀਸ ਭੇਟ ਕਰਨ ਦੀ ਸ਼ਰਤ ਰੱਖੀ ਸੀ:-

ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥੨੦॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1412)

## 5.2 ਖਾਲਸਾ ਸ਼ਬਦ ਦਾ ਅਰਥ ਅਤੇ ਪਰਿਭਾਸ਼ਾ

ਖਾਲਸਾ ਸ਼ਬਦ ਦਾ ਮੂਲ ਅਰਬੀ ਅਤੇ ਫ਼ਾਰਸੀ ਭਾਸ਼ਾ ਨਾਲ ਜੁੜਿਆ ਹੋਇਆ ਹੈ। ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਇਹ ਅਰਬੀ ਭਾਸ਼ਾ ਦੇ ਸ਼ਬਦ 'ਖ਼ਾਲਿਸਹ' ਤੋਂ ਬਣਿਆ ਹੈ ਜਿਸ ਦਾ ਅਰਥ ਹੈ- ਸ਼ੁੱਧ, ਬਿਨਾਂ ਮਿਲਾਵਟ ਤੋਂ। ਪੰਜਾਬੀ-ਫ਼ਾਰਸੀ ਕੋਸ਼ ਅਨੁਸਾਰ ਫ਼ਾਰਸੀ ਭਾਸ਼ਾ ਦਾ 'ਖ਼ਾਲਿਸਾ' ਸ਼ਬਦ ਵੀ ਇਸੇ ਪ੍ਰਕਾਰ ਦੇ ਅਰਥ ਰੱਖਦਾ ਹੈ। ਵੱਖ-ਵੱਖ ਕੋਸ਼ਾਂ ਵਿਚ ਵਿਦਵਾਨਾਂ ਦੁਆਰਾ ਉਸ ਜ਼ਮੀਨ ਨੂੰ ਵੀ ਖਾਲਸਾ ਕਿਹਾ ਜਾਂਦਾ ਸੀ ਜੋ ਕਿਸੇ ਜਗੀਰਦਾਰ ਜਾਂ ਜ਼ਿਮੀਦਾਰ ਦੀ ਨਾ ਹੋ ਕੇ ਸਿੱਧੀ ਬਾਦਸ਼ਾਹ ਦੇ ਅਧੀਨ ਹੁੰਦੀ ਸੀ ਭਾਵ ਬਾਦਸ਼ਾਹ ਦੀ ਆਪਣੀ ਮਲਕੀਅਤ। ਇਸ ਪ੍ਰਕਾਰ ਸਿੱਖੀ ਦੇ ਅਨੁਸਾਰ ਖਾਲਸਾ, ਸਬਦ ਗੁਰੂ ਅਤੇ ਸਿੱਖੀ ਸਿਧਾਂਤਾਂ ਨਾਲ ਜੁੜੇ ਹੋਏ ਆਤਮਕ ਤੌਰ 'ਤੇ ਸ਼ੁੱਧ ਅਤੇ ਵਿਸ਼ੇ ਵਿਕਾਰਾਂ ਦੀ ਮਿਲਾਵਟ ਤੋਂ ਰਹਿਤ ਉਸ ਪੂਰਨ ਮਨੁੱਖ ਦੇ ਅਰਥਾਂ ਦਾ ਧਾਰਨੀ ਹੈ ਜੋ ਸਿੱਧੇ ਤੌਰ 'ਤੇ ਅਕਾਲ ਪੁਰਖ ਰੂਪ ਨਾਲ ਜੁੜਿਆ ਹੋਵੇ।

## 5.3 ਪਿਛੋਕੜ

ਗੁਰੂ ਨਾਨਕ ਸਾਹਿਬ ਦੁਆਰਾ ਸ਼ੁਰੂ ਕੀਤੇ ਸੋਹਣੇ ਅਤੇ ਨਰੋਏ ਸਮਾਜ ਦੀ ਸਿਰਜਣਾ ਲਈ ਜ਼ਰੂਰੀ ਸੀ ਕਿ ਖਾਲਸੇ ਦੇ ਆਦਰਸ਼ ਨੂੰ ਸਮਰਪਿਤ ਮਨੁੱਖਾਂ ਦਾ ਇੱਕ ਅਜਿਹਾ ਗਰੁੱਪ ਤਿਆਰ ਕੀਤਾ ਜਾਏ, ਜੋ ਗੁਰੂ ਸਾਹਿਬ ਦੇ ਇਸ ਸੁਪਨੇ ਨੂੰ ਸੱਚ ਕਰ ਦਿਖਾਏ। ਬੇਸ਼ੱਕ, ਸੰਗਤ ਦੇ ਰੂਪ ਵਿਚ ਇਹ ਗਰੁੱਪ ਪਹਿਲਾਂ ਹੀ ਮੌਜੂਦ ਸੀ, ਪਰ ਮਹਾਨ ਮਨੋ-ਵਿਗਿਆਨੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਇੱਕ ਸਥਾਈ ਸੰਸਥਾ ਦਾ ਰੂਪ ਦੇਣ ਦਾ ਫੈਸਲਾ ਕੀਤਾ। ਆਪ ਸਮਝਦੇ ਸਨ ਕਿ ਸਮਾਜਕ ਪ੍ਰਾਣੀ ਹੋਣ ਦੇ ਨਾਤੇ ਮਨੁੱਖ ਸਾਥ ਦੀ ਲੋੜ ਮਹਿਸੂਸ ਕਰਦਾ ਹੈ ਅਤੇ ਇਸੇ ਲਈ ਸਮਾਜ ਵਿਚ ਰਹਿੰਦਿਆਂ ਉਹ ਆਲੇ ਦੁਆਲੇ ਨਾਲ ਮਿਲਵਰਤਣ ਦਾ ਵਤੀਰਾ ਧਾਰਨ ਕਰਦਾ ਹੈ। ਸਮਾਜ ਸੇਵੀ ਸੰਸਥਾਵਾਂ ਵੀ ਮਨੁੱਖ ਦੀ ਇਸੇ ਲੋੜ ਵਿਚੋਂ ਉਪਜੀਆਂ ਹਨ। ਆਪਸੀ ਸਾਂਝ ਬਣਾ ਕੇ ਇਹ ਸੰਸਥਾਵਾਂ ਵਧੀਆ ਅਤੇ ਜ਼ਿਆਦਾ ਕੰਮ ਕਰ ਸਕਦੀਆਂ ਹਨ। ਸਾਥ ਨਾਲ ਮਿਲ ਕੇ ਮਨੁੱਖ ਸੁਭਾਵਕ ਹੀ ਇੱਕ ਦੂਜੇ ਕੋਲੋਂ ਉਤਸ਼ਾਹ ਲੈ ਕੇ ਅਜਿਹੇ ਕੰਮ ਕਰ ਦਿਖਾਉਂਦੇ ਹਨ, ਜੋ ਇਕਲੇ ਮਨੁੱਖ ਲਈ ਕਰਨੇ ਸੰਭਵ ਨਹੀਂ ਹੁੰਦੇ।

ਕਿਤੇ ਸਮਾਜ ਉਸਾਰੀ ਦਾ ਸ਼ੁਰੂ ਹੋਇਆ ਕੰਮ ਸਿੱਖ ਕੌਮ ਦੇ ਮੈਂਬਰ ਗੁਰੂ ਸਾਹਿਬ ਦੇ ਜੀਵਨ ਕਾਲ ਤੋਂ ਬਾਦ ਸਾਥ ਦੀ ਅਣਹੋਂਦ ਕਰਕੇ, ਉਤਸ਼ਾਹ-ਹੀਨ ਹੋ ਅਧੂਰਾ ਹੀ ਨਾ ਛੱਡ ਦੇਣ, ਇਸ ਲਈ ਗੁਰੂ ਸਾਹਿਬ ਨੇ ਯਕੀਨੀ ਬਣਾਇਆ ਕਿ ਇੱਕੋ ਆਦਰਸ਼ ਦੇ ਮਨੁੱਖਾਂ ਦਾ ਇੱਕ ਅਜਿਹਾ ਗਰੁੱਪ, ਇੱਕ ਅਜਿਹੀ ਸੰਸਥਾ ਬਣਾਈ ਜਾਏ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਏ 'ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨਾ ਦਿਸਹਿ ਬਾਹਰਾ ਜੀਉ' ਦੇ ਅਸੂਲ ਤੇ ਚਲਦੀ ਹੋਈ ਜਾਤੀ ਰਹਿਤ ਆਦਰਸ਼ਕ ਸਮਾਜ ਤਾਂ ਸਿਰਜੇ ਹੀ, ਨਾਲ ਹੀ ਇਸ ਦੇ ਮੈਂਬਰ ਇੱਕ ਦੂਜੇ ਦੇ ਪਿਆਰ ਅਤੇ ਸਤਿਕਾਰ ਦਾ ਨਿੱਘ ਮਾਣਦੇ ਹੋਏ ਆਪਸੀ ਸਾਂਝ ਰਾਹੀਂ ਨਿੱਜੀ ਅਤੇ ਸਮਾਜਕ ਸਮੱਸਿਆਵਾਂ ਦਾ ਹੱਲ ਵੀ ਲੱਭ ਸਕਣ ਅਤੇ ਕੁੱਝ ਕਰ ਸਕਣ ਦੇ ਉਤਸ਼ਾਹ ਨੂੰ ਵੀ ਢਿੱਲਾ ਨਾ ਪੈਣ ਦੇਣ।

ਡੂੰਘੇ ਭਰਾਤਰੀ ਭਾਵ ਵਾਲੀ ਇਸ ਜਥੇਬੰਦੀ ਪਿੱਛੇ ਗੁਰੂ ਨਾਨਕ ਸਹਿਬ ਦੇ ਸਮੇਂ ਤੋਂ ਲੈ ਕੇ ਦੋ ਸੌ ਸਾਲ ਤੋਂ ਵੱਧ ਸਮੇਂ ਦਾ ਇਤਿਹਾਸ ਸੀ। ਗੁਰੂ ਸਾਹਿਬ ਦਾ ਵਿਸ਼ਵਾਸ ਸੀ ਆਤਮਕ ਉੱਚਤਾ ਅਤੇ ਸੁੱਚਤਾ ਤੋਂ ਬਿਨਾਂ ਸਮਾਜ ਦਾ ਵਧੀਆ ਮੈਂਬਰ ਬਣ ਸਕਣਾ ਅਸੰਭਵ ਸੀ।ਨੇਕੀ, ਹਲੀਮੀ, ਦਇਆ ਅਤੇ ਸੰਤੋਖ ਵਰਗੇ ਆਤਮਕ ਗੁਣ ਹੀ ਕਿਸੇ ਇਨਸਾਨ ਨੂੰ ਵਧੀਆ ਇਨਸਾਨ ਬਣਾ ਸਕਦੇ ਹਨ, ਅਤੇ ਵਧੀਆ ਇਨਸਾਨਾਂ ਦਾ ਸਮੂਹ ਹੀ ਇੱਕ ਵਧੀਆ ਸਮਾਜ ਬਣਾਉਂਦਾ ਹੈ। ਸੋ ਇੱਕ ਵਧੀਆ ਅਤੇ ਸਿਹਤਮੰਦ ਸਮਾਜ ਬਣਾਉਣ ਲਈ ਗੁਰੂ ਸਾਹਿਬ ਨੇ ਸਭ ਤੋਂ ਜ਼ਿਆਦਾ ਜ਼ੋਰ ਇਸ ਦੇ ਮੈਂਬਰਾਂ ਦੀ ਆਚਰਣਕ ਉਚੱਤਾ ਤੇ ਦਿੱਤਾ:-

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥੫॥
(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-62)

ਸੱਚ ਆਚਾਰ ਭਾਵ ਉੱਚ ਆਚਰਣ ਨੂੰ ਧਰਮ ਦਾ ਮੁੱਢਲਾ ਅੰਗ ਬਣਾ ਕੇ ਇਸ ਨੂੰ ਨਾਮ ਤੋਂ ਵੀ ਉੱਚਾ ਦਰਜਾ ਦਿੱਤਾ, ਤਾਂਕਿ ਧਾਰਮਕ ਭਾਈਚਾਰੇ ਦੇ ਲੋਕ ਸਾਰੇ ਫੋਕਟ ਕਰਮਕਾਂਡਾਂ ਨੂੰ ਤਿਆਗ ਕੇ ਚੰਗੇ ਅਤੇ ਸਚਿਆਰ ਇਨਸਾਨ ਬਣਨ।ਕਿਸੇ ਵੀ ਸਮਾਜ ਨੂੰ ਬਿਹਤਰ ਬਣਾਉਣ ਲਈ ਜ਼ਰੂਰੀ ਹੈ ਕਿ ਉਸ ਸਮਾਜ ਵਿਚ ਸਚਿਆਰਿਆਂ ਦੀ ਗਿਣਤੀ ਵਧਾਈ ਜਾਏ।ਕਿਸੇ ਵੀ ਸਮਾਜ ਦਾ ਸਰੂਪ ਉਸ ਸਮਾਜ ਦੇ ਬਹੁ ਗਿਣਤੀ ਮੈਂਬਰ ਹੀ ਬਣਾਉਂਦੇ ਹਨ ਉੱਚ ਆਚਰਣ ਵਾਲੇ ਮੈਂਬਰਾਂ ਦੀ ਬਹੁਗਿਣਤੀ ਹੋਣ ਨਾਲ ਸੁਭਾਵਕ ਹੀ ਸਮਾਜ ਨਰੋਆ ਅਤੇ ਸੋਹਣਾ ਬਣ ਜਾਏਗਾ।ਇਸੇ ਲਈ ਗੁਰੂ ਨਾਨਕ ਸਾਹਿਬ ਜਦੋਂ ਉਦਾਸੀਆਂ ਤੇ ਗਏ ਤਾਂ ਆਪ ਉਹਨਾਂ ਲੋਕਾਂ ਨੂੰ ਮਿਲੇ ਜੋ ਭੈੜੇ ਕੰਮਾਂ ਵਿਚ ਲੱਗੇ ਸਨ ਤਾਂ ਕਿ ਉਹਨਾਂ ਨੂੰ ਸਿੱਧੇ ਰਸਤੇ ਪਾ ਵਧੀਆ ਇਨਸਾਨ ਬਣਾਇਆ ਜਾ ਸਕੇ। ਆਪ ਦਾ ਮੰਤਵ ਸੀ ਕਿ ਸਮਾਜ ਵਿਚ ਫੈਲੇ ਹੋਏ ਵਿਗਾੜ ਨੂੰ ਦੂਰ ਕਰ ਕੇ ਸਮਾਜ ਨੂੰ ਸਿਹਤਮੰਦ ਬਣਾਉਣ ਲਈ ਸਚਿਆਰਿਆਂ ਦੀ ਗਿਣਤੀ ਵਿਚ ਵਾਧਾ ਕੀਤਾ ਜਾਏ।ਸੱਜਣ ਠੱਗ ਅਤੇ ਮਲਕ ਭਾਗੋ ਵਰਗਿਆਂ ਕੋਲ ਜਾਣ ਦਾ ਵੀ ਆਪ ਦਾ ਮੰਤਵ ਇਹੀ ਸੀ ਕਿ ਉਹਨਾਂ ਨੂੰ ਸਿੱਧੇ ਪਾਸੇ ਲਾ ਕੇ ਚੰਗੇ ਇਨਸਾਨ ਬਣਾਇਆ ਜਾਏ ਤਾਂ ਕਿ ਉਹ ਸਮਾਜ ਦੇ ਵਧੀਆ ਮੈਂਬਰ ਬਣ ਸਕਣ।ਸਿੱਧਾਂ ਕੋਲ ਜਾ ਕੇ ਗੁਰੂ ਸਾਹਿਬ ਨੇ ਉਹਨਾਂ ਨੂੰ ਸਮਾਜ ਪ੍ਰਤੀ ਉਹਨਾਂ ਦੀ ਜ਼ਿੰਮੇਵਾਰੀ ਦੱਸੀ ਕਿ ਜੇ ਚੰਗੇ ਬੰਦੇ ਸੰਸਾਰ ਦਾ ਤਿਆਗ ਕਰ ਦੇਣ ਤਾਂ ਸਮਾਜ ਵਿਚ ਭੈੜੇ ਮਨੁੱਖਾਂ ਦਾ ਬੋਲਬਾਲਾ ਹੋ ਜਾਏਗਾ ਅਤੇ ਉਹ ਆਮ ਇਨਸਾਨ ਦਾ ਜੀਊਣਾ ਮੁਸ਼ਕਿਲ ਕਰ ਦੇਣਗੇ। ਉਹਨਾਂ ਸਿੱਧਾਂ ਨੂੰ ਪ੍ਰਸ਼ਨ ਕੀਤਾ:-

ਸਿਧ ਛਪਿ ਬੈਠੇ ਪਰਬਤੀ ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।
(ਵਾਰਾਂ ਭਾਈ ਗੁਰਦਾਸ,ਵਾਰ 1, ਪਉੜੀ 29)

ਆਪ ਦੀ ਦਲੀਲ ਸੀ ਕਿ ਜੇ ਸਿਧਾਂ ਵਰਗੇ ਗਿਆਨਵਾਨ ਲੋਕ ਪਰਬਤਾਂ ਤੇ ਜਾ ਕੇ ਸੰਨਿਆਸ ਲੈ ਲੈਣਗੇ ਤਾਂ ਫਿਰ ਸੰਸਾਰ ਦਾ ਪਾਰ ਉਤਾਰਾ ਹੋਣਾ ਮੁਮਕਿਨ ਨਹੀਂ ਹੋਵੇਗਾ। ਜਦੋਂ ਸਿਧਾਂ ਨੇ ਗੁਰੂ ਸਾਹਿਬ ਨੂੰ ਉਹਨਾਂ ਦਾ ਉਦਾਸੀਆਂ ਧਾਰਨ ਦਾ ਮੰਤਵ ਪੁਛਿਆ ਤਾਂ ਗੁਰੂ ਸਾਹਿਬ ਨੇ ਜੁਆਬ ਦਿੱਤਾ:

ਗੁਰਮੁਖਿ ਖੋਜਤ ਭਏ ਉਦਾਸੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 939)

ਭਾਵ ਕਿ ਉਹਨਾਂ ਦਾ ਉਦਾਸੀਆਂ ਕਰਨ ਦਾ ਮੰਤਵ 'ਗੁਰਮੁਖਾਂ' ਭਾਵ ਚੰਗੇ ਇਨਸਾਨਾਂ ਦੀ ਭਾਲ ਕਰਨਾ ਸੀ ਤਾਂ ਕਿ ਅਜਿਹੇ ਸਚਿਆਰਿਆਂ ਦੀ ਭਾਲ ਕਰਕੇ ਇੱਕ ਅਜਿਹੇ ਸਮਾਜ ਦੀ ਸਥਾਪਨਾ ਕੀਤੀ ਜਾਏ ਜਿਥੇ:-

ਸਾਧ ਸਮੂਹ ਪ੍ਰਸੰਨ ਫਿਰੈਂ
ਜਗ ਸਤ੍ਰ ਸਭੈ ਅਵਲੋਕ ਚਪੈਂਗੇ॥

ਭਾਵ ਸਮਾਜ ਵਿਚ ਅਜਿਹਾ ਵਾਤਾਵਰਣ ਤਿਆਰ ਕੀਤਾ ਜਾਏ ਜਿੱਥੇ ਚੰਗੇ ਇਨਸਾਨ ਖੁਸ਼ੀ ਨਾਲ ਬਿਨਾਂ ਕਿਸੇ ਭੈ ਦੇ ਵਿਚਰ ਸਕਣ, ਜਿੱਥੇ ਦੁਸ਼ਟ ਆਪਣੀ ਮਨਮਾਨੀ ਨਾ ਕਰ ਸਕਣ। ਜਿੱਥੇ ਸਮਾਜ ਵਿਚ ਨਿਆਂ ਦਾ ਰਾਜ ਹੋਵੇ, ਸਚਿਆਰ ਮਨੁੱਖਾਂ ਦਾ ਬੋਲਬਾਲਾ ਹੋਵੇ ਅਤੇ ਲੋਕ ਬਿਨਾਂ ਕਿਸੇ ਚਿੰਤਾ ਦੇ ਸੁਖ ਸ਼ਾਂਤੀ ਨਾਲ ਜੀਵਨ ਬਤੀਤ ਕਰ ਸਕਣ।

ਸਾਰੀ ਗੁਰਬਾਣੀ ਅਜਿਹੇ ਸਚਿਆਰ ਆਚਰਣ ਦੀ ਘਾੜ੍ਹਤ ਦੀ ਗੱਲ ਹੀ ਤਾਂ ਕਰਦੀ ਹੈ। ਮਨਮੁੱਖ ਤੋਂ ਗੁਰਮੁੱਖ ਬਣਨ ਦਾ ਸਫ਼ਰ ਕੂੜਿਆਰ ਤੋਂ ਸਚਿਆਰ ਬਨਣ ਦਾ ਸਫ਼ਰ ਹੀ ਹੈ ਅਤੇ ਇਸ ਸਚਿਆਰ ਆਚਰਣ ਦੀ ਉਸਾਰੀ ਲਈ ਲੋੜੀਂਦਾ ਵਾਤਾਵਰਣ ਤਿਆਰ ਕਰਨ ਲਈ ਅਮਲੀ ਕਦਮ ਚੁੱਕਦਿਆਂ ਗੁਰੂ ਸਾਹਿਬ ਨੇ ਥਾਂ-ਥਾਂ ਸੰਗਤਾਂ ਸਥਾਪਤ ਕੀਤੀਆਂ। ਕਿਤੇ ਇਸ ਸਮਾਜ ਦੇ ਮੈਂਬਰ ਇਕੱਲਤਾ ਅਤੇ ਅਸੁਰੱਖਿਆ ਦੀ ਭਾਵਨਾ ਦਾ ਸ਼ਿਕਾਰ ਨਾ ਹੋ ਜਾਣ, ਇਸ ਲਈ ਸੰਗਤਾਂ ਦੇ ਰੂਪ ਵਿਚ ਸਮਾਜ ਵਿਚ ਇੱਕ ਮਜ਼ਬੂਤ ਆਧਾਰ ਤਿਆਰ ਕੀਤਾ। ਅੱਜ ਇਕੱਲਤਾ ਦਾ ਮਾਰਿਆ ਮਨੁੱਖ ਭਾਵਨਾਤਮਕ ਭੁੱਖਮਰੀ (emotional starvation) ਦਾ ਸ਼ਿਕਾਰ ਬਨਣ ਤੋਂ ਬਚਣ ਲਈ ਸੈਂਕੜੇ ਰੁਪਏ ਖ਼ਰਚ ਕਰਕੇ ਕਲੱਬਾਂ ਅਤੇ ਸਭਾ ਸੁਸਾਇਟੀਆਂ ਦਾ ਮੈਂਬਰ ਬਣ ਕੇ ਮਾਨਸਿਕ ਸਕੂਨ ਭਾਲਣ ਦੀ ਅਸਫ਼ਲ ਕੋਸ਼ਿਸ਼ ਕਰਦਾ ਹੈ ਅਤੇ ਕੁੱਝ ਕਰ ਵਿਖਾਉਣ ਦੀ ਇੱਛਾ ਵਿਚੋਂ ਸੰਪੂਰਣਤਾ ਲੱਭਣ ਦੀ ਕੋਸ਼ਿਸ਼ ਕਰਦਾ ਹੈ। ਮਹਾਨ ਮਨੋਵਿਗਿਆਨੀ ਅਤੇ ਦੂਰ ਅੰਦੇਸ਼ੀ ਦੇ ਮਾਲਕ ਗੁਰੂ ਸਾਹਿਬ ਮਨੁੱਖ ਦੀ ਇਸ ਸੁਭਾਵਕ ਲੋੜ ਨੂੰ ਸਮਝਦੇ ਸਨ। ਸੋ ਉਹਨਾਂ ਸੰਗਤ ਅਤੇ ਫਿਰ 'ਸੰਗਤ ਕੀਨੀ ਖਾਲਸਾ' ਦੇ ਰੂਪ ਵਿਚ ਆਪਣੇ ਪੁੱਤਰ ਖਾਲਸੇ ਨੂੰ ਇੱਕ ਅਜਿਹੀ ਸਭਾ 'ਪੰਥ' ਦੇ ਰੂਪ ਵਿਚ ਪ੍ਰਦਾਨ ਕੀਤੀ, ਜਿੱਥੇ ਇੱਕੋ ਵਿਚਾਰਧਾਰਾ ਦੇ ਮਨੁੱਖ ਅਧਿਆਤਮਕ ਆਧਾਰ ਰੱਖਦੇ ਹੋਏ, ਸਮਾਜ ਸੇਵਾ ਲਈ ਤਤਪਰ ਤਾਂ ਰਹਿੰਦੇ ਹੀ ਹਨ, ਇੱਕ ਦੂਜੇ ਤੋਂ ਸੇਧ ਲੈ ਕੇ ਆਪਣੀਆਂ ਨਿੱਜੀ ਸਮਸਿਆਵਾਂ ਦਾ ਵੀ ਸਮਾਧਾਨ ਕਰਕੇ ਸਮਾਜ ਵਿਚ ਉਸਾਰੂ ਮਾਹੌਲ ਬਣਾਉਂਦੇ ਹਨ।

ਹਉਮੈਂ ਆਧਾਰਿਤ ਰਿਸ਼ਤਿਆਂ ਦੀ ਨੀਂਹ ਉੱਪਰ ਉਸਰੀਆਂ ਸਮਾਜਕ ਜਥੇਬੰਦੀਆਂ ਵਿਚ ਜਾਂ ਤਾਂ ਜ਼ੋਰ ਭਾਵਨਾ (dominance) ਅਤੇ ਜਾਂ ਫਿਰ ਅਧੀਨਗੀ ਦੀ ਭਾਵਨਾ (subordination) ਭਾਰੂ ਹੁੰਦੀ ਹੈ। ਜੇ ਇੱਕ ਜ਼ੋਰ ਦਿਖਾ ਕੇ ਆਪਣੀ ਹਰ ਠੀਕ ਜਾਂ ਗਲਤ ਗੱਲ ਮੰਨਵਾਉਂਦਾ ਹੈ ਤਾਂ ਦੂਸਰਾ ਉਸ ਦੀ ਅਧੀਨਗੀ ਵਿਚ ਰਹਿ ਕੇ ਰਿਸ਼ਤਾ ਨਿਭਾਉਣ ਦੀ ਕੋਸ਼ਿਸ਼ ਕਰਦਾ ਹੈ।

## 5.4 ਖਾਲਸੇ ਦਾ ਸਰੂਪ

ਗੁਰੂ ਸਾਹਿਬ ਦੁਆਰਾ ਸਥਾਪਿਤ 'ਖਾਲਸਾ ਪੰਥ' ਨਾਮਕ ਅਧਿਆਤਮਕ ਆਧਾਰ ਵਾਲੀ ਸਮਾਜਿਕ ਜਥੇਬੰਦੀ ਦਾ ਸਭ ਤੋਂ ਖੂਬਸੂਰਤ ਪੱਖ ਹੀ ਇਹ ਹੈ ਕਿ ਇੱਥੇ ਰਿਸ਼ਤੇ ਬਰਾਬਰੀ, ਨਿਮਰਤਾ ਅਤੇ ਨਿਰਮਲ ਪ੍ਰੇਮ ਦੀ ਭਾਵਨਾ ਉੱਤੇ ਆਧਾਰਿਤ ਹਨ।ਸਵਾਰਥ ਅਤੇ ਹੰਕਾਰ ਭਰੇ ਰਿਸ਼ਤਿਆਂ ਦੀ ਇਸ ਜਥੇਬੰਦੀ ਵਿਚ ਕੋਈ ਥਾਂ ਨਹੀਂ। ਜਦੋਂ ਵੀ ਇਸ ਜਥੇਬੰਦੀ ਦੇ ਮੈਂਬਰ ਖਾਲਸਾ ਸੰਵਿਧਾਨ ਦੇ ਇਸ ਮੁੱਢਲੇ ਨੇਮ, ਭਾਵ ਗੁਰੂ ਗਰੰਥ ਸਾਹਿਬ ਵਿਚ ਅੰਕਿਤ 'ਮਨ ਰੇ ਕਿਉ ਛੂਟਹਿ ਬਿਨੁ ਪਿਆਰ' ਦੇ ਮੁੱਢਲੇ ਸਿਧਾਂਤ ਤੋਂ ਥਿੜਕਿਆ ਹੈ ਤਾਂ ਉਸ ਪੱਲੇ ਖੁਆਰੀ ਹੀ ਪਈ ਹੈ। ਪ੍ਰੇਮ ਦੇ ਇਸ ਮੁੱਢਲੇ ਨੇਮ ਦੇ ਗੁਰੂ ਸਾਹਿਬ ਆਪ ਵੀ ਇਤਨੇ ਪਾਬੰਦ ਸਨ ਕਿ ਉਹਨਾਂ ਗੁਰੂ ਪਦਵੀ ਤੇ ਹੁੰਦਿਆਂ ਵੀ ਆਪਣੇ ਅਤੇ ਸਿੱਖਾਂ ਵਿਚ ਕੋਈ ਭੇਦ ਨਹੀਂ ਰੱਖਿਆ:-

ਗੁਰੂ ਸਿਖੁ, ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 444)

ਜਿੱਥੇ ਸਿੱਖ, ਗੁਰੂ ਹੁਕਮ ਅਤੇ ਗੁਰੂ ਪ੍ਰੇਮ ਦੇ ਬੰਨ੍ਹੇ ਸਨ, ਉੱਥੇ ਗੁਰੂ ਨੇ ਵੀ ਆਪਣੇ ਆਪ ਨੂੰ ਸਿੱਖਾਂ ਦੇ ਪ੍ਰੇਮ ਵਿਚ ਪੂਰੀ ਤਰ੍ਹਾਂ ਬੰਨਿਆ। ਕਈ ਹਾਲਤਾਂ ਵਿਚ ਤਾਂ ਗੁਰੂ ਸਾਹਿਬ ਨੇ ਆਪਣੇ ਆਪ ਨੂੰ ਸਿੱਖ (ਭਗਤ) ਤੋਂ ਦੂਜੇ ਥਾਂ ਤੇ ਰੱਖਿਆ ਹੈ:-

ਮੇਰੀ ਬਾਂਧੀ ਭਗਤੁ ਛਡਾਵੈ ਬਾਂਧੈ ਭਗਤੁ ਨ ਛੂਟੈਂ ਮੋਹਿ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-1252)

ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਨਿਮਰਤਾ ਦੀ ਹੱਦ ਹੀ ਮੁਕਾ ਦਿਤੀ ਇਹ ਕਹਿ ਕੇ ਕਿ ਉਹਨਾਂ ਦੀ ਤਾਂ ਹੋਂਦ ਹੀ ਖਾਲਸੇ ਦੀ ਬਦੌਲਤ ਹੈ:-

ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈ
ਨਹੀਂ ਮੋ ਸੋ ਗਰੀਬ ਕਰੋਰ ਪਰੇ॥

ਸੱਚੇ ਸਿੱਖ ਦੇ ਵਚਨ ਨੂੰ ਗੁਰੂ ਸਾਹਿਬ ਨੇ ਕਦੀ ਵੀ ਨਹੀਂ ਉਲਟਾਇਆ।ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਸਿੱਖਾਂ ਗੁਰੂ ਦੇ ਨਾਲ ਜੁੜ ਕੇ ਸਮਾਜ ਉਸਾਰੀ ਦਾ ਕੰਮ ਬੜੀ ਚੜ੍ਹਦੀ ਕਲਾ ਵਿਚ ਰਹਿ ਕੇ ਕੀਤਾ।ਸਮੇਂ ਅਤੇ ਲੋੜ ਅਨੁਸਾਰ ਸਭ ਤਰ੍ਹਾਂ ਨਾਲ ਭਾਵੇਂ ਕਾਲ ਤੇ ਬੀਮਾਰੀ ਸਮੇਂ ਸਰੀਰਕ ਸੇਵਾ ਦੀ ਲੋੜ ਸੀ, ਜਾਂ ਸ਼ਹਿਰਾਂ ਦੀ ਸਥਾਪਨਾ ਸਮੇਂ, ਗੋਇੰਦਵਾਲ ਸਾਹਿਬ ਬਾਉਲੀ ਦੀ ਉਸਾਰੀ ਸਮੇਂ, ਪਾਣੀ ਦੀ ਘਾਟ ਪੂਰੀ ਕਰਨ ਲਈ ਖੂਹ ਪੁਟਵਾਉਣ ਸਮੇਂ ਅਤੇ ਹਰਿਮੰਦਰ ਸਾਹਿਬ ਦੀ ਉਸਾਰੀ ਸਮੇਂ ਜਾਂ ਫਿਰ ਜਦੋਂ ਜੰਗ ਦੇ ਮੈਦਾਨ ਵਿਚ ਹੱਕ ਸੱਚ ਅਤੇ ਇਨਸਾਫ਼ ਲਈ ਜੰਗ ਦੇ ਮੈਦਾਨ ਵਿਚ ਜੂਝਣ ਦੀ ਲੋੜ ਸੀ, ਹਰ ਸਮੇਂ ਗੁਰੂ ਸਾਹਿਬਾਨ ਅਤੇ ਸਿੱਖਾਂ ਨੇ ਇਕ ਜਥੇਬੰਦੀ ਵਜੋਂ ਕੰਮ ਕਰਕੇ ਸੁਨੇਹਾ ਦਿੱਤਾ ਤਾਂ ਕਿ ਸੋਹਣੇ ਸਮਾਜ ਦੀ ਉਸਾਰੀ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਵਿਚ ਦਰਸਾਈਆਂ ਅਧਿਆਤਮਕ ਕਦਰਾਂ ਕੀਮਤਾਂ, ਪ੍ਰੇਮ, ਸੇਵਾ, ਨਿਮਰਤਾ, ਪਰਉਪਕਾਰ ਅਤੇ ਕੁਰਬਾਨੀ ਆਦਿ ਨੂੰ ਅਮਲ ਵਿਚ ਲਿਆ ਕੇ ਹੀ ਕੀਤੀ ਜਾ ਸਕੇ।ਪ੍ਰੋ. ਪੂਰਨ ਸਿੰਘ ਆਪਣੀ ਕਿਤਾਬ Ten Masters ਵਿਚ ਲਿਖਦੇ ਹਨ:-

In the Khalsa Constitution, the people inspired by the natural goodness of humanity are supreme. In the Khalsa state, the law of man's natural goodness is the only law.

ਖਾਲਸਾ ਸੰਵਿਧਾਨ ਸੁਭਾਵਿਕ ਹੀ ਗੁਰੂ ਗਰੰਥ ਸਾਹਿਬ ਦਾ ਸੰਵਿਧਾਨ ਹੈ, ਜਿੱਥੇ ਪ੍ਰਮੁੱਖਤਾ ਸਰਬੱਤ ਦੇ ਭਲੇ ਅਤੇ ਮਨੁੱਖੀ ਪ੍ਰੇਮ ਅਤੇ ਚੰਗਿਆਈ ਅਤੇ ਪਰਉਪਕਾਰ ਨੂੰ ਦਿੱਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਦਾ ਬ੍ਰਹਮ ਗਿਆਨੀ ਪਰਉਪਕਾਰ ਕਰਕੇ ਹੀ ਉਮਾਹ ਵਿਚ ਆਉਂਦਾ ਹੈ। ਉਹ ਸਮਝਦਾ ਹੈ ਕਿ ਮਨੁੱਖਤਾ ਦਾ ਪ੍ਰੇਮ ਹੀ ਅਸਲ ਕਲਿਆਣਕਾਰੀ ਮਾਰਗ ਹੈ:-

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ॥

ਡਬਲਿਊ ਐੱਚ. ਮੈਕਲੋਡ ਖਾਲਸੇ ਦੀ ਸਿਰਜਣਾ ਬਾਰੇ ਲਿਖਦਾ ਹੈ ਕਿ, "The Khalsa is best described as an order, as a society possessing a reliougus foundation and a military displine."

ਇੱਕ ਹੋਰ ਮਹੱਤਵ ਪੂਰਨ ਗੱਲ ਧਿਆਨ ਵਿਚ ਰਖਣੀ ਬਣਦੀ ਹੈ। ਗੁਰੂ ਸਾਹਿਬ ਨੇ ਖਾਲਸਾ ਜਥੇਬੰਦੀ ਦੀ ਕਾਇਮੀ ਵਿਚ ਬੜੇ ਮਨੋਵਿਗਿਆਨਕ ਤਰੀਕੇ ਨਾਲ ਭਾਰਤੀ ਲੋਕਾਂ ਦੇ ਦਿਲ ਦੀਆਂ ਡੂੰਘੀਆਂ ਤਹਿਆਂ ਵਿਚ ਥਾਂ ਬਣਾ ਚੁੱਕੇ ਮਿਥਿਹਾਸ ਦੀ ਵਰਤੋਂ ਕੀਤੀ ਹੈ। ਭਾਰਤੀ ਮਿਥਿਹਾਸ ਮੁਤਾਬਕ 'ਅੰਮ੍ਰਿਤ' ਸਮੁੰਦਰ ਵਿਚੋਂ ਨਿਕਲੇ ਰਤਨਾਂ ਵਿਚੋਂ ਇੱਕ ਸੀ ਜੋ ਕੇਵਲ ਦੇਵਤੇ ਹੀ ਪ੍ਰਾਪਤ ਕਰ ਸਕਦੇ ਸਨ।ਗੁਰੂ ਗੋਬਿੰਦ ਸਿੰਘ ਦੇ ਮਾਹਰ ਹੱਥਾਂ ਵਿਚ ਇਹ ਅਮੋਲਕ ਵਸਤੂ ਨਿਮਾਣੇ ਤੇ ਨਿਤਾਣੇ ਸਮਝੇ ਜਾਣ ਵਾਲੇ ਸਮਾਜ ਦੇ ਆਮ ਲੋਕਾਂ ਤੱਕ ਪਹੁੰਚ ਗਈ:-

ਸੁਰਿ ਨਰ ਮੁਨਿ ਜਨ ਅਮ੍ਰਿਤੁ ਖੋਜਦੇ ਸੁ ਅੰਮ੍ਰਿਤੁ ਗੁਰ ਤੇ ਪਾਇਆ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ-918)

ਗੁਰੂ ਕੋਲੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਆਮ ਲੋਕ ਪੂਰਨ ਤੌਰ ਤੇ ਆਤਮ ਵਿਸ਼ਵਾਸੀ ਬਣ ਗਏ ਅਤੇ ਆਤਮ ਵਿਸ਼ਵਾਸ ਦੇ ਸ਼ਕਤੀਸ਼ਾਲੀ ਹਥਿਆਰ ਦੀ ਵਰਤੋਂ ਕਰਕੇ ਉਹ ਸਦੀਆ ਤੋਂ ਗੁਲਾਮ ਭਾਰਤੀ ਸਮਾਜ ਨੂੰ ਗੁਲਾਮੀ ਤੋਂ ਛੁਟਕਾਰਾ ਦਿਵਾ ਇੱਕ ਆਜ਼ਾਦ ਅਤੇ ਅਗਾਂਹਵਧੂ ਸਮਾਜ ਦੀ ਸਿਰਜਣਾ ਕਰਨ ਦੇ ਕਾਬਲ ਹੋ ਗਏ।

## 5.5 ਖਾਲਸਾ ਸਿਰਜਣਾ ਦੇ ਕਾਰਨ

ਖਾਲਸਾ ਦੀ ਸਾਜਣਾ ਦਾ ਕੋਈ ਇਕ ਕਾਰਣ ਨਹੀਂ ਸੀ। ਇਸ ਮਹਾਨ ਘਟਨਾ ਦੇ ਅਨੇਕ ਅੰਦਰਲੇ ਤੇ ਬਾਹਰਲੇ ਕਾਰਣ ਸਨ। ਜਿਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

### 5.5.1 ਪਹਿਲੇ ਨੌਂ ਸਿੱਖ ਗੁਰੂਆਂ ਦੇ ਕਾਰਜ

ਸਭ ਤੋਂ ਪਹਿਲਾਂ ਤਾਂ ਖ਼ਾਲਸਾ ਦੇ ਬੀਜ ਗੁਰੂ ਨਾਨਕ ਦੇਵ ਜੀ ਦੇ ਉਪਦੇਸ਼ਾਂ ਤੇ ਵਿਚਾਰਾਂ ਵਿਚ ਹੀ ਵੇਖੇ ਜਾ ਸਕਦੇ ਹਨ। ਉਨ੍ਹਾਂ ਨੇ ਸਮਾਜ ਵਿਚ ਪ੍ਰਚਲਿਤ ਮੂਰਤੀ - ਪੂਜਾ ਅਤੇ ਵਿਅਰਥ ਦੇ ਰੀਤੀ - ਰਿਵਾਜਾਂ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਅਤੇ ਇਕ ਹੀ ਸਰਵਉੱਚ ਤੇ ਸ਼ਰਬ ਸ਼ਕਤੀਮਾਨ ਪਰਮਾਤਮਾ ਦੀ ਭਗਤੀ ਉੱਤੇ ਜ਼ੋਰ ਦਿੱਤਾ। ਉਨ੍ਹਾਂ ਨੇ ਜਾਤੀ - ਪ੍ਰਥਾ ਉੱਤੇ ਵੀ ਕਰਾਰੀ ਸੱਟ ਲਾਈ ਅਤੇ ਸੰਗਤ ਤੇ ਲੰਗਰ ਦੀਆਂ ਸੰਸਥਾਵਾਂ ਨੂੰ ਜਨਮ ਦਿੱਤਾ। ਇਸ ਸਭ ਕੁਝ ਤੋਂ ਇਲਾਵਾ ਉਨ੍ਹਾਂ ਨੇ ਅਤਿਆਚਾਰ ਅਤੇ ਅਨਿਆਂ ਵਿਰੁੱਧ ਆਵਾਜ਼ ਉਠਾਈ। ਖਾਲਸਾ ਦਾ ਸੰਗਠਨ ਇਨ੍ਹਾਂ ਹੀ ਮੂਲ ਸਿਧਾਂਤਾਂ ਉੱਤੇ ਆਧਾਰਿਤ ਸੀ। ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਦੂਜੇ, ਤੀਜੇ, ਚੌਥੇ ਤੇ ਪੰਜਵੇਂ ਗੁਰੂ ਸਾਹਿਬਾਨ ਨੇ ਉਨ੍ਹਾਂ ਦੇ ਸਿਧਾਂਤਾਂ ਤੇ ਚਲਦੇ ਹੋਏ ਸਿੱਖ ਮਤ ਦੇ ਵਿਕਾਸ ਲਈ ਅਨੇਕ ਕੰਮ ਕੀਤੇ। ਸੰਗਤ 'ਤੇ ਲੰਗਰ ਨੂੰ ਵਿਕਸਤ ਰੂਪ ਵਿਚ ਸਥਾਪਤ ਰੱਖਣ ਤੋਂ ਇਲਾਵਾ, ਉਨ੍ਹਾਂ ਨੇ ਮੰਜੀ ਪ੍ਰਥਾ, ਮਸੰਦ ਪ੍ਰਣਾਲੀ ਆਦਿ ਨੂੰ ਪ੍ਰਚਲਿਤ ਕੀਤਾ, ਗੋਇੰਦਵਾਲ, ਅੰਮ੍ਰਿਤਸਰ ਤੇ ਤਰਨ - ਤਾਰਨ ਜਿਹੇ ਸਿੱਖਾਂ ਦੇ ਤੀਰਥ - ਸਥਾਨਾਂ ਦਾ ਨਿਰਮਾਣ ਕੀਤਾ ਅਤੇ 'ਪਵਿੱਤਰ ਆਦਿ ਗ੍ਰੰਥ ਸਾਹਿਬ' ਦਾ ਸੰਕਲਨ ਕੀਤਾ। ਪੰਜਵੇਂ ਗੁਰੂ ਸਾਹਿਬ ਦੀ ਸ਼ਹੀਦੀ ਪਿੱਛੋਂ ਗੁਰੂ ਹਰਗੋਬਿੰਦ ਜੀ ਨੇ ਨਵੀਂ ਨੀਤੀ ਅਪਣਾਈ ਅਤੇ ਸਿੱਖਾਂ ਨੂੰ 'ਸੰਤ ਸਿਪਾਹੀਆਂ' ਵਿਚ ਬਦਲ ਦਿੱਤਾ। ਭਾਵੇਂ ਸੱਤਵੇਂ , ਅੱਠਵੇਂ ਅਤੇ ਨੌਵੇਂ ਗੁਰੂ ਸਾਹਿਬਾਨ ਨੇ ਪੂਰਣ ਰੂਪ ਵਿਚ ਸ਼ਾਂਤੀ ਦੀ ਨੀਤੀ ਅਪਣਾਈ, ਫਿਰ ਵੀ ਉਹ ਆਪਣੇ ਪੂਰਵ - ਅਧਿਕਾਰੀਆਂ ਦੇ ਮੂਲ ਸਿਧਾਂਤਾਂ ਉੱਤੇ ਹੀ ਚਲਦੇ ਰਹੇ ਅਤੇ ਉਨ੍ਹਾਂ ਨੇ ਵਿਸ਼ੇਸ਼ ਰੂਪ ਵਿਚ ਗੁਰੂ ਤੇਗ ਬਹਾਦਰ ਜੀ ਨੇ ਸਿੱਖ ਧਰਮ ਦੇ ਪ੍ਰਚਾਰ ਲਈ ਬੜੇ ਸ਼ਲਾਘਾਯੋਗ ਕਾਰਜ ਕੀਤੇ। ਨੌਵੇਂ ਗੁਰੂ ਸਾਹਿਬ ਨੇ ਆਪਣੀ ਸ਼ਹੀਦੀ ਤੋਂ ਪਹਿਲਾ ਸਿੱਖਾਂ ਨੂੰ ਇਹ ਉਪਦੇਸ਼ ਦੇ ਕੇ ਕਿ ਨਾ ਕਿਸੇ ਤੋਂ ਡਰੋ ਤੇ ਨਾ ਕਿਸੇ ਨੂੰ ਡਰਾਓ, ਉਨ੍ਹਾਂ ਵਿਚ ਹਿੰਮਤ, ਦਲੇਰੀ ਤੇ ਬਹਾਦਰੀ ਦੀਆਂ ਭਾਵਨਾਵਾਂ ਪੈਦਾ ਕਰਨ ਦੇ ਵੀ ਯਤਨ ਕੀਤੇ। ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਦੀ ਸਥਾਪਨਾ ਕਰਕੇ ਆਪਣੇ ਪੂਰਵ-ਅਧਿਕਾਰੀਆਂ ਦੇ ਕਾਰਜ ਨੂੰ ਹੀ ਸੰਪੂਰਣ ਕੀਤਾ ਜਾਂ ਅੰਤਮ ਰੂਪ ਦਿੱਤਾ। ਸਪੱਸ਼ਟ ਹੈ ਕਿ ਖ਼ਾਲਸਾ ਦੀ ਸਾਜਣਾ ਦਾ ਕਾਰਜ ਦੀ ਹੌਲੀ -ਹੌਲੀ ਹੋਇਆ ਅਤੇ ਇਸ ਕਾਰਜ ਵਿਚ ਸਾਰੇ

ਹੀ ਦਸ ਗੁਰੂ ਸਾਹਿਬਾਨ ਨੇ ਹਾਲਾਤ ਦੇ ਅਨੁਸਾਰ ਹਿੱਸਾ ਪਾਇਆ। ਅਸਲ ਵਿਚ ਖ਼ਾਲਸਾ ਦੇ ਸਾਰੇ ਹੀ ਨਿਯਮ ਕਿਸੇ ਨਾ ਕਿਸੇ ਰੂਪ ਵਿਚ ਗੁਰੂ ਗੋਬਿੰਦ ਖੰਡਨ ਸਿੰਘ ਜੀ ਦੇ ਪੂਰਵ – ਅਧਿਕਾਰੀਆਂ ਦੇ ਸਿਧਾਂਤਾਂ ਵਿਚ ਵਿਦਮਾਨ ਸਨ. ਖਾਲਸਾ ਸਿਰਜਣਾ ਦੇ ਕੁਝ ਮੁੱਖ ਕਾਰਨਾਂ ਦਾ ਵੇਰਵਾ ਇਸ ਪ੍ਰਕਾਰ ਹੈ:–

### 5.5.2 ਔਰੰਗਜ਼ੇਬ ਦੇ ਅੱਤਿਆਚਾਰ ਅਤੇ ਗੁਰੂ ਤੇਗ਼ ਬਹਾਦਰ ਪਾਤਸ਼ਾਹ ਦੀ ਸ਼ਹੀਦੀ

ਮੁਗ਼ਲ ਬਾਦਸ਼ਾਹ ਔਰੰਗਜ਼ੇਬ ਕੱਟੜ ਸੁੰਨੀ ਮੁਸਲਮਾਨ ਸੀ ਜੋ ਹਿੰਦੁਸਤਾਨ ਨੂੰ ਇਸਲਾਮ ਦੀ ਭੂਮੀ ਬਣਾਉਣਾ ਚਾਹੁੰਦਾ ਸੀ । ਇਸ ਉਦੇਸ਼ ਨਾਲ ਉਸਨੇ ਹਿੰਦੂਆਂ ਉੱਤੇ ਬੜੇ ਅਤਿਆਚਾਰ ਕੀਤੇ ਸਨ । ਉਸਨੇ ਹਿੰਦੂਆਂ ਦੇ ਪਵਿੱਤਰ ਮੰਦਰਾਂ ਨੂੰ ਢਾਹ – ਢੇਰੀ ਕਰ ਦਿੱਤਾ ਸੀ । ਉਨ੍ਹਾਂ ਨੂੰ ਉੱਚੀਆਂ ਸਰਕਾਰੀ ਨੌਕਰੀਆਂ ਤੋਂ ਕੱਢ ਦਿੱਤਾ ਸੀ । ਉਨ੍ਹਾਂ ਉੱਤੇ ਵਿਸ਼ੇਸ਼ ਕਰ ਲਾ ਦਿੱਤੇ ਸਨ । ਉਨ੍ਹਾਂ ਦੇ ਧਾਰਮਿਕ ਰੀਤੀ – ਰਿਵਾਜਾਂ ਉੱਤੇ ਰੋਕਾਂ ਲਾ ਦਿੱਤੀਆਂ ਸਨ ਅਤੇ ਉਨ੍ਹਾਂ ਨੂੰ ਆਪਣੀ ਇੱਛਾ ਦੇ ਵਿਰੁੱਧ ਇਸਲਾਮ ਧਰਮ ਅਪਣਾਉਣ ਲਈ ਮਜਬੂਰ ਕੀਤਾ ਸੀ । 1675 ਈ. ਵਿਚ ਉਸਨੇ ਗੁਰੂ ਗੋਬਿੰਦ ਸਿੰਘ ਜੀ ਦੇ ਪਿਤਾ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਕੇਵਲ ਇਸ ਲਈ ਸ਼ਹੀਦ ਕਰਵਾ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਇਸਲਾਮ ਧਰਮ ਨੂੰ ਸਵੀਕਾਰ ਕਰਨ ਤੋਂ ਨਾਂਹ ਕਰ ਦੇ ਦਿੱਤੀ ਸੀ। ਅਜਿਹੇ ਹਾਲਾਤ ਵਿਚ ਗੁਰੂ ਗੋਬਿੰਦ ਸਾਹਿਬ ਧਰਮ ਦੀ ਰੱਖਿਆ ਜਾਂ ਧਰਮ – ਯੁੱਧ ਲਈ ਆਪਣੇ ਸਿੱਖਾਂ ਨੂੰ ਤਿਆਰ ਕਰਨਾ ਚਾਹੁੰਦੇ ਸਨ.

### 5.5.3 ਹਿੰਦੂਆਂ ਦਾ ਕਮਜ਼ੋਰ ਹੋਣਾ

ਉਸ ਸਮੇਂ ਹਿੰਦੂ ਬਹੁਤ ਕਮਜ਼ੋਰ ਤੇ ਕਾਇਰ ਬਣ ਗਏ ਸਨ। ਉਹ ਮੁਗ਼ਲ ਅਤਿਆਚਾਰਾਂ ਨੂੰ ਚੁਪ – ਚਾਪ ਸਹਿਣ ਕਰਦੇ ਜਾ ਰਹੇ ਸਨ। ਗੁਰੂ ਸਾਹਿਬ ਖਾਲਸਾ ਸਾਜ ਕੇ ਉਨ੍ਹਾਂ ਵਿਚ ਦਲੇਰੀ , ਬਹਾਦਰੀ ਤੇ ਆਤਮ–ਵਿਸ਼ਵਾਸ ਦੀਆਂ ਭਾਵਨਾਵਾਂ ਉਤਪੰਨ ਕਰਨਾ ਚਾਹੁੰਦੇ ਸਨ ।

### 5.5.4 ਪਹਾੜੀ ਰਾਜਿਆਂ ਦਾ ਵਿਸ਼ਵਾਸ–ਪਾਤਰ ਨਾ ਹੋਣਾ

ਪੂਰਵ–ਖਾਲਸਾ ਕਾਲ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਪਹਾੜੀ ਰਾਜਿਆਂ ਨਾਲ ਮਿੱਤਰਤਾਪੂਰਣ ਸੰਬੰਧ ਸਥਾਪਤ ਕਰਨ ਦੇ ਯਤਨ ਕੀਤੇ ਸਨ। ਨਾਦੌਣ ਦੀ ਲੜਾਈ ਵਿਚ ਉਨ੍ਹਾਂ ਮੁਗਲਾਂ ਵਿਰੁੱਧ ਇਨ੍ਹਾਂ ਰਾਜਿਆਂ ਦਾ ਸਾਥ ਦਿੱਤਾ ਸੀ। ਪਰੰਤੂ ਇਸ ਲੜਾਈ ਪਿੱਛੋਂ ਰਾਜਾ ਭੀਮ ਚੰਦ ਜਿਹੇ ਰਾਜੇ ਉਨ੍ਹਾਂ ਦਾ ਸਾਥ ਛੱਡ ਕੇ ਮੁਗ਼ਲਾਂ ਨਾਲ ਜਾ ਰਲ਼ੇ। ਗੁਰੂ ਸਾਹਿਬ ਨੇ ਅਨੁਭਵ ਕੀਤਾ ਕਿ ਉਹ ਪਹਾੜੀ ਰਾਜਿਆਂ ਦੀ ਮਿੱਤਰਤਾ ਉੱਤੇ ਨਿਰਭਰ ਨਹੀਂ ਕਰ ਸਕਦੇ । ਉਨ੍ਹਾਂ ਨੇ ਪੂਰਣ ਰੂਪ ਵਿਚ ਆਪਣੇ ਸਿੱਖਾਂ ਦੀ ਸ਼ਕਤੀ ਅਤੇ ਸਾਧਨਾਂ ਉੱਤੇ ਹੀ ਨਿਰਭਰ ਰਹਿਣ ਦਾ ਨਿਸ਼ਚਾ ਕੀਤਾ। ਇਸ ਲਈ ਆਪਣੇ ਸਿੱਖਾਂ ਵਿਚ ਇਕ ਨਵੀਂ ਭਾਵਨਾ ਦਾ ਸੰਚਾਰ ਕਰਨ ਲਈ ਉਨ੍ਹਾਂ ਨੇ ਖ਼ਾਲਸਾ ਦੀ ਸਥਾਪਨਾ ਨੂੰ ਅਤੀ ਜ਼ਰੂਰੀ ਸਮਝਿਆ।

### 5.5.5 ਜਾਤੀ ਪ੍ਰਥਾ ਦੇ ਬੰਧਨ

ਭਾਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਪੂਰਵਾਧਿਕਾਰੀਆਂ ਨੇ ਜਾਤੀ ਪ੍ਰਥਾ ਦਾ ਖੰਡਨ ਕੀਤਾ ਸੀ ਅਤੇ 'ਸੰਗਤ' 'ਤੇ 'ਲੰਗਰ' ਦੀਆਂ ਸੰਸਥਾਵਾਂ ਰਾਹੀਂ ਇਸ ਉੱਤੇ ਅਮਲੀ ਰੂਪ ਵਿਚ ਸੱਟ ਮਾਰੀ ਸੀ , ਫਿਰ ਵੀ ਸਿੱਖ ਸਮਾਜ ਵਿਚ ਜਾਤੀ ਪ੍ਰਥਾ ਦੇ ਬੰਧਨ ਸਮਾਪਤ ਨਹੀਂ ਹੋਏ ਸਨ। ਉੱਚੀਆਂ ਜਾਤਾਂ ਲੋਕ ਸ਼ੂਦਰਾਂ ਪ੍ਰਤੀ ਘਣਾ ਦੇ ਭਾਵ ਰਖਦੇ ਸਨ ਅਤੇ ਉਨ੍ਹਾਂ ਨਾਲ ਸਮਾਜਿਕ ਮੇਲ – ਜੋਲ ਨਹੀਂ ਰੱਖਦੇ ਸਨ। ਗੁਰੂ ਗੋਬਿੰਦ ਸਿੰਘ ਜੀ ਜਾਤੀ ਪ੍ਰਥਾ ਦੇ ਬੰਧਨਾਂ ਨੂੰ ਸਮਾਪਤ ਕਰਨ ਲਈ ਇਕ ਅਜਿਹਾ ਸੰਗਠਨ ਕਾਇਮ ਕਰਨਾ ਚਾਹੁੰਦੇ ਸਨ ਜਿਸ ਵਿਚ ਪੂਰਣ ਰੂਪ ਵਿਚ ਸਮਾਜਿਕ ਏਕਤਾ ਹੋਵੇ ਅਤੇ ਜਿਸ ਵਿਚ ਉਚ – ਨੀਚ ਦੇ ਭੇਦ – ਭਾਵ ਦੀ ਕੋਈ ਥਾਂ ਨਾ ਹੋਵੇ।

### 5.5.6 ਸਿੱਖ ਧਰਮ ਵਿਚ ਵਿਰੋਧੀ ਉਪ–ਸੰਪਰਦਾਵਾਂ

ਸਿੱਖ ਸੰਪਰਦਾ ਦੇ ਅੰਦਰ ਮੀਣਿਆਂ, ਧੀਰਮਲੀਆਂ ਅਤੇ ਰਾਮਰਾਈਆਂ ਦੀਆਂ ਵਿਰੋਧੀ ਉਪਸੰਪਰਦਾਵਾਂ ਕਾਇਮ ਹੋ ਗਈਆਂ ਸਨ ਜੋ ਸਦਾ ਸਿੱਖ ਗੁਰੂਆਂ ਦਾ ਵਿਰੋਧ ਕਰਦੀਆਂ ਰਹੀਆਂ, ਉਨ੍ਹਾਂ ਵਿਰੁੱਧ ਸਾਜ਼ਸ਼ਾਂ ਕਰਦੀਆਂ ਰਹੀਆਂ

ਅਤੇ ਸਿੱਖਾਂ ਨੂੰ ਗਲਤ ਰਾਹ ਤੇ ਚਲਾਉਣ ਦੇ ਕੋਝੇ ਯਤਨ ਕਰਦੀਆਂ ਰਹੀਆਂ। ਗੁਰੂ ਸਾਹਿਬ ਇਕ ਪਾਸੇ ਤਾਂ ਸਿੱਖ ਧਰਮ ਦੇ ਇਨ੍ਹਾਂ ਵਿਰੋਧੀਆਂ ਨੂੰ ਧਰਮ ਤੋਂ ਬਾਹਰ ਕੱਢਣਾ ਚਾਹੁੰਦੇ ਸਨ ਅਤੇ ਦੂਜੇ ਪਾਸੇ ਸਿੱਖਾਂ ਨੂੰ ਉਨ੍ਹਾਂ ਦੇ ਪ੍ਰਭਾਵ ਤੋਂ ਮੁਕਤ ਕਰਕੇ ਇਕ ਸੁਦ੍ਰਿੜ੍ਹ ਤੇ ਅਨੁਸ਼ਾਸਨਪੂਰਣ ਸੰਗਠਨ ਕਾਇਮ ਕਰਨਾ ਚਾਹੁੰਦੇ ਸਨ।

### 5.5.7 ਮਸੰਦ ਪ੍ਰਥਾ ਦਾ ਦੋਸ਼ਪੂਰਣ ਹੋਣਾ

ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਮਸੰਦ ਪ੍ਰਥਾ ਨੇ ਸਿੱਖ ਧਰਮ ਦੇ ਵਿਕਾਸ ਵਿਚ ਬੜਾ ਮਹੱਤਵਪੂਰਣ ਹਿੱਸਾ ਪਾਇਆ ਸੀ ਪਰੰਤੂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਇਹ ਪ੍ਰਥਾ ਅਤਿਅੰਤ ਭ੍ਰਿਸ਼ਟ ਹੋ ਗਈ ਸੀ। ਮਸੰਦ ਲੋਕ ਸਵਾਰਥੀ , ਹੰਕਾਰੀ ਤੇ ਭ੍ਰਿਸ਼ਟਾਚਾਰੀ ਹੋ ਗਏ ਸਨ ਜੋ ਗੁਰੂ ਸਾਹਿਬ ਵਲੋਂ ਸਿੱਖਾਂ ਦੀ ਅਗਵਾਈ ਕਰਨ ਦੀ ਥਾਂ ਉਨ੍ਹਾਂ ਦਾ ਸ਼ੋਸ਼ਣ ਕਰਨ ਲੱਗ ਪਏ ਸਨ। ਗੁਰੂ ਸਾਹਿਬ ਇਸ ਦੋਸ਼ - ਪੂਰਣ ਅਤੇ ਪਤਿਤ ਮਸੰਦ ਪ੍ਰਥਾ ਨੂੰ ਸਮਾਪਤ ਕਰਕੇ ਗੁਰੂ ਤੇ ਸਿੱਖਾਂ ਵਿਚ ਸਿੱਧਾ ਸੰਬੰਧ ਕਾਇਮ ਕਰਨਾ ਚਾਹੁੰਦੇ ਸਨ । ਸੈਨਾਪਤ ਦੇ ਕਥਨ ਅਨੁਸਾਰ , ਖ਼ਾਲਸਾ ਦੀ ਸਾਜਣਾ ਦਾ ਪ੍ਰਮੁੱਖ ਕਾਰਣ ਮਸੰਦਾਂ ਨੂੰ ਸਿੱਖ ਧਰਮ ਵਿਚੋਂ ਕੱਢਣਾ ਸੀ।

### 5.5.8 ਗੁਰੂ ਗੋਬਿੰਦ ਸਿੰਘ ਦੇ ਜੀਵਨ ਦਾ ਉਦੇਸ਼

ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ 'ਬਚਿੱਤਰ ਨਾਟਕ' ਵਿਚ ਉਨ੍ਹਾਂ ਦੇ ਜੀਵਨ ਦਾ ਉਦੇਸ਼ ਸਾਹਮਣੇ ਆਉਂਦਾ ਹੈ। ਆਪ ਲਿਖਦੇ ਹਨ ਕਿ ਆਪ ਦੇ ਜੀਵਨ ਦਾ ਉਦੇਸ਼ ਧਰਮ ਦੀ ਰੱਖਿਆ ਕਰਨਾ, ਸੰਤਾਂ ਦੀ ਰੱਖਿਆ ਕਰਨਾ ਅਤੇ ਦੁਸ਼ਟਾਂ ਦਾ ਨਾਸ ਕਰਨਾ ਸੀ.

ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਿਨ॥

ਇਸ ਉਦੇਸ਼ ਦੀ ਪੂਰਤੀ ਲਈ ਆਪ ਨੇ ਖਾਲਸਾ ਦੀ ਸਾਜਣਾ ਕੀਤੀ।ਇਸ ਤਰ੍ਹਾਂ ਅਨੇਕਾਂ ਹੀ ਕਾਰਨ ਖਾਲਸਾ ਪੰਥ ਦੀ ਸਿਰਜਣਾ ਦੇ ਕਾਰਕ ਬਣੇ।

### 5.5 ਖਾਲਸਾ ਸਿਰਜਣਾ ਦੀ ਪ੍ਰਕਿਰਿਆ

1699 ਈ . ਨੂੰ ਵੈਸਾਖੀ ਦੇ ਦਿਨ ਸਨ ਗੋਬਿੰਦ ਸਿੰਘ ਸਾਹਿਬ ਨੇ ਅਨੰਦਪੁਰ ਸਾਹਿਬ ਵਿਖੇ ਇਕ ਮਹਾਂ ਸਭਾ ਬੁਲਾਉਣ ਦਾ ਪ੍ਰਬੰਧ ਕੀਤਾ। ਇਸ ਦੀਵਾਨ ਵਿਚ ਭਿੰਨ - ਭਿੰਨ ਸਥਾਨਾਂ ਤੋਂ ਲਗਭਗ 80,000 ਵਿਅਕਤੀ ਇਕੱਠੇ ਹੋਏ। ਜਦੋਂ ਸਭ ਨੇ ਆਪਣੇ - ਆਪਣੇ ਸਥਾਨ ਉੱਤੇ ਬੈਠ ਗਏ ਤਾਂ ਗੁਰੂ ਸਾਹਿਬ ਨੇ ਮਿਆਨ ਵਿਚੋਂ ਤਲਵਾਰ ਕੱਢ ਕੇ ਜ਼ੋਰਦਾਰ ਸ਼ਬਦਾਂ ਵਿਚ ਕਿਹਾ, "ਕੀ ਤੁਹਾਡੇ ਵਿਚੋਂ ਕੋਈ ਅਜਿਹਾ ਵਿਅਕਤੀ ਹੈ ਜੋ ਧਰਮ ਲਈ ਆਪਣਾ ਜੀਵਨ ਕੁਰਬਾਨ ਕਰ ਸਕੇ ?" ਜਦੋਂ ਇਹ ਸ਼ਬਦ ਤੀਜੀ ਵਾਰ ਦੁਹਰਾਏ ਗਏ ਤਾਂ ਲਾਹੌਰ - ਨਿਵਾਸੀ ਦਇਆ ਰਾਮ ( ਜੋ ਖੱਤਰੀ ਜਾਤ ਦਾ ਸੀ) ਆਪਣਾ ਥਾਂ ਤੋਂ ਉੱਠ ਕੇ ਗੁਰੂ ਜੀ ਵੱਲ ਵਧਿਆ ਅਤੇ ਉਸਨੇ ਧਰਮ ਲਈ ਆਪਣੇ ਆਪ ਨੂੰ ਬਲੀਦਾਨ ਕਰਨ ਲਈ ਪੇਸ਼ ਕੀਤਾ। ਗੁਰੂ ਜੀ ਉਸ ਨੂੰ ਨੇੜੇ ਹੀ ਇਕ ਤੰਬੂ ਵਿਚ ਲੈ ਗਏ। ਗੁਰੂ ਸਾਹਿਬ ਫਿਰ ਲੋਕਾਂ ਸਾਹਮਣੇ ਆਏ ਅਤੇ ਉਨ੍ਹਾਂ ਨੇ ਇਕ ਹੋਰ ਵਿਅਕਤੀ ਦਾ ਸੀਸ ਮੰਗਿਆ। ਇਸ ਵਾਰ ਦਿੱਲੀ ਦਾ ਇਕ ਜੱਟ ਧਰਮ ਦਾਸ ਗੁਰੂ ਸਾਹਿਬ ਵੱਲ ਅੱਗੇ ਆਇਆ। ਉਸ ਨੂੰ ਵੀ ਗੁਰੂ ਸਾਹਿਬ ਤੰਬੂ ਵਿਚ ਲੈ ਗਏ। ਜਿੰਨੀ ਵਾਰ ਵੀ ਜੀਵਨ ਬਲੀਦਾਨ ਲਈ ਉਨ੍ਹਾਂ ਨੇ ਆਵਾਜ਼ ਦਿੱਤੀ ਕੋਈ ਨਾ ਕੋਈ ਵਿਅਕਤੀ ਗੁਰੂ ਸਾਹਿਬ ਦੇ ਸਾਹਮਣੇ ਧਰਮ ਲਈ ਆਪਣਾ ਜੀਵਨ ਵਾਰਨ ਲਈ ਹਾਜ਼ਰ ਹੁੰਦਾ ਰਿਹਾ। ਇਸ ਤਰ੍ਹਾਂ ਪੰਜ ਵਿਅਕਤੀ ਚੁਣ ਲਏ ਗਏ। ਦਇਆ ਰਾਮ ਤੇ ਧਰਮ ਦਾਸ ਤੋਂ ਇਲਾਵਾ ਬਾਕੀ ਤਿੰਨ ਵਿਅਕਤੀਆਂ ਦੇ ਨਾਂ ਇਹ ਸਨ - ਦਵਾਰਕਾ ਦਾ ਮੋਹਕਮ ਚੰਦ ( ਜੋ ਧੋਬੀ ਸੀ), ਬਿਦਰ ਦਾ ਨਾਈ ਜਾਤ ਦਾ ਸਾਹਿਬ ਚੰਦ ਅਤੇ ਜਗਨਨਾਥ ਪੁਰੀ ਦਾ ਹਿੰਮਤ ਰਾਏ ( ਜੋ ਕਹਾਰ ਸੀ)। ਗੁਰੂ ਦੇ ਪਿਆਰ ਵਿਚ ਸੀਸ ਭੇਟ ਕਰਨ ਵਾਲੇ ਇਹਨਾਂ

ਪੰਜਾਂ ਪਿਆਰਿਆਂ ਨੂੰ ਗੁਰੂ ਜੀ ਨੇ ਇੱਕੋ ਜਿਹੀ ਵਰਦੀ ਪੁਆ ਪੰਜ ਕਕਾਰਾਂ- ਕੇਸ, ਕ੍ਰਿਪਾਨ, ਕਛਿਹਰਾ, ਕੰਘਾ ਅਤੇ ਕੜਾ- ਦੇ ਧਾਰਨੀ ਬਣਾਇਆ ਅਤੇ ਪੰਜਾਂ ਬਾਣੀਆਂ- ਜਪੁਜੀ ਸਾਹਿਬ, ਜਾਪੁ ਸਾਹਿਬ, ਸਵੈਯੇ, ਚੌਪਈ ਅਤੇ ਅਨੰਦ ਸਾਹਿਬ- ਦਾ ਪਾਠ ਕਰਦਿਆਂ ਸਰਬ ਲੋਹ ਦੇ ਬਾਟੇ ਵਿਚ ਜਲ ਤੇ ਪਤਾਸਿਆਂ ਨਾਲ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ ਵਾਹਿਗੁਰੂ ਜੀ ਕੀ ਫਤਿਹ ਗਜਾਉਂਦਿਆਂ ਇਹਨਾਂ ਪੰਜਾਂ ਨੂੰ ਛਕਾ ਕੇ, ਵਾਹਿਗੁਰੂ ਜੀ ਦੇ ਖਾਲਸੇ ਨੂੰ ਨਿਰਾਲਾ ਰੂਪ ਬਖਸ਼ ਕੇ ਫ਼ਤਿਹ ਅਤੇ ਚੜ੍ਹਦੀ ਕਲਾ ਦੇ ਵਾਰਸ ਬਣਾਇਆ।ਫਿਰ ਆਪ ਇਹਨਾਂ ਕੋਲੋਂ ਅੰਮ੍ਰਿਤ ਦੀ ਦਾਤ ਮੰਗ ਕੇ ਇਹਨਾਂ ਨੂੰ ਗੁਰੂ ਦਾ ਦਰਜਾ ਦਿੱਤਾ ਅਤੇ ਇਹਨਾਂ ਪੰਜਾਂ ਤੋਂ ਅੰਮ੍ਰਿਤ ਛਕ ਕੇ ਸਿੰਘ ਸਜ ਕੇ ਆਪ ਖਾਲਸਾ ਪੰਥ ਵਿਚ ਪ੍ਰਵੇਸ਼ ਹੋਏ।ਇਸੇ ਲਈ ਭਾਈ ਗੁਰਦਾਸ ਦੂਜੇ ਨੇ ਲਿਖਿਆ ਹੈ: 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ'। ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੁਆਰਾ ਸਾਜੀ ਗਈ ਸੰਗਤ ਦੇ ਸਿੱਖਾਂ ਨੂੰ ਖਾਲਸੇ ਦਾ ਰੂਪ ਦਿਤਾ: 'ਗੁਰ ਸੰਗਤ ਕੀਨੀ ਖਾਲਸਾ ਮਨਮੁਖੀ ਦੁਹੇਲਾ'। ਪੰਥ ਖਾਲਸੇ ਨੂੰ ਗੁਰੂ ਦੀ ਪਦਵੀ ਦੇ ਕੇ ਇਸ ਨੂੰ ਗੁਰੂ ਖਾਲਸਾ ਬਣਾਉਣ ਲਈ ਹੁਕਮ ਕੀਤਾ: 'ਪੰਥ ਖਾਲਸਾ ਮਾਨੀਅਹੁ ਪਰਗਟ ਗੁਰਾਂ ਕੀ ਦੇਹਿ'. ਹੁਣ ਗੁਰੂ ਸਾਹਿਬ ਨੇ ਆਪ ਵੀ ਉਹੋ ਜਿਹੇ ਕੱਪੜੇ ਪਾਏ ਹੋਏ ਸਨ। ਗੁਰੂ ਸਾਹਿਬ ਨੇ ਉਨ੍ਹਾਂ ਨੂੰ 'ਪੰਜ ਪਿਆਰੇ' ਦੀ ਸਮੂਹਿਕ ਉਪਾਧੀ ਦਿੱਤੀ। ਇਹ ਮਹੱਤਵਪੂਰਣ ਗੱਲ ਹੈ ਕਿ ਦਇਆ ਰਾਮ ਤੇ ਧਰਮ ਦਾਸ ਉੱਤਰੀ ਭਾਰਤ ਨਾਲ ਸੰਬੰਧ ਰੱਖਦੇ ਸਨ ਜਦੋਂ ਕਿ ਮੋਹਕਮ ਚੰਦ ਪੱਛਮੀ ਭਾਰਤ ਨਾਲ , ਸਾਹਿਬ ਚੰਦ ਦੱਖਣੀ ਭਾਰਤ ਤੋਂ ਅਤੇ ਹਿੰਮਤ ਰਾਏ ਪੂਰਬੀ ਭਾਰਤ ਨਾਲ ਸੰਬੰਧਿਤ ਸੀ। ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਭਾਰਤ ਦੀਆਂ ਚਾਰਾਂ ਦਿਸ਼ਾਵਾਂ ਤੋਂ ਲੋਕ ਆਨੰਦਪੁਰ ਸਾਹਿਬ ਆਏ ਸਨ।

## 5.6 ਖੰਡੇ ਦਾ ਪਾਹੁਲ

ਇਸ ਤੋਂ ਪਹਿਲਾਂ 'ਚਰਨ – ਅਮ੍ਰਿਤ' ਦੁਆਰਾ ਵਿਅਕਤੀਆਂ ਨੂੰ ਗੁਰੂ ਦੇ ਸਿੱਖ ਬਣਾਇਆ ਜਾਂਦਾ ਸੀ ਅਰਥਾਤ ਗੁਰੂ ਦੇ ਚਰਨਾਂ ਨਾਲ ਛੁਹਾਇਆ ਹੋਇਆ ਪਾਣੀ ਜਾਂ ਅੰਮ੍ਰਿਤ ਸਿੱਖਾਂ ਨੂੰ ਪਿਲਾਇਆ ਜਾਂਦਾ ਸੀ। ਪਰੰਤੂ ਗੁਰੂ ਗੋਬਿੰਦ ਸਿੰਘ ਜੀ ਨੇ ਹੁਣ ਇਕ ਵਿਸ਼ੇਸ਼ ਪ੍ਰਥਾ ਦੁਆਰਾ ਪੰਜ ਪਿਆਰਿਆਂ ਨੂੰ ਆਪਣੇ ਸਿੱਖ ਬਣਾਇਆ। ਇਕ ਲੋਹੇ ਦੇ ਭਾਂਡੇ ਵਿਚ ਸਾਫ਼ ਤੇ ਸਵੱਛ ਪਾਣੀ ਅਤੇ ਪਤਾਸੇ ਪਾ ਕੇ ਖੰਡੇ ਦੇ ਧਾਰੀ ਤਲਵਾਰ ਨਾਲ ਹਿਲਾਇਆ ਗਿਆ ਅਤੇ ਨਾਲੋ ਨਾਲ ਜਪੁਜੀ ਸਾਹਿਬ, ਆਨੰਦ ਸਾਹਿਬ, ਜਾਪ ਸਾਹਿਬ, ਸਵੈਯੇ 'ਤੇ ਚੌਪਈ ਦਾ ਪਾਠ ਕੀਤਾ ਗਿਆ ਇਸ ਪ੍ਰਕਾਰ ਤਿਆਰ ਕੀਤਾ ਗਿਆ ' ਖੰਡੇ ਦੀ ਪਾਹੁਲ ' ਅਥਵਾ ਅੰਮ੍ਰਿਤ ਉਸੇ ਇਕ ਭਾਂਡੇ ਵਿਚੋਂ ਵਾਰੀ – ਵਾਰੀ ਪੰਜ ਪਿਆਰਿਆਂ ਨੂੰ ਪਿਲਾ ਦਿੱਤਾ ਗਿਆ। ਗੁਰਬਾਣੀ ਦੇ ਪਾਠ ਦੇ ਨਾਲ – ਨਾਲ ਦੋ ਧਾਰੇ ਖੰਡੇ ਨਾਲ ਤਿਆਰ ਕੀਤੇ ਗਏ ਮਿੱਠੇ ਅੰਮ੍ਰਿਤ ਦਾ ਭਾਵ ਇਹ ਸੀ ਕਿ ਇਸ ਨੂੰ ਸੇਵਨ ਕਰਨ ਵਾਲਿਆਂ ਵਿਚ ਗੁਰਬਾਣੀ ਉੱਤੇ ਦ੍ਰਿੜ ਵਿਸ਼ਵਾਸ , ਬਹਾਦਰੀ ਤੇ ਮਿਠਾਸ ਦੇ ਗੁਣ ਉਤਪੰਨ ਹੋਣ। ਗੁਰੂ ਸਾਹਿਬ ਨੇ ਪੰਜ ਪਿਆਰੀਆਂ ਨੂੰ ਅੰਮ੍ਰਿਤ ਪਿਆਉਣ ਪਿਛੋਂ ਖਾਲਸਾ ਦਾ ਨਾਂ ਦਿੱਤਾ। ਹਰ ਇਕ ਨੂੰ ਆਪਣੇ ਨਾਂ ਦੇ ਨਾਲ ਸਿੰਘ ਸ਼ਬਦ ਲਗਾਉਣ ਲਈ ਕਿਹਾ। ਇਸ ਪ੍ਰਕਾਰ ਪੰਜ ਪਿਆਰਿਆਂ ਦੇ ਨਾਂ ਦਇਆ ਸਿੰਘ, ਧਰਮ ਸਿੰਘ, ਮੋਹਕਮ ਸਿੰਘ, ਸਾਹਿਬ ਸਿੰਘ ਅਤੇ ਹਿੰਮਤ ਸਿੰਘ ਹੋ ਗਏ। ਪੰਜ ਪਿਆਰਿਆਂ ਨੂੰ ਖ਼ਾਲਸਾ ਬਣਾਉਣ ਪਿੱਛੋਂ ਗੁਰੂ ਸਾਹਿਬ ਨੇ ਆਪ ਉਨ੍ਹਾਂ ਦੇ ਹੱਥੀਂ ਖੰਡੇ ਨਾਲ ਤਿਆਰ ਕੀਤੇ ਗਏ ਅੰਮ੍ਰਿਤ ਪਾਨ ਕੀਤਾ ਅਤੇ ਉਹ ਗੋਬਿੰਦ ਰਾਏ ਦੀ ਥਾਂ ਗੋਬਿੰਦ ਸਿੰਘ ਅਖਵਾਉਣ ਲੱਗੇ। ਇਸ ਪ੍ਰਕਾਰ ਖ਼ਾਲਸਾ ਅਤੇ ਗੁਰੂ ਵਿਚ ਅਭਿੰਨਤਾ ਸਥਾਪਤ ਕਰ ਦਿੱਤੀ ਗਈ।

## 5.7 ਖਾਲਸਾ ਪੰਥ ਦੇ ਸਿਧਾਂਤ

- ਖਾਲਸਾ ਪੰਥ ਵਿਚ ਪ੍ਰਵੇਸ਼ ਕਰਨ ਲਈ ਹਰ ਇਕ ਵਿਅਕਤੀ ਨੂੰ ਖੰਡੇ ਦਾ ਪਾਹੁਲ ਜਾਂ ਵਿਸ਼ੇਸ਼ ਵਿਧੀ ਦੁਆਰਾ ਤਿਆਰ ਕੀਤੇ ਗਏ ਅੰਮ੍ਰਿਤ ਦਾ ਸੇਵਨ ਕਰਨਾ ਪਵੇਗਾ ਅਤੇ ਇਸ ਪਿੱਛੋਂ ਉਹ ਆਪਣੇ ਆਪ ਨੂੰ ਖਾਲਸਾ ਕਹੇਗਾ।
- ਹਰ ਇਕ ਖਾਲਸਾ ਨੂੰ ਆਪਣੇ ਨਾਂ ਦੇ ਨਾਲ ਸਿੰਘ ਸ਼ਬਦ ਲਾਉਣਾ ਹੋਵੇਗਾ ਜਿਸ ਦਾ ਸ਼ਬਦਾਰਥ ਹੈ ਸ਼ੇਰ। ਇਸੇ ਤਰ੍ਹਾਂ ਖਾਲਸਾ-ਇਸਤਰੀ ਆਪਣੇ ਨਾਂ ਦੇ ਨਾਲ ਕੌਰ ਸ਼ਬਦ ਲਗਾਏਗੀ।

- ਉਹ ਪੰਜ ਕੱਕੇ ਅਰਥਾਤ ਕ ਅੱਖਰ ਨਾਲ ਸ਼ੁਰੂ ਹੋਣ ਵਾਲੇ ਪੰਜ ਚਿੰਨ੍ਹ- ਕੇਸ, ਕੰਘਾ, ਕੜਾ, ਕੱਛਹਿਰਾ ਅਤੇ ਕਿਰਪਾਨ
  ਧਾਰਣ ਕਰੇਗਾ।
- ਉਹ ਕੇਵਲ ਇਕ ਸਰਵਉੱਚ ਤੇ ਸਰਵਸ਼ਕਤੀਮਾਨ ਅਕਾਲ ਪੁਰਖ ਵਿਚ ਵਿਸ਼ਵਾਸ ਰੱਖੇਗਾ ਅਤੇ ਈਸ਼ਵਰ ਦੀ ਭਗਤੀ ਤੋਂ
  ਬਿਨਾਂ ਕਿਸੇ ਹੋਰ ਦੇਵੀ ਦੇਵਤੇ ਦੀ ਪੂਜਾ ਨਹੀਂ ਕਰੇਗਾ। ਉਹ ਮੂਰਤੀ ਪੂਜਾ ਵਿਚ ਵਿਸ਼ਵਾਸ ਨਹੀਂ ਰੱਖੇਗਾ।
- ਉਹ ਅੰਮ੍ਰਿਤ ਵੇਲੇ ਉੱਠੇਗਾ ਅਤੇ ਇਸ਼ਨਾਨ ਕਰਕੇ ਨਿਤਨੇਮ ਕਰੇਗਾ। ਪੰਜ ਬਾਣੀਆਂ ਦਾ ਪਾਠ ਕਰਨਾ ਹਰ ਖਾਲਸੇ ਲਈ
  ਲਾਜਮੀ ਹੋਵੇਗਾ।
- ਉਹ ਦਸਾਂ ਨੌਹਾਂ ਦੀ ਕਿਰਤ ਕਮਾਈ ਕਰੇਗਾ ਅਤੇ ਆਪਣੀ ਆਮਦਨੀ ਦਾ ਦਸਵਾਂ ਹਿੱਸਾ (ਦਸਵੰਧ) ਧਰਮ ਦੇ ਕਾਰਜਾਂ
  ਹਿੱਤ ਕੱਢੇਗਾ।
- ਉਹ ਜ਼ਾਤ-ਪਾਤ ਅਤੇ ਊਚ-ਨੀਚ ਦੇ ਭੇਦ-ਭਾਵ ਵਿਚ ਵਿਸ਼ਵਾਸ ਨਹੀਂ ਰੱਖੇਗਾ। ਖਾਲਸਾ ਦੇ ਸਾਰੇ ਮੈਂਬਰ ਰਲ-ਮਿਲ ਕੇ
  ਰਹਿਣਗੇ।
- ਉਹ ਅਸਤਰ-ਸ਼ਸਤਰ ਧਾਰਣ ਕਰੇਗਾ ਅਤੇ ਜ਼ੁਲਮ ਲਈ ਲੜਣ ਲਈ ਸਦਾ ਤਿਆਰ ਰਹੇਗਾ।
- ਉਹ ਆਪਣੇ ਚਰਿੱਤਰ ਨੂੰ ਸ਼ੁੱਧ ਰੱਖੇਗਾ ਅਤੇ ਉੱਚ ਨੈਤਿਕ ਜੀਵਨ ਬਤੀਤ ਕਰੇਗਾ।ਹਰੇਕ ਖਾਲਸਾ ਆਪਸ ਵਿਚ ਮਿਲਦੇ
  ਸਮੇਂ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫ਼ਤਹਿ ਆਖੇਗਾ।
- ਖਾਲਸਾ ਤਮਾਕੂ ਅਤੇ ਹੋਰ ਨਸ਼ੀਲੀਆਂ ਵਸਤੂਆਂ ਦਾ ਸੇਵਨ ਨਹੀਂ ਕਰੇਗਾ।

ਗੁਰੂ ਸਾਹਿਬ ਨੇ ਮੀਣਿਆਂ, ਧੀਰਮੱਲੀਆਂ ਰਾਮਰਾਈਆਂ ਅਤੇ ਭ੍ਰਿਸ਼ਟਚਾਰੀ ਮਸੰਦਾਂ ਨੂੰ ਖਾਲਸਾ ਵਿਚ ਸ਼ਾਮਲ ਹੋਣ ਦੀ ਆਗਿਆ ਨਾ ਦਿੱਤੀ ਅਤੇ ਖਾਲਸਾ ਦੇ ਮੈਂਬਰਾਂ ਨੂੰ ਵੀ ਇਨ੍ਹਾਂ ਲੋਕਾਂ ਨਾਲ ਕਿਸੇ ਪ੍ਰਕਾਰ ਦਾ ਮੇਲ-ਜੋਲ ਨਾ ਰੱਖਣ ਦਾ ਹੁਕਮ ਦਿੱਤਾ।

## 5.8 ਖਾਲਸਾ ਸਾਜਨਾ ਦਾ ਮਹੱਤਵ

ਖਾਲਸਾ ਸਾਜਨਾ ਦੇ ਨਾਟਕੀ ਕਰਤੱਵ ਪਿੱਛੇ ਛੁਪੇ ਆਦਰਸ਼ ਦੀ ਮਹਾਨਤਾ ਨੂੰ ਸੰਸਾਰ ਭਰ ਦੇ ਵਿਦਵਾਨ ਸਮਝਦੇ ਹਨ Sri Aurbindo Ghosh nਾਪਣੀ ਕਿਤਾਬ 'Foundation of Indian Culture' ਵਿਚ ਲਿਖਦੇ ਹਨ: "The Sikh Khalsa on the other hand was an astonishing original and novel creation and its face turned not to the past but to the future. A very striking instance of democratic institution towards making a compact nationalism was the founding of Khalsa, its long line of Gurus, and the novel direction and form given to it by Guru Gobind Singh."

ਸੱਚ ਤਾਂ ਇਹ ਹੈ ਕਿ ਗੁਰੂ ਜੀ ਨੇ compact nationalism ਨਹੀ, ਸਗੋਂ ਇੱਕ ਵੱਡੇ ਰੂਪ ਵਿਚ ਬ੍ਰਹਿਮੰਡੀ ਨਜ਼ਰੀਆ ਅਤੇ ਚੇਤਨਾ (cosmopolitan outlook and consciousness) ਪੈਦਾ ਕੀਤੀ ਜਿਸ ਦੀ ਨੀਂਹ ਗੁਰੂ ਨਾਨਕ ਸਾਹਿਬ ਨੇ 'ਏਕ ਪਿਤਾ ਏਕਸ ਕੇ ਹਮ ਬਾਰਿਕ' ਅਤੇ 'ਸਭ ਮਹਿ ਜੋਤ ਜੋਤ ਹੈ ਸੋਇ' ਦੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਸਿਧਾਂਤਾਂ ਵਿਚ ਹੀ ਰੱਖ ਦਿਤੀ ਸੀ ਜਿਨ੍ਹਾਂ ਅਨੁਸਾਰ ਮਨੁੱਖ ਦਾ ਦੈਵੀ ਕਰਨ ਕੀਤਾ ਗਿਆ:-

ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ॥

(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ 462-463)

ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਵਰਗੀ ਦੈਵੀ ਦਾਤ ਸਮਾਜ ਦੇ ਆਮ ਮਨੁੱਖਾਂ ਨੂੰ ਦੇ ਕੇ ਉਹਨਾਂ ਦਾ ਦੈਵੀਕਰਨ ਕਰਨ ਦੇ ਨਾਲ ਨਾਲ ਦੇਵਤਿਆਂ ਦਾ ਵੀ ਸਮਾਜੀਕਰਨ ਕਰ ਕੇ ਮਨੁੱਖਾਂ ਵਿਚ ਇਹ ਵਿਸ਼ਵਾਸ ਪੈਦਾ ਕਰ ਦਿੱਤਾ ਕਿ ਉਹ ਦੇਵੀ ਗੁਣਾਂ ਦੇ ਮਾਲਕ ਬਣਨ ਦੀ ਸਮਰੱਥਾ ਰੱਖਦੇ ਹਨ।ਦੇਵੀ ਗੁਣਾਂ ਦੇ ਮਾਲਕ ਮਨੁੱਖਾਂ ਦਾ ਸਮੂਹ ਹੀ ਆਦਰਸ਼ਕ ਸਮਾਜ ਸਿਰਜ ਸਕਦਾ ਹੈ। ਸਿੱਖ ਗੁਰੂ ਸਾਹਿਬਾਨ ਦਾ ਜੀਵਨ ਆਦਰਸ਼ ਦੈਵੀ ਗੁਣਾਂ ਦੀ ਮਾਲਕ ਸ਼ਖਸੀਅਤ ਤਿਆਰ ਕਰਨਾ ਹੀ ਸੀ।ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਅਤੇ ਫਿਰ ਖਾਲਸਾ ਸਾਜਨਾ ਇਸ ਆਸ਼ੇ ਵੱਲ ਹੀ ਮਹੱਤਵਪੂਰਨ ਕਦਮ ਸਨ।ਦਸਮ ਗੁਰੂ ਜੀ ਨੇ ਗੁਰਿਆਈ ਗੁਰੂ ਗ੍ਰੰਥ ਸਾਹਿਬ ਨੂੰ ਦੇ ਕੇ ਇਸ ਵਿਚ ਸੰਕਲਿਤ ਬਾਣੀ ਖਾਲਸਾ ਪੰਥ ਨੂੰ ਇਸ ਦੇ ਸੰਵਿਧਾਨ ਦੇ ਰੂਪ ਵਿਚ ਦੇ ਦਿੱਤੀ।ਇਸ ਤਰ੍ਹਾਂ ਖਾਲਸਾ ਪੰਥ ਨੂੰ ਨਿਵੇਕਲੇ ਰੂਪ ਦੇ ਨਾਲ ਨਾਲ ਅਧਿਆਤਮਕ ਗੁਣਾਂ ਨਾਲ ਵੀ ਭਰਪੂਰ ਕੀਤਾ।ਮੰਨੇ ਪ੍ਰਮੰਨੇ ਆਰੀਆ ਸਮਾਜੀ ਲਾਲਾ ਦੌਲਤ ਰਾਇ ਆਪਣੀ ਕਿਤਾਬ 'ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ' ਵਿਚ ਲਿਖਦੇ ਹਨ ।

''ਗੁਰਿਆਈ (ਸ਼ਖਸੀ) ਦੇ ਸਿਲਸਿਲੇ ਨੂੰ ਖਤਮ ਕਰਕੇ ਗੁਰੂ ਜੀ ਨੇ ਬਹੁਤ ਵੱਡਾ ਕੰਮ ਕੀਤਾ ਹੈ। ਗੁਰੂ ਜੀ ਬੜੇ ਤਜਰਬਾਕਾਰ, ਦੂਰਅੰਦੇਸ਼ ਅਤੇ ਪਾਰਦਰਸ਼ੀ ਸਨ।ਉਹ ਸੁਚੱਜੇ ਅਤੇ ਨਿਪੁੰਨ ਸਨ।ਸਮੇਂ ਦੀ ਨਬਜ਼ ਦੀ ਪਛਾਣ ਰੱਖਦੇ ਸਨ।ਇਸ ਕਰਕੇ ਉਹਨਾਂ ਬੜੀ ਸਿਆਣਪ, ਸੁਘੜਤਾ ਅਤੇ ਦੂਰ ਅੰਦੇਸ਼ੀ ਨਾਲ ਇਸ ਸਿਲਸਿਲੇ ਨੂੰ ਸਮਾਪਤ ਕਰਕੇ ਖਾਲਸਾ ਧਰਮ ਨੂੰ ਆਉਣ ਵਾਲੀਆਂ ਗਿਰਾਵਟਾਂ ਤੋਂ ਬਚਾ ਲਿਆ। ਇਹ ਹੀ ਕਾਰਣ ਹੈ ਕਿ ਤਿੰਨ ਸੌ ਸਾਲ ਪਿੱਛੋਂ ਵੀ ਖਾਲਸਾ ਧਰਮ, ਜਿਥੋਂ ਤਕ ਇਸ ਦੇ ਅਸੂਲਾਂ ਦਾ ਸਬੰਧ ਹੈ, ਅਜੇ ਤੱਕ ਵਿਸ਼ੇਸ਼ ਕਰਕੇ ਖਾਲਸ ਹੀ ਹੈ। ਪੰਜ ਸਿੱਖਾਂ ਨੂੰ ਹੀ ਪਾਹੁਲ ਦੇਣ ਦਾ ਅਧਿਕਾਰ ਦੇਣਾ, ਧਾਰਮਿਕ ਸਾਂਝੀਵਾਲਤਾ ਦੀ ਪਰੰਪਰਾ ਦੀ ਨੀਂਹ ਉੱਤੇ ਨਵੀਨ ਬਰਾਦਰੀ ਦੀ ਸਥਾਪਨਾ ਸੀ। ਇਸ ਤਰੀਕੇ ਨਾਲ ਗੁਰੂ ਡੰਮ ਅਤੇ ਗੁਲਾਮੀ ਜਿਹੇ ਮਾੜੇ ਅਤੇ ਭਿਆਨਕ ਰੋਗ, ਜਿਸ ਦੇ ਨਮੂਨੇ ਹਿੰਦੂਆਂ ਵਿਚ ਆਮ ਦੇਖੇ ਜਾਂਦੇ ਸਨ ਤੇ ਜੋ ਬ੍ਰਾਹਮਣੀ ਧਰਮ ਦੀ ਸਿੱਖਿਆ ਨੇ ਪੈਦਾ ਕੀਤੇ ਸਨ, ਦਾ ਉੱਕਾ ਹੀ ਖਾਤਮਾ ਕਰਨਾ ਸੀ।'' ਖਾਲਸਾ ਸਾਜਨਾ ਅਤੇ ਫਿਰ ਇਸ ਨੂੰ ਗੁਰੂ ਗ੍ਰੰਥ ਸਾਹਿਬ ਦੇ ਲੜ੍ਹ ਲਗਾਉਣਾ ਇੱਕ ਅਜਿਹਾ ਇਤਿਹਾਸਕ ਮਹੱਤਤਾ ਵਾਲਾ ਕਦਮ ਸੀ, ਜੋ ਖਾਲਸਾ ਧਰਮ ਦੀ ਜੁਗ ਜੁਗ ਤੱਕ ਕਾਇਮ ਰਹਿਣ ਵਾਲੀ ਨਿਵੇਕਲੀ ਅਤੇ ਨਿਆਰੀ ਸ਼ਖਸੀਅਤ ਦੀ ਜ਼ਾਮਨੀ ਭਰਦਾ ਹੈ। ਸਿੱਖ ਇਤਿਹਾਸ ਇਸ ਗੱਲ ਦਾ ਗਵਾਹ ਹੈ ਗੁਰੂ ਸਾਹਿਬ ਜਦੋਂ ਤੱਕ ਖਾਲਸਾ ਗੁਰੂ ਗ੍ਰੰਥ ਸਾਹਿਬ ਵਿਚ ਦਿੱਤੀ ਨਿਰਾਲੀ ਸਿੱਖਿਆ ਤੇ ਕਾਇਮ ਰਹੇਗਾ, ਇਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇਗਾ ਅਤੇ ਗੁਰੂ ਦੀ ਬਖਸ਼ਿਸ਼ ਹਮੇਸ਼ਾ ਇਸ ਉੱਪਰ ਰਹੇਗੀ। ਅਜਿਹਾ ਵਾਅਦਾ ਗੁਰੂ ਸਾਹਿਬ ਦਾ ਸਿੱਖਾਂ ਨਾਲ ਹੈ ਤੇ ਅਤੇ ਜੇਕਰ ਇਹ ਸਿੱਖ ਸਿਧਾਂਤਾਂ ਤੋਂ ਥਿੜ੍ਹਕ ਕੇ ਦੁਨਿਆਵੀ ਕਾਰਜਾਂ ਦੇ ਵਿਚ ਲੱਗਦੇ ਹਨ ਤਾਂ ਗੁਰੂ ਸਾਹਿਬ ਦੇ ਅਨੁਸਾਰ:-

ਜਬ ਲਬ ਖਾਲਸਾ ਰਹੈ ਨਿਆਰਾ।ਤਬ ਲਗ ਤੇਜ ਦੀਉ ਮੈ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤ।ਮੈਂ ਨ ਕਰਉ ਇਨ ਕੀ ਪਰਤੀਤ।

ਗੁਰੂ ਸਾਹਿਬ ਦੇ ਅਨੁਸਾਰ ਉਸ ਸਮੇਂ ਇਨ੍ਹਾਂ ਦੀ ਪ੍ਰਤੀਤ ਗੁਰੂ ਵੀ ਕਰਨਾ ਛੱਡ ਦੇਵੇਗਾ ਜਦੋਂ ਇਹ ਮਾੜੇ ਸੰਸਕਾਰਾਂ ਦੇ ਵਿਚ ਉਲਝ ਜਾਣਗੇ.

## 5.9 ਸਾਰ

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਖਾਲਸੇ ਦੀ ਸਥਾਪਨਾ ਕਰਕੇ ਗੁਰੂ ਪਾਤਸ਼ਾਹ ਨੇ ਸਿੱਖ ਇਤਿਹਾਸ ਨੂੰ ਇਕ ਨਵਾਂ ਮੋੜ ਦਿੱਤਾ। ਸਿੱਖ ਪ੍ਰੰਪਰਾਵਾਂ ਅਨੁਸਾਰ, ''1699 ਈ. ਤੋਂ ਪਹਿਲਾਂ ਜੋ ਕੁੱਝ ਸਿੱਖ ਇਤਿਹਾਸ ਵਿਚ ਹੋਇਆ ਉਹ ਇਸ ਸਰਵ-ਉੱਤਮ ਘਟਨਾ ਦੀ ਤਿਆਰੀ ਸੀ ਅਤੇ ਇਸ ਮਗਰੋਂ ਜੋ ਕੁਝ ਵੀ ਹੋਇਆ ਉਹ ਇਸੇ ਘਟਨਾ ਦਾ ਸਿੱਟਾ ਜਾਂ ਇਸ ਨੂੰ ਅਮਲੀ ਰੂਪ ਦੇਣ ਲਈ ਇਕ ਯਤਨ ਸੀ।'' ਗੁਰੂ ਪਾਤਸ਼ਾਹ ਨੇ ਸਮੇਂ ਦੀ ਲੋੜ ਨੂੰ ਮੁੱਖ ਰੱਖਦੇ ਹੋਏ ਭਗਤੀ

ਤੇ ਸ਼ਕਤੀ ਨੂੰ ਇੱਕਠਿਆਂ ਕਰ ਦਿੱਤਾ। ਕਿਰਪਾਨ ਖਾਲਸੇ ਦੀ ਸਾਥੀ ਬਣ ਗਈ ਅਤੇ ਉਸਦੀ ਵਰਤੋਂ ਅੱਤਿਆਚਾਰ ਅਤੇ ਜ਼ੁਲਮ ਦੇ ਵਿਰੁੱਧ ਕੀਤੀ ਗਈ।

## 5.10 ਪੜ੍ਹਣਯੋਗ ਪੁਸਤਕਾਂ


- Dr. Gopal Singh, Guru Gobind Singh, Natioanl Book Trust, India.
- J.S. Grewal and S.S. Bal, Guru Gobind Singh, Publication Bureau Panjab University, Chandigarh.
- Teja Singh and Ganda Singh, A Short History of the Sikhs, Publication Bureau Punjabi University, Patiala.
- S.M. Latif, History of the Punjab, Lohore Book Shop, Ludhiana.
- Kirpal Singh, Perspectives on Sikh Gurus, National Book Shop, Delhi, 2000.
- ਇੰਦੂਭੂਸ਼ਣ ਬੈਨਰਜੀ, ਖਾਲਸੇ ਦੀ ਉਤਪਤੀ (ਭਾਗ ਦੂਜਾ), ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।
- ਸੁਖਦਿਆਲ ਸਿੰਘ, ਖਾਲਸਾ ਰਾਸ਼ਟਰ ਦੇ ਸਿਰਜਣਹਾਰ ਗੁਰੂ ਗੋਬਿੰਦ ਸਿੰਘ, Twenty First Century Publications, Patiala,
- ਰਹਿਤਨਾਮੇ, ਪਦਮ, ਪਿਆਰਾ ਸਿੰਘ, (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ

# ONE YEAR DIPLOMA IN SIKH THEOLOGY

## SEMESTER-II

## COURSE: THEOLOGICAL STUDY OF SIKH INSTITUTIONS

## UNIT 6-SARBAT KHALSA

**STRUCTURE**

6.0 ਉਦੇਸ਼

6.1 ਜਾਣ-ਪਛਾਣ

6.2 ਸਿਧਾਂਤਕ ਪੱਖ

6.3 ਇਤਿਹਾਸਕ ਪੱਖ

6.4 ਸਿੱਖ ਰਾਜ ਸਮੇਂ ਸਰਬੱਤ ਖ਼ਾਲਸਾ

6.5 ਅੰਗਰੇਜੀ ਕਾਲ ਸਮੇਂ ਸਰਬੱਤ ਖ਼ਾਲਸਾ

6.6 1984 ਤੋਂ ਬਾਅਦ ਸਰਬੱਤ ਖ਼ਾਲਸਾ

6.7 ਸਰਬੱਤ ਖ਼ਾਲਸਾ ਕਰਨ ਦਾ ਵਿਧੀ ਵਿਧਾਨ

6.8 ਗੁਰਮਤੇ ਰਾਹੀਂ ਸਿੱਖ ਸਮਾਜ ਦੇ ਇਸ ਤਰ੍ਹਾਂ ਦੇ ਕਾਰਜ ਸਿੱਧ ਕੀਤੇ ਜਾਂਦੇ ਹਨ

6.9 ਸਰਬੱਤ ਖ਼ਾਲਸਾ ਦੀਆਂ ਪ੍ਰਾਪਤੀਆਂ

6.10 ਸਾਰ

6.11 ਪੜ੍ਹਣਯੋਗ ਪੁਸਤਕਾਂ

### 6.0 ਉਦੇਸ਼

ਸਿੱਖ ਪੰਥ ਦੀ ਕਠਿਨ ਸਮੇਂ ਯੋਗ ਅਗਵਾਈ ਕਰਨ ਲਈ ਤੇ ਪੰਥ ਨੂੰ ਇਕ ਮੁਠ ਤਾਕਤ ਦੇ ਰੂਪ ਵਿਚ ਸੰਗਠਿਤ ਕਰਨ ਵਿਚ ਸਰਬੱਤ ਖ਼ਾਲਸੇ ਦੀ ਭੂਮਿਕਾ ਨੂੰ ਨਜਰ ਅੰਦਾਜ ਨਹੀਂ ਕੀਤਾ ਜਾ ਸਕਦਾ। ਇਸ ਪਰਚੇ ਅਧੀਨ ਸਿੱਖ ਪੰਥ ਦੀ ਮਹਾਨ ਸੰਸਥਾ ਸਰਬੱਤ ਖ਼ਾਲਸੇ ਦੇ ਇਤਿਹਾਸਕ ਤੇ ਵਰਤਮਾਨ ਸਮੇਂ ਅੰਦਰ ਭੂਮਿਕਾ ਨੂੰ ਉਜਾਗਰ ਕਰਨਾ,ਤੇ ਸਰਬੱਤ ਖ਼ਾਲਸੇ ਦੇ ਕਰਨ ਦੇ ਵਿਧੀ ਵਿਧਾਨ ਨੂੰ ਸਮਝਣਾ, ਇਸ ਪਰਚੇ ਦਾ ਮੁਖ ਉਦੇਸ਼ ਰਿਹਾ ਹੈ।

### 6.1 ਜਾਣ-ਪਛਾਣ

ਇਹ ਸ਼ਬਦ ਸਮੁੱਚੀ ਸਿੱਖ ਕੌਮ ਜਾਂ ਪੰਥ ਦੇ ਵਾਚਕ ਵਜੋਂ 19ਵੀਂ ਸਦੀ ਵਿੱਚ ਵਰਤਿਆ ਜਾਣ ਲੱਗਾ। ਸਰਬੱਤ ਖ਼ਾਲਸਾ 'ਖ਼ਾਲਸਾ' ਰਾਸ਼ਟਰ ਦੀ ਇੱਕ ਐਸੀ ਸੰਸਥਾ ਹੈ, ਜਿਸ ਨੇ ਖ਼ਾਲਸਾ ਜਥੇਬੰਧਕ ਢਾਂਚੇ ਵਿੱਚ ਅਤੇ ਖ਼ਾਲਸੇ ਦੀਆਂ ਨੀਤੀਆਂ ਨੂੰ ਪ੍ਰਸਾਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਰਬੱਤ ਖ਼ਾਲਸਾ ਸਮੁੱਚੇ ਅੰਮ੍ਰਿਤਧਾਰੀ ਸਿੰਘਾਂ ਦਾ ਸਮੂਹ ਹੈ। ਇਹ ਇੱਕ ਸੰਕਲਪ ਵੀ ਹੈ ਅਤੇ ਇੱਕ ਸੰਸਥਾ ਵੀ। ਸਰਬੱਤ ਖ਼ਾਲਸਾ ਆਪਣੇ ਆਪ ਵਿੱਚ ਹੀ

ਆਤਮ-ਨਿਰਣਾਇਕ ਹੈ ਅਤੇ ਸਰਬ ਸਮਰੱਥ ਹੈ। ਇਹ ਅਕਾਲ ਪੁਰਖ ਜਾਂ ਗੁਰੂ ਦਾ ਭੌਤਿਕ ਰੂਪ ਹੈ, ਸੰਸਾਰਕ ਪ੍ਰਤੀਨਿਧ ਅਤੇ ਅਕਾਲ ਪੁਰਖ ਦੀ ਇੱਛਾ ਅਨੁਸਾਰ ਹੀ ਸੰਸਾਰ ਤੇ ਪ੍ਰਗਟ ਹੋਇਆ ਹੈ।

ਖ਼ਾਲਸਾ ਅਕਾਲ ਪੁਰਖ ਕੀ ਫੌਜ, ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ।।

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਤੋਂ ਬਾਅਦ ਸਿੱਖਾਂ ਉੱਤੇ ਮੁਗਲ ਸਰਕਾਰ ਵੱਲੋਂ ਜ਼ੁਲਮਾਂ ਦੀ ਹਨੇਰੀ ਝੁੱਲ ਗਈ। ਮੁਗਲ ਸਰਕਾਰ ਹਰ ਤਰ੍ਹਾਂ ਨਾਲ ਸਿੱਖਾਂ ਦਾ ਖੁਰਾ ਖੋਜ ਮਿਟਾਉਣ ਤੇ ਤੁਲੀ ਹੋਈ ਸੀ। ਸਿੱਖਾਂ ਦੇ ਸਿਰਾਂ ਦੇ ਮੁੱਲ ਪੈ ਰਹੇ ਸਨ। ਇਸ ਭਿਆਨਕ ਸਮੇਂ ਅੰਦਰ ਸਿੱਖਾਂ ਨੇ ਆਪਣੇ ਆਪ ਨੂੰ ਬਚਾਉਣ ਲਈ ਛੋਟੇ ਵੱਡੇ ਜਥਿਆਂ ਦੇ ਰੂਪ ਵਿੱਚ ਜੰਗਲਾਂ, ਛੰਭਾਂ, ਮਾਰੂਥਲਾਂ ਅਤੇ ਪਰਬਤਾਂ ਵਿੱਚ ਲੁਕ ਛਿਪ ਕੇ ਸਮਾਂ ਬਿਤਾਉਣਾ ਸ਼ੁਰੂ ਕਰ ਦਿੱਤਾ। ਇਤਿਹਾਸਕ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਇਸ ਕਠਿਨ ਸਮੇਂ ਅੰਦਰ ਵੀ ਖ਼ਾਲਸਾ ਦੀਵਾਲੀ ਅਤੇ ਵਿਸਾਖੀ ਦੇ ਸਮੇਂ ਅੰਮ੍ਰਿਤਸਰ (ਦਰਬਾਰ ਸਾਹਿਬ) ਅਕਾਲ ਤਖ਼ਤ ਸਾਹਿਬ ਵਿਖੇ ਕੌਮੀ ਮਸਲਿਆਂ ਤੇ ਵਿਚਾਰ ਵਟਾਂਦਰੇ ਲਈ ਇਕੱਠਾ ਹੁੰਦਾ ਰਿਹਾ ਸੀ। ਅਜਿਹੇ ਇਕੱਠ ਨੂੰ ਸਮੁੱਚੇ ਪੰਥ ਦਾ ਪ੍ਰਤੀਨਿਧ ਸਮਝੇ ਜਾਣ ਕਾਰਨ 'ਸਰਬੱਤ ਖ਼ਾਲਸਾ' ਕਿਹਾ ਜਾਣ ਲੱਗਾ। ਸਰਬੱਤ ਖ਼ਾਲਸਾ ਦੇ ਇਕੱਠ ਵਿੱਚ ਕੌਮੀ ਮਸਲਿਆਂ ਦੇ ਦਰਪੇਸ਼ ਚੁਣੌਤੀਆਂ ਨੂੰ ਵਿਚਾਰਿਆ ਜਾਂਦਾ ਤੇ ਸਰਬਸੰਮਤੀ ਨਾਲ ਜੋ ਮਤਾ ਪ੍ਰਵਾਨ ਹੁੰਦਾ ਉਸ ਨੂੰ ਗੁਰਮਤਾ ਕਿਹਾ ਜਾਂਦਾ। ਗੁਰਮਤਾ ਹਰ ਸਿੱਖ ਲਈ ਗੁਰੂ ਦਾ ਹੁਕਮ ਮੰਨਿਆ ਜਾਂਦਾ ਸੀ। ਗੁਰਮਤਾ 'ਸਰਬੱਤ ਖਾਲਸਾ' ਦਾ ਇਤਿਹਾਸਿਕ ਪੱਖ ਨੂੰ ਬਿਆਨ ਕਰਦਾ ਹੈ। ਇਸ ਲਈ ਗੁਰਮਤਾ ਸ਼ਬਦ ਬਾਰੇ ਥੋੜੀ ਵਿਚਾਰ ਜਰੂਰੀ ਹੋ ਜਾਂਦੀ ਹੈ।

ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ-ਗੁਰਮਤਾ ਗੁਰੂ ਮੱਤ ਅਨੁਸਾਰ ਕੀਤਾ ਹੋਇਆ ਮੰਤ੍ਰ, ਪੁਰਾਣੇ ਸਿੰਘ ਸੰਸਾਰ ਅਤੇ ਧਰਮ ਦੇ ਕੰਮਾਂ ਨੂੰ ਆਰੰਭ ਕਰਨ ਤੋਂ ਪਹਿਲਾਂ ਦੀਵਾਨ ਵਿੱਚ ਸਲਾਹ ਕਰਦੇ ਸਨ। ਜੋ ਗੁਰ ਨਿਯਮਾਂ ਅਨੁਸਾਰ ਸਾਰੇ ਦੀਵਾਨ ਦੀ ਸਮਾਪਤੀ ਹੁੰਦੀ ਉਸ ਦਾ ਨਾਉਂ ਗੁਰਮਤਾ ਕਿਹਾ ਜਾਂਦਾ। ਜੋ ਗੁਰਮਤੇ ਦੇ ਵਿਰੁੱਧ ਕੋਈ ਕਰਮ ਕਰੇ ਉਹ ਤਨਖਾਹੀਆ ਹੁੰਦਾ ਸੀ। ਖ਼ਾਲਸੇ ਦੇ ਗੁਰਮਤੇ ਅਕਾਲ ਬੁੰਗੇ ਸਾਹਿਬ ਦੇ ਦੀਵਾਨ ਵਿੱਚ, ਖਾਸ ਕਰਕੇ ਹੋਲੇ ਮਹੱਲੇ ਦੇ ਸਮੇਂ 'ਤਖ਼ਤ ਕੇਸਗੜ੍ਹ' ਹੋਇਆ ਕਰਦੇ ਸਨ ਗੁਰਮਤੇ ਲਈ ਜ਼ਾਤੀ ਵੈਰ ਵਿਰੋਧ ਦੂਰ ਕਰਕੇ ਸਿੰਘ ਦੀਵਾਨ ਵਿਚ ਬੈਠਿਆ ਕਰਦੇ ਸਨ।

ਗੁਰਮਤੇ ਬਾਰੇ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ: ਗੁਰਮਤੇ ਦਾ ਅਰਥ ਰੈਜ਼ੂਲੇਸ਼ਨ ਨਹੀਂ, ਗੁਰਮਤਾ ਇਕ ਜਥੇਬੰਦੀ ਹੈ, ਇਕ ਉੱਚਾ ਆਸ਼ਰਮ ਹੈ, ਪਵਿੱਤਰਤਾ, ਨਾਮ ਅਤੇ ਤਿਆਗ ਦੀਆਂ ਨੀਹਾਂ ਤੇ ਉਸਾਰਿਆ ਇਕ ਮੰਦਰ ਹੈ, ਇਕ ਮਰਿਆਦਾ ਹੈ। ਜਿਸ ਵਿਚ ਖੁਦਗਰਜੀ, ਮਾਦੀ ਲਾਭ, ਸੁਆਰਥ, ਪੱਖਵਾਦ, ਈਰਖਾ ਅਤੇ ਨੀਵੇਂ ਤਰੀਕਿਆਂ ਨਾਲ ਆਪਣਾ ਬਲ ਬਣਾ ਕੇ ਹਾਰ-ਜਿੱਤ ਦੇ ਮਨਸੂਬੇ ਸਿਰੇ ਚਾੜ੍ਹਨ ਦੇ ਤਰੀਕਿਆਂ ਦੀ ਗੁੰਜਾਇਸ਼ ਨਹੀਂ।

ਸਰਬੱਤ ਖ਼ਾਲਸੇ ਦੀ ਮਹਾਨਤਾ, ਮਹੱਤਤਾ ਅਤੇ ਪ੍ਰਭੁਤਾ ਨੂੰ ਸਮਝਣ ਲਈ ਇਹ ਜ਼ਰੂਰੀ ਹੈ ਕਿ ਪਹਿਲਾਂ ਖ਼ਾਲਸੇ ਸ਼ਬਦ ਦੇ ਅਰਥ ਨੂੰ ਸਮਝਿਆ ਜਾਵੇ। 'ਖ਼ਾਲਸਾ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਨੂੰ ਮੁਗਲਾਂ ਦੇ ਸਮੇਂ ਉਸ ਜ਼ਮੀਨ ਬਾਰੇ ਵਰਤਿਆ ਜਾਂਦਾ ਸੀ ਜਿਹੜੀ ਸਿੱਧੀ ਬਾਦਸ਼ਾਹ ਦੇ ਆਪਣੇ ਕੰਟਰੋਲ ਹੇਠ ਹੁੰਦੀ ਸੀ ਅਤੇ ਜਿਸ ਉੱਪਰ ਕਿਸੇ ਠੇਕੇਦਾਰ ਜਾਂ ਹਿੱਸੇਦਾਰ ਦਾ ਕੋਈ ਦਖ਼ਲ ਨਹੀਂ ਹੁੰਦਾ ਸੀ।

ਇਸ ਤਰ੍ਹਾਂ ਖ਼ਾਲਸੇ ਤੋਂ ਭਾਵ ਸਿੱਖ ਜੋ ਸਿੱਧਾ ਆਪਣੇ ਗੁਰੂ ਨਾਲ ਸਬੰਧਿਤ ਹੈ। ਗੁਰੂ ਤੇ ਸਿੱਖ ਵਿਚਕਾਰ ਕੋਈ ਤੀਜੀ ਧਿਰ ਨਹੀਂ ਹੈ। ਗੁਰੂ ਅਤੇ ਅਕਾਲ ਪੁਰਖ ਵੀ ਇਕ ਭਾਵ ਰੱਖਦੇ ਹਨ। ਸ਼ਖ਼ਸੀ ਗੁਰਿਆਈ ਖ਼ਤਮ ਕਰਨ ਨਾਲ ਗੁਰਿਆਈ ਦਾ ਜੋ ਸੰਕਲਪ ਸਾਹਮਣੇ ਆਇਆ ਉਸ ਅਨੁਸਾਰ ਖ਼ਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਤਾਬਿਆ ਵਿੱਚ ਬੈਠਾ ਪੂਰਨ ਗੁਰੂ ਰੂਪ ਹੈ। ਸਿੱਖ ਧਰਮ ਦੇ ਵਿਸ਼ਵਾਸ ਅਨੁਸਾਰ ਸੰਗਤ ਵਿਚ ਅਕਾਲ ਪੁਰਖ ਵੱਸਦਾ ਹੈ ਅਤੇ ਸੰਗਤ ਦੀ ਸਰਬ ਸਾਂਝੀ ਆਵਾਜ਼ ਹੀ ਅਕਾਲ ਪੁਰਖ ਦੀ ਆਵਾਜ਼ ਹੈ।

ਇਸ ਤਰ੍ਹਾਂ ਖ਼ਾਲਸਾ ਸਿਰਫ ਅਕਾਲ ਪੁਰਖ ਦੇ ਅਧੀਨ ਹੈ ਹੋਰ ਕਿਸੇ ਦੀ ਅਧੀਨਤਾ ਸਵੀਕਾਰ ਨਹੀਂ ਕਰਦਾ। ਗੁਰੂ ਕਾਲ ਸਮੇਂ ਸੰਗਤਾਂ ਅਤੇ ਗੁਰੂ ਸਾਹਿਬ ਵਿਚਕਾਰ ਮਸੰਦ ਤੀਜੀ ਧਿਰ ਸਨ। ਜੋ ਗੁਰੂ ਦਾ ਹੁਕਮ ਸਿੱਖ ਸੰਗਤਾਂ ਤੱਕ ਪਹੁੰਚਾਉਂਦੇ ਸਨ ਤੇ ਸਿੱਖ ਸੰਗਤਾਂ ਦਾ ਦਸਵੰਧ ਕਾਰ-ਭੇਟਾਵਾਂ ਗੁਰੂ ਪਾਸ ਪਹੁੰਚਾਉਂਦੇ ਸਨ। ਸਿੱਖ ਸੰਗਤ ਸਿੱਧਾ ਗੁਰੂ

ਅਧੀਨ ਨਾ ਹੋ ਕੇ ਮਸੰਦਾਂ ਅਧੀਨ ਸੀ, ਪਰ ਸਮਾਂ ਪਾ ਕੇ ਮਸੰਦ ਭ੍ਰਿਸ਼ਟ ਹੋ ਗਏ ਤੇ ਸੰਗਤ ਦੇ ਦਸਵੰਧ ਅਤੇ ਕਾਰ-ਭੇਟਾਵਾਂ ਦਾ ਵੱਡਾ ਹਿੱਸਾ ਆਪਣੇ ਨਿੱਜੀ ਹਿੱਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ। ਜਿਸ ਦੇ ਫਲਸਰੂਪ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਵਿਵਸਥਾ ਖ਼ਤਮ ਕਰ ਦਿੱਤੀ ਅਤੇ ਸੰਗਤਾਂ ਨੂੰ ਖ਼ਾਲਸਾ ਬਣਾ ਕੇ ਸਿੱਧਾ ਗੁਰੂ ਨਾਲ ਜੋੜ ਲਿਆ। ਇਉਂ ਗੁਰੂ ਅਤੇ ਸਿੱਖ ਵਿਚਕਾਰ ਕੋਈ ਤੀਜੀ ਧਿਰ ਨਹੀਂ ਰਹੀ।

ਕਰਨਹਾਰ ਕਰਤਾਰ ਹੁਕਮ ਕਰਤੇ ਕੀਆ। ਕਰ ਮਸੰਦ ਸਭਿ ਦੂਰਿ ਖ਼ਾਲਸਾ ਕਰ ਲੀਆ।
ਖਾਂਡੇ ਕੀ ਪਹੁਲ ਦਈ ਕਰਨਹਾਰ ਪ੍ਰਭ ਸੋਇ। ਕੀਓ ਦਸੋ ਦਿਸ ਖ਼ਾਲਸਾ ਤਾਂ ਬਿਨ ਅਵਰ ਨ ਕੋਇ।

ਭਾਵ ਕਿ ਸਿੱਖ ਹਰ ਕਿਸਮ ਦੇ ਸੰਸਾਰਕ ਵਿਅਕਤੀ ਦੀ ਅਗਵਾਈ ਤੋਂ ਸੁਤੰਤਰ ਹੋ ਗਏ ਸਨ। ਇਹ ਸਾਰੀ ਵਿਵਸਥਾ ਅੰਮ੍ਰਿਤ ਛਕਾਉਣ ਦੀ ਮਰਯਾਦਾ ਨਾਲ ਹੋਈ ਸੀ। ਹੁਣ ਜੇਕਰ ਗੱਲ ਸਰਬੱਤ ਖ਼ਾਲਸੇ ਦੀ ਕਰੀਏ ਤਾਂ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਸਰਬੱਤ ਖ਼ਾਲਸਾ ਕੇਵਲ ਖ਼ਾਲਸਿਆਂ ਦੀ ਸੰਸਥਾ ਹੈ। ਜਿਸ ਵਿੱਚ ਸ਼ਾਮਿਲ ਹੋਣ ਵਾਲੇ ਖ਼ਾਲਸੇ ਹੀ ਹੋਣਗੇ, ਭਾਵ ਕਿ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਸਰਬੱਤ ਖ਼ਾਲਸੇ ਦਾ ਮੈਂਬਰ ਹੋ ਸਕਦਾ ਹੈ। ਕਿਉਂਕਿ ਬਿਨਾਂ ਅੰਮ੍ਰਿਤ ਛਕੇ ਤੇ ਖ਼ਾਲਸਾਈ ਰਹਿਤ ਮਰਯਾਦਾ ਧਾਰਨ ਕੀਤੇ ਖ਼ਾਲਸਾ ਨਹੀਂ ਬਣਿਆ ਜਾ ਸਕਦਾ। ਇਸ ਪ੍ਰਕਾਰ ਜੋ ਖ਼ਾਲਸਾ ਹੀ ਨਹੀਂ ਉਹ ਸਰਬੱਤ ਖ਼ਾਲਸੇ ਦਾ ਮੈਂਬਰ ਵੀ ਨਹੀਂ ਹੋ ਸਕਦਾ ।

ਸਰਬੱਤ ਖਾਲਸੇ ਦੀ ਪ੍ਰਥਾ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਹੀ ਹੋਂਦ ਵਿੱਚ ਆਈ। ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਗੱਦੀ ਸੌਂਪ ਕੇ ਵਿਅਕਤੀਗਤ ਗੁਰੂ ਦੀ ਸਮਾਪਤੀ ਕਰ ਦਿੱਤੀ। ਗੁਰਮਤੇ ਰਾਹੀਂ ਨਾ ਕੇਵਲ ਖ਼ਾਲਸਾ ਨਿੱਜੀ ਫੈਸਲੇ ਕਰਦਾ ਸੀ। ਸਗੋਂ ਦੁਖੀਆਂ ਦੀ ਇਮਦਾਦ ਲਈ ਵੀ ਫ਼ੈਸਲੇ ਤੇ ਗੁਰਮਤੇ ਸੋਧੇ ਜਾਂਦੇ ਸਨ। ਰਤਨ ਸਿੰਘ ਭੰਗੂ ਦੇ ਕਥਨ ਅਨੁਸਾਰ- ਜਦੋਂ ਵਿਸਾਖੀ ਤੇ ਖ਼ਾਲਸਾ ਪੰਥ ਸੰਮਤ 1817 ਭਾਵ 1760 ਈਸਵੀ ਵਿੱਚ ਇਕਤਰ ਹੋਇਆ ਤਾਂ ਇਕ ਬ੍ਰਾਹਮਣ ਆ ਫ਼ਰਿਆਦੀ ਹੋਇਆ ਕਿ ਉਸ ਦੀ ਨਾਰ ਕਸੂਰ ਦੇ ਪਠਾਣਾਂ ਨੇ ਖੋਹ ਲਈ ਹੈ ਤੇ ਖ਼ਾਲਸਾ ਇਸ ਜ਼ੁਲਮ ਤੋਂ ਰੱਖਿਆ ਕਰੇ ਤੇ ਹਰੀ ਸਿੰਘ ਭੰਗੀ ਤੇ ਹੋਰ ਸਰਦਾਰ ਉਸੇ ਵੇਲੇ ਤਿਆਰ ਹੋ ਗਏ। ਕਸੂਰ ਫਤਹਿ ਕਰਕੇ ਬ੍ਰਾਹਮਣੀ ਉਸ ਨੂੰ ਵਾਪਸ ਕਰਵਾ ਦਿੱਤੀ। ਭੰਗੂ ਕਸੂਰ ਮਾਰਨ ਦੀ ਕਥਾ ਇਸ ਦੋਹੇ ਨਾਲ ਸਮਾਪਤ ਕਰਦਾ ਹੈ :

ਪਠਾਨ ਸੁ ਤਬ ਹੀ ਮਾਰ ਕੈ ਬਿਪਨੀ ਦਈ ਫੜਾਇ। ਜੈ ਜੈ ਕਰਤੋ ਸੋ ਗਯੋ ਅਪਨੋ ਬਦਲੋ ਪਾਇ।

## 6.2 ਸਿਧਾਂਤਕ ਪੱਖ

ਖ਼ਾਲਸੇ ਦੀ ਅਗਵਾਈ ਕਰਨ ਲਈ ਗੁਰੂ ਸਾਹਿਬ ਨੇ ਇਕ ਅਕਾਲ ਪੁਰਖ ਦੀ ਥਾਂ ਤੇ ਪੰਜ ਪੁਰਖੀ ਸਿੱਖਾਂ ਦੀ ਅਗਵਾਈ ਨੂੰ ਆਧਾਰ ਬਣਾਇਆ ਹੈ। ਇਤਿਹਾਸਕ ਸਰੋਤਾਂ ਤੋਂ ਇਹ ਭਲੀ-ਭਾਂਤ ਪਤਾ ਲਗਦਾ ਹੈ ਕਿ ਖ਼ਾਲਸਾ ਸਾਜਨਾ ਤੋਂ ਬਾਅਦ ਸਿੱਖ ਪੰਥ ਵਿਚ ਪੰਜ ਪਿਆਰਿਆਂ ਦੀ ਮਹੱਤਤਾ ਨੂੰ ਕਿਸੇ ਵੀ ਪ੍ਰਕਾਰ ਅਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਪੰਜ ਪਿਆਰਿਆਂ ਦੇ ਹੁਕਮ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਸਵੀਕਾਰ ਕੀਤਾ ਹੈ। ਬਾਬਾ ਬੰਦਾ ਸਿੰਘ ਜੀ ਨੂੰ ਪੰਜਾਬ ਵੀ ਪੰਜ ਸਿੰਘਾਂ ਦੀ ਅਗਵਾਈ ਵਿਚ ਹੀ ਭੇਜਿਆ ਗਿਆ ਸੀ। ਇਤਿਹਾਸ ਵਿਚ ਹੋਰ ਵੀ ਅਨੇਕਾਂ ਹਵਾਲੇ ਮਿਲ ਜਾਂਦੇ ਹਨ ਕਿ ਜਦੋਂ ਪੰਜ ਸਿੰਘ ਨੇ ਖ਼ਾਲਸਾ ਪੰਥ ਦੀ ਅਗਵਾਈ ਕੀਤੀ। ਜਿਸ ਤਰ੍ਹਾਂ ਸਿੱਖ ਧਰਮ ਵਿਚ ਪੰਜ ਪਿਆਰਿਆਂ ਦੀ ਅਗਵਾਈ ਨੂੰ ਸਮੁੱਚਾ ਪੰਥ ਸਵੀਕਾਰ ਕਰਦਾ ਹੈ। ਠੀਕ ਇਸ ਤਰ੍ਹਾਂ ਹੀ ਸਰਬੱਤ ਖ਼ਾਲਸੇ ਦੇ ਇਕੱਠ ਦੀ ਅਗਵਾਈ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਪੰਜ ਪਿਆਰਿਆਂ ਦੀ ਅਗਵਾਈ ਤੋਂ ਬਿਨਾਂ ਨਹੀਂ ਹੋ ਸਕਦੀ। ਡਾ. ਸੁਖਦਿਆਲ ਸਿੰਘ ਦੇ ਕਥਨ ਅਨੁਸਾਰ ਇਹ ਪੰਜ ਪਿਆਰਿਆਂ ਦੀ ਕਾਰਜ ਸੀਮਾ ਸਿਰਫ਼ ਪਹਿਲੇ ਸਮਾਗਮ ਤੋਂ ਲੈ ਕੇ ਅਗਲੇ ਸਮਾਗਮ ਤਕ ਹੀ ਹੁੰਦੀ ਹੈ। ਅਗਲਾ ਸਮਾਗਮ ਬੁਲਾਉਣਗੇ ਤਾਂ ਪਹਿਲੇ ਪੰਜ ਪਿਆਰੇ ਹੀ ਪਰ ਸਮਾਗਮ ਬੁਲਾ ਕੇ ਸਮਾਗਮ ਦੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਹਾਜ਼ਰ ਇਕੱਠ ਵੱਲੋਂ ਆਪਣੇ ਬਾਰੇ ਫ਼ੈਸਲਾ ਲੈਣਗੇ ਕਿ ਉਹ ਇਕੱਠ ਨੂੰ ਮਨਜ਼ੂਰ ਹਨ ਜਾਂ ਨਹੀਂ, ਨਾ ਮਨਜ਼ੂਰ ਹੋਣ ਦੀ ਸੂਰਤ ਵਿੱਚ ਨਵੇਂ ਪੰਜ ਪਿਆਰੇ ਸਰਬਸੰਮਤੀ ਨਾਲ ਗੁਣਾਂ ਦੇ ਅਧਾਰ ਤੇ ਨੀਯਤ ਕੀਤੇ ਜਾਣਗੇ।

ਇਕੱਠ ਵਿੱਚ ਹਾਜ਼ਰ ਸਭ ਸਿੱਖ ਬਿਨਾਂ ਕਿਸੇ ਅਹੁਦੇ ਦੀ ਪਛਾਣ ਜਾਤ-ਪਾਤ ਦੇ ਵਿਤਕਰੇ ਤੋਂ ਸਭ ਬਰਾਬਰ ਦੇ ਅਧਿਕਾਰੀ ਹੁੰਦੇ ਹਨ ਤੇ ਸਭ ਨੇ ਆਪਣੀ ਰਾਏ ਦੇਣੀ ਹੁੰਦੀ ਹੈ। ਸਭ ਦੀ ਰਾਏ ਲੈਣ ਉਪਰੰਤ ਪੰਜ ਪਿਆਰੇ ਸਾਹਮਣੇ

ਆਏ ਮੋਟੇ ਮੋਟੇ ਨੁਕਤਿਆਂ ਤੇ ਸਰਬ-ਸੰਮਤੀ ਲੈਣ ਦੀ ਕੋਸ੍ਸ਼ਿ ਕਰਦੇ ਹਨ। ਸਰਬ ਸੰਮਤੀ ਨਾਲ ਪਾਸ ਹੋਏ ਮਤਿਆਂ ਨੂੰ ਗੁਰਮਤੇ ਦੇ ਰੂਪ ਵਿੱਚ ਪਾਸ ਕਰ ਦਿੱਤਾ ਜਾਂਦਾ ਹੈ। ਇੱਕ ਵਾਰ ਪਾਸ ਕੀਤੇ ਮਤੇ ਦੀ ਕੋਈ ਉਲੰਘਣਾ ਨਹੀਂ ਕਰ ਸਕਦਾ। ਉਲੰਘਣਾ ਕਰਨ ਦੀ ਸੂਰਤ ਵਿੱਚ ਸਬੰਧਿਤ ਸਿੱਖ ਤਨਖਾਹੀਆ ਕਰਾਰ ਦਿੱਤਾ ਜਾਂਦਾ ਹੈ।

ਕੀ ਸਰਬੱਤ ਖ਼ਾਲਸੇ ਦਾ ਇਕੱਠ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਇਲਾਵਾ ਕਿਸੇ ਹੋਰ ਥਾਂ ਤੇ ਵੀ ਹੋ ਸਕਦਾ ਹੈ? ਡਾ. ਸੁਖਦਿਆਲ ਸਿੰਘ ਅਨੁਸਾਰ- ਹਰ ਸੰਸਥਾ ਦੀ ਕੋਈ ਨਾ ਕੋਈ ਕੇਂਦਰੀ ਥਾਂ ਜ਼ਰੂਰ ਹੁੰਦੀ ਹੈ। ਬਿਨਾਂ ਕਿਸੇ ਕੇਂਦਰੀ ਥਾਂ ਤੋਂ ਕਿਸੇ ਵੀ ਸੰਸਥਾ ਦੀਆਂ ਕਾਰਵਾਈਆਂ ਦੀ ਗੰਭੀਰਤਾ ਨਹੀਂ ਬਣ ਸਕਦੀ। ਜਮਹੂਰੀ ਢਾਂਚੇ ਦੇ ਮੁਲਕਾਂ ਵਿੱਚ ਜਨਤਾ ਦੇ ਨੁਮਾਇੰਦਿਆਂ ਨੇ ਇਕੱਠੇ ਹੋ ਕੇ ਦੇਸ਼ ਦੇ ਰਾਜ ਪ੍ਰਬੰਧ ਬਾਰੇ ਸੋਚਣ ਲਈ ਇੱਕ ਕੇਂਦਰੀ ਅਸਥਾਨ ਹੁੰਦਾ ਹੈ। ਇਸ ਨੂੰ ਰਾਜਧਾਨੀ ਵੀ ਕਿਹਾ ਜਾਂਦਾ ਹੈ। ਕੇਂਦਰੀ ਅਸਥਾਨ ਦੇ ਸਥਾਪਿਤ ਹੋਣ ਨਾਲ ਇਕ ਖਾਸ ਕਿਸਮ ਦੀ ਪਵਿੱਤਰਤਾ ਅਤੇ ਮਰਯਾਦਾ ਕਾਇਮ ਹੁੰਦੀ ਹੈ, ਉੱਥੇ ਹਾਜ਼ਰ ਹੋਣ ਵਾਲੇ ਮੈਂਬਰ ਨੂੰ ਇਸ ਪਵਿੱਤਰਤਾ ਅਤੇ ਮਰਯਾਦਾ ਦਾ ਪਾਲਣ ਕਰਨਾ ਹੀ ਪੈਣਾ ਹੈ। ਇਸ ਲਈ ਇਹ ਜ਼ਰੂਰੀ ਹੈ ਕਿ ਹਰੇਕ ਸੰਸਥਾ ਦੀ ਕਾਰਵਾਈ ਉਸ ਕੇਂਦਰੀ ਅਸਥਾਨ ਤੋਂ ਹੀ ਚਲਾਈ ਜਾਵੇ।

ਸਰਬੱਤ ਖ਼ਾਲਸੇ ਦਾ ਕੇਂਦਰੀ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਹੈ। ਇਸ ਲਈ ਇਸ ਦੀਆਂ ਸਾਰੀਆਂ ਕਾਰਵਾਈਆਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਚਲਾਉਣੀਆਂ ਜ਼ਰੂਰੀ ਹਨ। ਇਸ ਨਾਲ ਕੁਝ ਇੱਕ ਅਸੂਲਾਂ ਦਾ ਆਪਣੇ ਆਪ ਹੀ ਪਾਲਣ ਹੁੰਦਾ ਰਹਿੰਦਾ ਹੈ। ਜਿਹੜਾ ਕਿ ਕਿਸੇ ਹੋਰ ਅਸਥਾਨ ਤੇ ਨਹੀਂ ਹੋ ਸਕਦਾ। ਮਿਸਾਲ ਦੇ ਤੌਰ ਤੇ ਜਦੋਂ ਸਰਬੱਤ ਖ਼ਾਲਸਾ ਅਕਾਲ ਤਖ਼ਤ ਸਾਹਿਬ ਤੇ ਇਕੱਠਾ ਹੋਣਾ ਸ਼ੁਰੂ ਹੁੰਦਾ ਹੈ ਤਾਂ ਉਹ ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕ ਕੇ ਆਪਣੇ ਆਪ ਨੂੰ ਧਰਮ ਦੇ ਅਧੀਨ ਸਮਰਪਣ ਕਰਦੇ ਹਨ। ਇਸ ਨਾਲ ਧਰਮ ਅਤੇ ਰਾਜਨੀਤੀ ਦੀ ਸੁਮੇਲਤਾ ਦੀ ਗੱਲ ਹੁੰਦੀ ਹੈ।

ਦੂਜਾ ਇਹ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਅਸਥਾਨ ਸਮੁੱਚੀ ਮਰਯਾਦਾ ਨੂੰ ਪੂਰਾ ਕਰਦਾ ਹੈ, ਜਿਵੇਂ ਕਿ ਸਰਬੱਤ ਖ਼ਾਲਸਾ ਸਾਹਮਣੇ ਦਲਾਨ ਵਿੱਚ ਬੈਠਦਾ ਹੈ ਅਤੇ ਉਸ ਦੀ ਪੰਜ ਮੈਂਬਰੀ ਲੀਡਰਸ਼ਿਪ ਤਖ਼ਤ ਸਾਹਿਬ ਦੇ ਉੱਚੇ ਥੜ੍ਹੇ ਉੱਪਰ ਬੈਠਦੀ ਹੈ। ਇਸ ਨਾਲ ਲੀਡਰਸ਼ਿਪ ਦੀ ਸਰਵ ਉੱਚਤਾ ਬਣੀ ਰਹਿੰਦੀ ਹੈ।

ਇਸ ਤੋਂ ਸਪੱਸ਼ਟ ਹੈ ਕਿ ਸਰਬੱਤ ਖ਼ਾਲਸੇ ਦਾ ਸਮਾਗਮ ਸਿਰਫ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰ ਹੀ ਹੋ ਸਕਦੇ ਹਨ ਪਰ ਜੇਕਰ ਖ਼ਾਲਸੇ ਲਈ ਸੰਕਟ ਕਾਲ ਹੋਵੇ ਤਾਂ ਇਹ ਸਮਾਗਮ ਕਿਸੇ ਹੋਰ ਥਾਂ ਤੇ ਵੀ ਹੋ ਸਕਦੇ ਹਨ। ਪਰ ਕਿਸੇ ਵੀ ਹੋਰ ਥਾਂ ਤੇ ਕੀਤੇ ਗਏ ਸਮਾਗਮ ਦੇ ਪੈਂਫਲੇਟ ਸ੍ਰੀ ਅਕਾਲ ਤਖ਼ਤ ਸਾਹਿਬ ਉੱਪਰੋਂ ਹੀ ਜਾਰੀ ਕਰਨੇ ਜ਼ਰੂਰੀ ਹਨ।

ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪਰ੍ਹੇ ਕਿਸੇ ਹੋਰ ਥਾਂ ਤੇ ਸਮਾਗਮ ਅਤਿ ਦੀ ਸੰਕਟਮਈ ਹਾਲਤ ਵਿੱਚ ਹੀ ਹੋਣਾ ਚਾਹੀਦਾ ਹੈ। ਜਿਵੇਂ ਕਿ ਪੰਜ ਸਿੰਘ ਸਾਹਿਬਾਨ ਵੱਲੋਂ ਜੋ ਸਰਬੱਤ ਖ਼ਾਲਸਾ ਸਮਾਗਮ 2 ਸਤੰਬਰ 1984 ਈਸਵੀ ਨੂੰ ਗੁਰਦੁਆਰਾ ਸ਼ਹੀਦਾਂ 'ਸ਼ਹੀਦ ਗੰਜ ਸਾਹਿਬ' ਅੰਮ੍ਰਿਤਸਰ ਵਿਖੇ ਬੁਲਾਇਆ ਗਿਆ ਸੀ। ਉਹ ਠੀਕ ਸੀ ਕਿਉਂਕਿ ਉਸ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਭਾਰਤੀ ਫ਼ੌਜ ਦੇ ਘੇਰੇ ਵਿੱਚ ਘਿਰਿਆ ਹੋਇਆ ਸੀ ਅਤੇ ਇਹ ਸਮਾਗਮ ਇਸ ਘੇਰੇ ਨੂੰ ਤੋੜਨ ਲਈ ਹੀ ਬੁਲਾਇਆ ਗਿਆ ਸੀ।

### 6.3 ਇਤਿਹਾਸਕ ਪੱਖ

ਸਰਬੱਤ ਖ਼ਾਲਸੇ ਦੇ ਸਿਧਾਂਤਕ ਪੱਖ ਨੂੰ ਜਾਨਣ ਤੋਂ ਬਾਅਦ ਹੁਣ ਇਤਿਹਾਸ ਬਾਰੇ ਜਾਨਣਾ ਜਰੂਰੀ ਹੋ ਜਾਂਦਾ ਹੈ। ਸਿੱਖ ਇਤਿਹਾਸ ਅਨੁਸਾਰ ਸਰਬੱਤ ਦੀ ਇੱਕ ਮਹੱਤਵਪੂਰਨ ਇਕੱਤਰਤਾ ਸੰਨ 1723 ਈਸਵੀ ਦੀ ਦੀਵਾਲੀ ਨੂੰ ਹੋਈ ਸੀ। ਜਿਸ ਵਿਚ ਭਾਈ ਮਨੀ ਸਿੰਘ ਜੀ ਨੇ ਤੱਤ ਖ਼ਾਲਸਾ ਅਤੇ ਬੰਦੀਆਂ ਵਿੱਚ ਉੱਠ ਖੜੋਤੇ ਵਿਵਾਦ ਦਾ ਸਮਾਧਾਨ ਕੀਤਾ ਸੀ।

ਸਰਬੱਤ ਖ਼ਾਲਸਾ ਦਾ ਦੂਜਾ ਉਲੇਖ ਇਕੱਠ ਭਾਈ ਤਾਰਾ ਸਿੰਘ ਵਾਂ ਦੀ ਸ਼ਹਾਦਤ ਤੋਂ ਬਾਅਦ ਹੋਇਆ ਜਿਸ ਵਿੱਚ ਗੁਰਮਤੇ ਦੁਆਰਾ ਤਿੱਨ ਫੈਸਲੇ ਕੀਤੇ ਗਏ।

1. ਮੁਗ਼ਲ ਸਰਕਾਰ ਦੇ ਸੂਹੀਆ ਜਾਂ ਖ਼ੁਫ਼ੀਆ ਏਜੰਟਾਂ ਨੂੰ ਖ਼ਤਮ ਕਰਨਾ।
2. ਸਰਕਾਰੀ ਖ਼ਜ਼ਾਨਿਆਂ ਨੂੰ ਏਧਰ ਓਧਰ ਲੈ ਜਾਣ ਸਮੇਂ ਲੁੱਟਣਾ।
3. ਸਰਕਾਰੀ ਅਸਲਾ ਖਾਨਿਆਂ ਤੋਂ ਸ਼ਸਤਰਾਂ ਨੂੰ ਲੁੱਟਣਾ ਅਤੇ ਅਸਤਬਲਾਂ ਤੋਂ ਘੋੜਿਆਂ ਨੂੰ ਖਿਸਕਾਉਣਾ।

ਸਰਬੱਤ ਖ਼ਾਲਸਾ ਦੀ ਤੀਜੀ ਜ਼ਿਕਰ ਕਰਨਯੋਗ ਇਕੱਤਰਤਾ ਸੰਨ 1733 ਈਸਵੀ ਵਿੱਚ ਹੋਈ ਸੀ। ਜਿਸ ਵਿੱਚ ਲਾਹੌਰ ਦੇ ਸੂਬੇ ਵੱਲੋਂ ਭੇਜੀ ਜਗੀਰ ਅਤੇ ਨਵਾਬੀ ਦੀ ਉਪਾਧੀ ਪ੍ਰਵਾਨ ਕਰ ਲਈ ਗਈ।

14 ਅਕਤੂਬਰ 1745 ਦੀ ਦੀਵਾਲੀ ਨੂੰ ਸਰਬੱਤ ਖ਼ਾਲਸਾ ਵਿੱਚ ਪਾਸ ਹੋਏ ਗੁਰਮਤੇ ਅਨੁਸਾਰ ਸਿੱਖਾਂ ਦੇ ਲੜਾਕੂ ਯੋਧਿਆਂ ਨੂੰ 25 ਜਥਿਆਂ ਵਿੱਚ ਵੰਡਿਆ ਗਿਆ। ਜਿਸ ਵਿੱਚ ਹਰੇਕ ਜਥੇ ਵਿੱਚ ਲਗਪਗ 100 ਆਦਮੀ ਸ਼ਾਮਲ ਸਨ। ਇਸ ਉਪਰੰਤ 'ਦਲ ਖ਼ਾਲਸਾ' ਦੇ ਰੂਪ ਵਿੱਚ ਗਿਆਰਾਂ ਮਿਸਲਾਂ ਦਾ ਸੰਗਠਨ ਕਰਨ ਲਈ 29 ਮਾਰਚ 1748 ਈਸਵੀ ਦੀ ਵਿਸਾਖੀ ਨੂੰ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਰਬੱਤ ਖ਼ਾਲਸਾ ਬੁਲਾਇਆ ਗਿਆ। ਇਸ ਵਿੱਚ ਸਿੱਖ ਜਥਿਆਂ ਨੂੰ ਗਿਆਰਾਂ ਮਿਸਲਾਂ ਵਿੱਚ ਵੰਡਿਆ ਗਿਆ ਤੇ ਨਵਾਬ ਕਪੂਰ ਸਿੰਘ ਵੱਲੋਂ ਰੱਖੇ ਗਏ ਗੁਰਮਤੇ ਨੂੰ ਸਰਬੱਤ ਖ਼ਾਲਸਾ ਵੱਲੋਂ ਪ੍ਰਵਾਨਗੀ ਦੇ ਕੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਦਲ ਖ਼ਾਲਸਾ ਦੇ ਮੁਖੀ ਵਜੋਂ ਨਿਯੁਕਤ ਕੀਤਾ। ਇਸ ਤੋਂ ਪਿੱਛੋਂ ਵਿਸ਼ੇਸ਼ ਇਤਿਹਾਸਕ ਮਹੱਤਤਾ ਵਾਲੇ ਸਰਬੱਤ ਖ਼ਾਲਸਾ ਦਾ ਇਕੱਠ 1762, 1765, 1766, 1798 ਅਤੇ 1805 ਵਿਸ਼ੇਸ਼ ਤੌਰ ਤੇ ਵਰਨਣਯੋਗ ਹਨ। ਬੇਸ਼ੱਕ ਹੋਰ ਵੀ ਕਈ ਐਸੇ ਮੌਕੇ ਕੌਮ ਦੀਆਂ ਵਿਸ਼ੇਸ਼ ਸਮੱਸਿਆਵਾਂ ਵਿਚਾਰਨ ਲਈ ਆਏ ਜਦੋਂ ਸਰਬੱਤ ਖ਼ਾਲਸਾ ਦੇ ਇਕੱਠ ਕਰਨ ਦੀ ਲੋੜ ਪਈ।

## 6.4 ਸਿੱਖ ਰਾਜ ਸਮੇਂ ਸਰਬੱਤ ਖ਼ਾਲਸਾ

ਸਿੱਖ ਰਾਜ ਸਥਾਪਤ ਹੋਣ ਮਗਰੋਂ ਰਾਜਸੀ ਮਾਮਲੇ ਦਾ ਆਖ਼ਰੀ ਗੁਰਮਤਾ 1805 ਈਸਵੀ ਵਿੱਚ ਕੀਤਾ ਗਿਆ। ਇਸ ਮਤੇ ਤੋਂ ਬਾਅਦ ਧਾਰਮਿਕ ਮਾਮਲਿਆਂ ਬਾਰੇ ਤਾਂ ਗੁਰਮਤੇ ਹੁੰਦੇ ਰਹੇ ਪਰ ਰਾਜਸੀ ਮਾਮਲਿਆਂ ਬਾਰੇ ਗੁਰਮਤਾ ਕਰਨ ਦੀ ਪਰੰਪਰਾ ਖ਼ਤਮ ਹੋ ਗਈ ਕਿਉਂਕਿ ਮਹਾਰਾਜਾ ਰਣਜੀਤ ਸਿੰਘ ਨੇ ਮਿਸਲਾਂ ਨੂੰ ਖ਼ਤਮ ਕਰਕੇ ਇੱਕ ਪੁਰਖੀ ਰਾਜ ਕਾਇਮ ਕਰ ਲਿਆ ਸੀ। ਉਸ ਦੀ ਸਰਕਾਰ ਰਾਜਸੀ ਫੈਸਲੇ ਸਿਰਫ਼ ਸਿੱਖਾਂ ਨਾਲ ਸਬੰਧਿਤ ਨਹੀਂ ਸਨ ਸਗੋਂ ਹਿੰਦੂਆਂ ਅਤੇ ਮੁਸਲਮਾਨਾਂ ਬਾਰੇ ਗੁਰਮਤਾ ਕਰਨਾ ਯੋਗ ਨਾ ਸਮਝਿਆ ਗਿਆ। ਰਣਜੀਤ ਸਿੰਘ ਸਮਝਦਾ ਸੀ ਕਿ ਰਾਜਸੀ ਕੰਮਾਂ ਵਿੱਚ ਮੁਸਲਮਾਨਾਂ ਜਾਂ ਹਿੰਦੂਆਂ ਨੂੰ ਰਾਏ ਦੇਣ ਦਾ ਉਨ੍ਹਾਂ ਹੀ ਅਧਿਕਾਰ ਹੈ ਜਿੰਨਾ ਕਿ ਸਿੱਖਾਂ ਨੂੰ। ਇਸ ਲਈ ਉਸ ਨੇ ਰਾਜਸੀ ਖੇਤਰ ਵਿੱਚ ਗੁਰਮਤਾ ਪ੍ਰਣਾਲੀ ਦੁਆਰਾ ਫੈਸਲੇ ਕਰਨੇ ਬੰਦ ਕਰ ਦਿੱਤੇ। ਉਸ ਨੇ ਆਖ਼ਰੀ ਵਾਰ 1805 ਈਸਵੀ ਵਿੱਚ ਗੁਰਮੱਤੇ ਦੁਆਰਾ ਇਹ ਫ਼ੈਸਲਾ ਕੀਤਾ ਕਿ ਜਸਵੰਤ ਰਾਓ ਹੁਲਕਰ ਨੂੰ ਇਮਦਾਦ ਨਾ ਦਿੱਤਾ ਜਾਵੇ। ਕਈ ਵਿਦਵਾਨ ਮਹਾਰਾਜਾ ਰਣਜੀਤ ਸਿੰਘ ਦਾ ਰਾਜਸੀ ਖੇਤਰ ਵਿਚੋਂ ਗੁਰਮਤੇ ਨੂੰ ਖਤਮ ਕਰਨਾ ਸਿੱਖੀ ਅਸੂਲਾਂ ਦੇ ਅਨੁਕੂਲ ਵੀ ਮੰਨਦੇ ਹਨ ਜਿਵੇਂ ਕਿ ਪ੍ਰਿੰਸੀਪਲ ਤੇਜਾ ਸਿੰਘ। ਉਨ੍ਹਾਂ ਦਾ ਭਾਵ ਇਹ ਹੈ ਕਿ ਗੁਰੂ ਸਾਹਿਬਾਨ ਨੇ ਸਦਾ ਸਰਬ ਸਾਂਝੀਵਾਲਤਾ ਦੇ ਅਸੂਲਾਂ ਨੂੰ ਅਪਨਾਇਆ ਹੈ ਜਿਵੇਂ ਕਿ ਲੰਗਰ ਵਿਚ ਹਿੰਦੂ ਤੇ ਮੁਸਲਮਾਨ ਜਾ ਸਕਦੇ ਹਨ।

## 6.5 ਅੰਗਰੇਜ਼ੀ ਕਾਲ ਸਮੇਂ ਸਰਬੱਤ ਖ਼ਾਲਸਾ

ਅੰਗਰੇਜ਼ਾਂ ਦੇ ਕਾਲ ਵਿਚ ਸਿੰਘ ਸਭਾ ਲਹਿਰ ਕਾਰਨ ਵਿੱਦਿਆ ਦਾ ਪਸਾਰਾ ਹੋਇਆ ਤੇ ਸਿੱਖਾਂ ਵਿੱਚ ਜਾਗ੍ਰਿਤੀ ਆਈ। ਜਿਸ ਦੇ ਫਲਸਰੂਪ ਸਿੱਖਾਂ ਨੇ ਆਪਣਾ ਵਿਰਸਾ ਸੰਭਾਲਿਆ। ਪੱਛਮੀ ਵਿੱਦਿਆ ਦੇ ਪ੍ਰਸਾਰ ਕਾਰਨ ਲੋਕਤੰਤਰੀ ਵਿਚਾਰਾਂ ਪ੍ਰਤੀ ਜ਼ੋਰ ਵਧਿਆ। ਜਿਸ ਨਾਲ ਗੁਰਮਤਿ ਦੇ ਗੌਰਵ ਵਿੱਚ ਵਾਧਾ ਹੋਇਆ ਤੇ ਸਿੱਖ ਪੰਥ ਦੇ ਇਕੱਠ ਮੁੱਖ ਤਖ਼ਤਾਂ, ਖ਼ਾਸ ਕਰਕੇ ਅਕਾਲ ਤਖ਼ਤ ਸਾਹਿਬ ਤੇ ਹੋਣ ਲੱਗੇ। ਇੱਥੇ ਹੀ ਬਹੁਤੇ ਗੁਰਮਤੇ ਸੋਧੇ ਜਾਂਦੇ ਸਨ। ਗੁਰਮਤੇ ਦੀ ਵਿਸ਼ੇਸ਼ਤਾ ਦੇ ਕਾਰਨ ਹੀ ਅੰਗਰੇਜ਼ੀ ਸਰਕਾਰ ਗੁਰਦੁਆਰਿਆਂ ਵਿੱਚ ਆਪਣੀ ਦਖ਼ਲ ਅੰਦਾਜ਼ੀ ਰੱਖਦੀ ਸੀ। ਪਹਿਲਾਂ ਸਿੱਧੇ ਤੌਰ ਤੇ ਅਤੇ ਫੇਰ ਮਹੰਤਾਂ ਦੇ ਰਾਹੀਂ। ਗੁਰਦੁਆਰਾ ਸੁਧਾਰ ਲਹਿਰ ਸਮੇਂ ਵਿਸ਼ੇਸ਼ ਗੁਰਮਤੇ ਅਕਾਲ ਤਖ਼ਤ ਸਾਹਿਬ ਤੇ ਹੀ ਹੁੰਦੇ ਰਹੇ। ਸਮੇਂ ਸਮੇਂ ਚੱਲੀਆਂ ਲਹਿਰਾਂ ਵਿੱਚ ਗੁਰਮਤੇ ਸੋਧਣ ਦੀ ਪ੍ਰਣਾਲੀ ਨੇ ਸਿੱਖਾਂ ਨੂੰ ਸੰਗਠਿਤ ਕਰੀ ਰੱਖਿਆ ਤੇ ਵੱਧ ਤੋਂ ਵੱਧ ਕੁਰਬਾਨੀਆਂ ਲਈ ਤਿਆਰ ਕੀਤਾ।

## 6.6 1984 ਤੋਂ ਬਾਦ ਸਰਬੱਤ ਖ਼ਾਲਸਾ

ਜੂਨ 1984 ਦੇ ਕਾਲੇ ਤੂਫਾਨ ਤੋਂ ਬਾਅਦ ਵੀ ਸ੍ਰੀ ਅਕਾਲ ਤਖ਼ਤ ਤੇ ਸਰਬੱਤ ਖਾਲਸੇ ਰਾਹੀਂ ਗੁਰਮਤੇ ਪਾਸ ਕਰਵਾਏ ਗਏ। ਜਿਸ ਵਿਚ 2 ਸਤੰਬਰ 1984 ਈਸਵੀ ਨੂੰ ਗੁਰਦੁਆਰਾ ਸ਼ਹੀਦਾਂ 'ਸ਼ਹੀਦ ਗੰਜ ਸਾਹਿਬ' ਅੰਮ੍ਰਿਤਸਰ ਵਿਖੇ ਇਹ ਸਮਾਗਮ ਫੌਜ ਦੇ ਘੇਰੇ ਨੂੰ ਤੋੜਨ ਲਈ ਹੀ ਬੁਲਾਇਆ ਗਿਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਦੀ ਕਾਰਸੇਵਾ ਸਬੰਧੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਤੋੜਨ ਦੀਆਂ ਲਗਾਤਾਰ ਕੋਸ਼ਿਸ਼ਾਂ ਅਤੇ ਸਾਜ਼ਿਸ਼ਾਂ ਵਿਰੁੱਧ, ਫੌਜ ਵਿਚੋਂ ਬਗ਼ਾਵਤ ਕਰ ਕੇ ਆਏ ਸਿੱਖ ਫ਼ੌਜੀਆਂ ਅਤੇ 1984 ਦੇ ਦੇਸ਼ ਵਿਆਪੀ ਸਿੱਖ ਦੰਗਿਆਂ ਵਿਚ ਮਾਰੇ, ਉਜਾੜੇ ਗਏ ਪਰਿਵਾਰਾਂ ਦੇ ਮੁੜ ਵਸੇਬੇ ਲਈ ਅਤੇ ਜੇਲ੍ਹਾਂ ਵਿੱਚ ਬੰਦ ਸਿੱਖ ਨੌਜਵਾਨਾਂ ਦੀ ਰਿਹਾਈ ਲਈ ਆਦਿ ਗੁਰਮਤੇ ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ ਵਿਖੇ ਬੁਲਾਏ ਗਏ ਸਰਬੱਤ ਖ਼ਾਲਸਾ ਰਾਹੀਂ ਪਾਸ ਕੀਤੇ ਸਾਡੇ ਸਾਹਮਣੇ ਆਉਂਦੇ ਹਨ। 26 ਜਨਵਰੀ 1986 ਈਸਵੀ ਨੂੰ ਸ੍ਰੀ ਅਕਾਲ ਤਖਤ ਸਾਹਿਬ ਤੇ ਸਰਬੱਤ ਖ਼ਾਲਸਾ ਸਮਾਗਮ ਹੋਇਆ। ਜਿਸ ਵਿਚ ਸਮੂਹ ਪੰਥ ਦਰਦੀ ਜਥੇਬੰਦੀਆਂ ਸ਼ਾਮਲ ਹੋਈਆਂ। ਇਸ ਸਮਾਗਮ ਵਿੱਚ ਸਮੁੱਚੇ ਖ਼ਾਲਸਾ ਪੰਥ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਨਵ ਉਸਾਰੀ ਦੀ ਦਮਦਮੀ ਟਕਸਾਲ ਨੂੰ ਸੌਂਪੀ ਗਈ।

ਨਵੀਨ ਸਮੇਂ ਵਿੱਚ ਗੁਰਮਤੇ ਪ੍ਰਣਾਲੀ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸੰਗਤਾਂ ਵਿਚ ਰਾਜਸੀ ਤੇ ਭਾਈਚਾਰਕ ਤੌਰ ਤੇ ਬਹੁਤ ਮੱਤਭੇਦ ਹੋ ਗਏ ਹਨ। ਜਿਸ ਕਰਕੇ ਕਿਸੇ ਇੱਕ ਫ਼ੈਸਲੇ ਤੇ ਪੁੱਜਣਾ ਦਿਨ ਬ ਦਿਨ ਕਠਿਨ ਹੁੰਦਾ ਜਾਂਦਾ ਹੈ। ਧਾਰਮਿਕ ਖੇਤਰ ਵਿੱਚ ਗੁਰਮਤੇ ਦੀ ਪ੍ਰਮੁੱਖਤਾ ਸਦਾ ਕਾਇਮ ਰਹਿ ਸਕਦੀ ਹੈ।

## 6.7 ਸਰਬੱਤ ਖ਼ਾਲਸਾ ਕਰਨ ਦਾ ਵਿਧੀ ਵਿਧਾਨ

ਸਰਬੱਤ ਖ਼ਾਲਸਾ ਇਕੱਠ ਕਰਨ ਤੋਂ ਪਹਿਲਾਂ ਸਿੱਖ ਜਰਨੈਲ ਅਤੇ ਧਾਰਮਿਕ ਆਗੂ ਅਥਵਾ ਪੰਜ ਪਿਆਰੇ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ ਉਪਰੰਤ ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫਤਹਿ। ਬੁਲਾਉਂਦੇ ਹਨ। ਸਰਬੱਤ ਖ਼ਾਲਸਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਜ ਪਿਆਰਿਆਂ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਹਾਜ਼ਰੀ ਵਿੱਚ ਹੀ ਹੋ ਸਕਦਾ ਹੈ ਅਤੇ ਇਸ ਸਮੇਂ ਪਾਸ ਕੀਤੇ ਗਏ ਗੁਰਮਤੇ ਨੂੰ ਸਾਰੇ ਸਿੱਖਾਂ ਵਾਸਤੇ ਪ੍ਰਵਾਨ ਕਰਨਾ ਲਾਜ਼ਮੀ ਸੀ। ਇਸ ਗੁਰਮਤੇ ਉਤੇ ਅਮਲ ਨਾ ਕਰਨ ਵਾਲਾ ਤਨਖਾਹੀਆ ਗਰਦਾਨਿਆ ਜਾਂਦਾ ਹੈ। ਸਰਬੱਤ ਖ਼ਾਲਸਾ ਵਿੱਚ ਹਰ ਧੜੇ ਜਾਂ ਵਿਚਾਰਧਾਰਾ ਵਾਲੇ ਸਿੱਖ ਸ਼ਾਮਿਲ ਹੋ ਸਕਦੇ ਹਨ ਅਤੇ ਹਰ ਪ੍ਰਕਾਰ ਦੇ ਵਾਦ-ਵਿਵਾਦ ਵਿੱਚ ਆਪਣੀ ਰਾਇ ਦੇ ਸਕਦੇ ਹਨ। ਪਰ ਅੰਤਮ ਫੈਸਲਾ ਕਰਨ ਸਮੇਂ ਜੇਕਰ ਵੋਟਾਂ ਪਾਉਣ ਦੀ ਲੋੜ ਪਵੇ ਤਾਂ ਇਹ ਅਧਿਕਾਰ ਅੰਮ੍ਰਿਤਧਾਰੀ ਸਿੰਘਾਂ ਨੂੰ ਪ੍ਰਾਪਤ ਸੀ ਤੇ ਹੈ। ਸਰਬੱਤ ਖ਼ਾਲਸਾ ਪਹਿਲਾਂ ਪਹਿਲ ਤਾਂ ਸ਼ਾਇਦ ਸਿੱਖ ਮਿਸਲਾਂ ਦੇ ਸਰਦਾਰਾਂ ਵੱਲੋਂ ਸਮੁੱਚੀ ਕੌਮ ਦੀ ਕਿਸੇ ਸਾਂਝੀ ਸਮੱਸਿਆ ਸਮੇਂ ਬੁਲਾਇਆ ਜਾਂਦਾ ਰਿਹਾ ਪਰ ਹੁਣ ਬਹੁਤ ਸਮੇਂ ਤੋਂ ਸਰਬੱਤ ਖ਼ਾਲਸਾ ਬੁਲਾਉਣ ਦਾ ਅਧਿਕਾਰ ਕੇਵਲ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਹੈ। ਕੁਝ ਵਿਸ਼ੇਸ਼ ਹਾਲਤਾਂ ਵਿੱਚ ਲੋੜ ਪੈਣ ਤੇ ਬਾਕੀ ਚਾਰ ਤਖ਼ਤਾਂ ਦੇ ਜਥੇਦਾਰ ਜਾਂ ਉਨ੍ਹਾਂ ਵਿੱਚੋਂ ਕੋਈ ਇੱਕ ਜਥੇਦਾਰ ਵੀ ਸਰਬੱਤ ਖ਼ਾਲਸਾ ਬੁਲਾ ਸਕਦਾ ਹੈ ਪਰ ਇਸ ਪ੍ਰਕਾਰ ਦੇ ਸਰਬੱਤ ਖ਼ਾਲਸਾ ਇਕੱਠ ਅਤੇ ਉਸ ਵਿੱਚ ਪ੍ਰਵਾਨ ਕੀਤੇ ਗੁਰਮਤਿਆਂ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਸਹਿਮਤੀ ਹੋਣੀ ਜ਼ਰੂਰੀ ਹੈ।

ਜਾਨ ਮੈਲਕਮ ਨੇ ਆਪਣੀ ਪੁਸਤਕ 'ਸਿੱਖ ਸਕੈਚ' ਵਿਚ ਲਿਖਿਆ ਹੈ ਕਿ ਜਦ ਸਿੱਖ ਸਰਦਾਰ ਇਕੱਤਰ ਹੁੰਦੇ ਹਨ ਤਾਂ ਆਪਸੀ ਵੈਰ ਵਿਰੋਧ ਜੇ ਕੋਈ ਹੋਣ ਤਾਂ ਛੱਡ ਦਿੰਦੇ ਹਨ ਰੰਜਸ਼ਾਂ ਮੁੱਕ ਜਾਂਦੀਆਂ ਹਨ ਅਤੇ ਜਾਤੀ ਅਹਿਸਾਸ ਤਕ ਪੰਥਕ ਭਲੇ ਵਿੱਚ ਦਾਖਿਲ ਨਹੀਂ ਹੁੰਦਾ। ਉਹ ਜਦ ਗੁਰਮਤਾ ਕਰਨ ਬੈਠਦੇ ਹਨ ਤਾਂ ਉਨ੍ਹਾਂ ਦੇ ਸਾਹਮਣੇ ਇੱਕ ਹੀ ਖਿਆਲ ਹੁੰਦਾ ਹੈ ਕਿ ਧਰਮ ਦਾ ਜੈਕਾਰ ਹੋਵੇ ਅਤੇ ਪੰਥ ਕੀ ਜੀਤ ਹੋਵੇ। ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਵਿੱਚ ਬੈਠ ਉੱਚੀ ਸਾਰੀ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ, ਬੋਲਦੇ ਹਨ।

ਕੜਾਹ ਪ੍ਰਸ਼ਾਦਿ ਆਉਣ ਤੇ ਫਿਰ ਸਾਰੇ ਅਰਦਾਸ ਕਰਨ ਲਈ ਖੜ੍ਹੇ ਹੋ ਜਾਂਦੇ ਹਨ। ਵਾਕ ਲੈਣ ਉਪਰੰਤ ਸਾਰੇ ਕੜਾਹ ਪ੍ਰਸ਼ਾਦਿ ਲੈਂਦੇ ਹਨ ਜਿਸ ਦਾ ਭਾਵ ਹੈ ਕਿ ਸਾਰੇ ਜਿਸ ਇੱਕ ਮਕਸਦ ਲਈ ਇਕੱਠੇ ਹੋਏ ਹਨ। ਉਸ ਨਾਲ ਪੂਰੀ ਸਹਿਮਤੀ ਪ੍ਰਗਟ ਕਰਦੇ ਹਨ। ਫਿਰ ਅਕਾਲ ਤਖ਼ਤ ਦਾ ਮੁਖੀ ਦੱਸਦਾ ਹੈ ਕਿ ਇਹ ਗੁਰਮਤਾ ਹੈ ਜਿਸ ਲਈ ਇਕੱਠ ਕੀਤਾ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਬੈਠੇ ਹਾਂ। ਸੋ ਇਹ ਪ੍ਰਣ ਕਰੋ ਕਿ ਸਾਡਾ ਕਿਸੇ ਨਾਲ ਅੰਦਰਲਾ ਜਾਤੀ ਝਗੜਾ

ਨਹੀਂ ਤੇ ਸਾਰੇ ਇਕੱਠੇ ਹਾਂ। ਸਾਰੇ ਧਾਰਮਿਕ ਭਾਵ ਤੇ ਦੇਸ਼ ਭਗਤੀ ਦੇ ਜਜ਼ਬੇ ਵਿੱਚ ਕਿਸੇ ਰੰਜਸ਼ਿ ਨੂੰ ਵਿਚਕਾਰ ਨਹੀਂ ਰੱਖਦੇ। ਫਿਰ ਵਿਚਾਰਾਂ ਕੀਤੀਆਂ ਜਾਂਦੀਆਂ ਹਨ ਤੇ ਖ਼ਤਰਿਆਂ ਤੋਂ ਜਾਣੂ ਕਰਵਾਇਆ ਜਾਂਦਾ ਹੈ। ਖੱਤਰਿਆਂ ਦਾ ਟਾਕਰਾ ਕਰਨ ਲਈ ਮਨਸੂਬੇ ਬਣਾਏ ਜਾਂਦੇ ਹਨ ਅਤੇ ਖ਼ਤਰੇ ਤੋਂ ਸਾਂਝੇ ਦੁਸ਼ਮਣ ਦਾ ਟਾਕਰਾ ਕਰਨ ਲਈ ਉਨ੍ਹਾਂ ਜਥੇਦਾਰਾਂ ਨੂੰ ਚੁਣਿਆ ਜਾਂਦਾ ਹੈ ਜੋ ਅੱਗੇ ਹੋ ਕੇ ਵੱਧ ਜੂਝਣਗੇ। ਫਿਰ ਅਰਦਾਸ ਕਰ ਜੈਕਾਰੇ ਛੱਡ ਕੇ ਵਿਦਾ ਹੁੰਦੇ ਹਨ।

## 6.8 ਗੁਰਮਤੇ ਰਾਹੀਂ ਸਿੱਖ ਸਮਾਜ ਦੇ ਇਸ ਤਰ੍ਹਾਂ ਦੇ ਕਾਰਜ ਸਿੱਧ ਕੀਤੇ ਜਾਂਦੇ ਹਨ

1. ਰਾਜਸੀ ਪੱਖ ਤੋਂ ਦਲ ਖ਼ਾਲਸੇ ਦੇ ਮੁਖੀ ਦੀ ਚੋਣ ਕਰਨਾ ਇਸ ਦਾ ਮੁੱਖ ਕਾਰਜ ਸੀ ਜਦੋਂ ਵੀ ਸਮੇਂ-ਸਮੇਂ ਦਲ ਖ਼ਾਲਸੇ ਦਾ ਮੁਖੀ ਜਾਂ ਜਥੇਦਾਰ ਚੜ੍ਹਾਈ ਕਰ ਜਾਂਦਾ ਤਾਂ ਨਵੇਂ ਜਥੇਦਾਰ ਦੀ ਚੋਣ ਕਰਨੀ ਇਸ ਸੰਸਥਾ ਦਾ ਹੀ ਮੁੱਖ ਕੰਮ ਸੀ।
2. 8 ਵੀਂ ਸਦੀ ਵਿੱਚ ਸਿੱਖ ਵੱਖਰੇ-ਵੱਖਰੇ ਜਥਿਆਂ/ਮਿਸਲਾਂ ਵਿੱਚ ਵੰਡੇ ਹੋਏ ਸਨ। ਜਿਨ੍ਹਾਂ ਦੇ ਆਪਣੇ ਆਪਣੇ ਇਲਾਕੇ ਸਨ। ਇਨ੍ਹਾਂ ਦਾ ਉਦੇਸ਼ ਇਕ ਅਥੇ ਦੁਸ਼ਮਣ ਸਾਂਝਾ ਸੀ। ਦੁਸ਼ਮਣ ਜਾਂ ਵਿਦੇਸ਼ੀ ਹਮਲਾਵਰ ਦਾ ਸਾਂਝੇ ਤੌਰ ਤੇ ਮੁਕਾਬਲਾ ਕਰਨ ਲਈ ਸਾਂਝੀ ਰਣਨੀਤੀ ਦਾ ਹੋਣਾ ਜ਼ਰੂਰੀ ਸੀ। ਇਸ ਲਈ ਸਾਰਿਆਂ ਲਈ ਸਾਂਝੀ ਵਿਦੇਸ਼ੀ ਨੀਤੀ ਉਲੀਕਣੀ ਗੁਰਮਤੇ ਦਾ ਹੀ ਕਾਰਜ ਸੀ ਅਤੇ ਪੰਥਕ ਦੁਸ੍ਮਣ ਦੇ ਵਿਰੁੱਧ ਫੌਜੀ ਕਾਰਵਾਈ ਦੀ ਯੋਜਨਾ ਵੀ ਗੁਰਮੱਤੇ ਦੁਆਰਾ ਹੀ ਬਣਾਈ ਜਾਂਦੀ ਸੀ।
3. ਅਚਾਨਕ ਕੋਈ ਰਾਜਸੀ ਸਮੱਸਿਆ ਉਤਪੰਨ ਹੋਣ ਤੇ ਉਸ ਦਾ ਹੱਲ ਵੀ ਗੁਰਮਤੇ ਰਾਹੀਂ ਕੀਤਾ ਜਾਂਦਾ ਸੀ ਜਿਸ ਤਰ੍ਹਾਂ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਿਰੁੱਧ ਮਰਾਠਾ ਸਰਦਾਰ ਹੁਲਕਰ ਦੀ ਸਿੱਖਾਂ ਨੇ ਮਦਦ ਕਰਨੀ ਸੀ ਜਾਂ ਨਹੀਂ। ਇਸ ਗੱਲ ਦਾ ਫ਼ੈਸਲਾ 1805 ਈਸਵੀ ਵਿੱਚ ਗੁਰਮਤੇ ਦੀ ਇਕੱਤਰਤਾ ਵਿੱਚ ਕੀਤਾ ਗਿਆ। ਇਸ ਗੁਰਮਤੇ ਵਿਚ ਅੰਗਰੇਜ਼ਾਂ ਦੇ ਵਿਰੁੱਧ ਹੁਲਕਰ ਦੀ ਮਦਦ ਨਾ ਕਰਨ ਦਾ ਫ਼ੈਸਲਾ ਸਿੱਖਾਂ ਨੇ ਲਿਆ।
4. ਗੁਰਮਤੇ ਰਾਹੀਂ ਸਿੱਖ ਸਰਦਾਰਾਂ ਦੇ ਆਪਸੀ ਝਗੜਿਆਂ ਦਾ ਨਿਪਟਾਰਾ ਕਰਨਾ ਵੀ ਹੁੰਦਾ ਸੀ। ਜਦੋਂ ਕਿਸੇ ਇਲਾਕੇ ਸਬੰਧੀ ਜਾਂ ਕਿਸੇ ਮਿਸਲ ਦੇ ਉੱਤਰਾਧਿਕਾਰੀ ਦੇ ਸੰਬੰਧ ਵਿਚ ਕੋਈ ਝਗੜਾ ਪੈਦਾ ਹੋ ਜਾਂਦਾ ਤਾਂ ਉਸ ਦੇ ਨਿਪਟਾਰੇ ਲਈ ਗੁਰਮਤਾ ਪਾਸ ਕਰਾਇਆ ਜਾਂਦਾ ਸੀ। ਸੋ ਇਹੋ ਜਿਹੇ ਨਿਪਟਾਰੇ ਇੱਕ ਸ਼੍ਰੋਮਣੀ ਅਦਾਲਤ ਦੀ ਤਰ੍ਹਾਂ ਨੇਪਰੇ ਚਾੜ੍ਹੇ ਜਾਂਦੇ ਸਨ।
5. ਸਿੱਖ ਸਮਾਜ ਦੇ ਫੁਟਕਲ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਗੁਰਮਤਿਆਂ ਰਾਹੀਂ ਯੋਜਨਾਵਾਂ ਬਣਾਈਆਂ ਜਾਂਦੀਆਂ ਸਨ। ਜਿਵੇਂ ਕਿ ਸਿੱਖ ਧਰਮ ਦੇ ਪ੍ਰਚਾਰ ਲਈ ਅਥਵਾ ਸਿੱਖ ਧਰਮ ਦੇ ਵਾਧੇ ਲਈ ਉਪਾਅ ਗੁਰਮਤਿਆਂ ਦੁਆਰਾ ਹੀ ਜੁਟਾਏ ਜਾਂਦੇ ਸਨ।

## 6.9 ਸਰਬੱਤ ਖ਼ਾਲਸਾ ਦੀਆਂ ਪ੍ਰਾਪਤੀਆਂ

1. ਕਠਿਨ ਸਮੇਂ ਅੰਦਰ ਕੌਮ ਦੀ ਯੋਗ ਅਗਵਾਈ ਕੀਤੀ। ਜਿਸਦੇ ਫਲਸਰੂਪ ਸਿੱਖ ਪੰਥ ਭਿਆਨਕ ਸਮੇਂ ਅੰਦਰ ਵੀ ਚੜ੍ਹਦੀ ਕਲਾ ਵਿਚ ਰਿਹਾ।
2. ਆਪਸ ਵਿਚ ਸਰਬ ਸਾਂਝੀਵਾਲਤਾ ਤੇ ਪਿਆਰ ਸਥਾਪਿਤ ਕੀਤਾ ਜਿਸ ਨਾਲ ਸਿੱਖ ਕੌਮ ਨੇ ਹਮੇਸ਼ਾ ਜੁਲਮ ਦਾ ਟਾਕਰਾ ਕੀਤਾ ਤੇ ਗਊ ਗਰੀਬ ਦੀ ਰਖਿਆ ਕੀਤੀ।
3. ਗੁਰੂ ਪੰਥ ਦੇ ਦਰਪੇਸ਼ ਆਈਆਂ ਚੁਣੌਤੀਆਂ ਦਾ ਯੋਗ ਹਲ ਕੀਤਾ।
4. ਗੁਰੂ ਪੰਥ ਕੋਲ ਆਏ ਹਰ ਫਰਿਆਦੀ ਦੀ ਸਹਾਇਤਾ ਕੀਤੀ ਜਿਸ ਦੇ ਤਹਿਤ ਹਿੰਦੂ ਲੜਕੀਆਂ ਨੂੰ ਛੁਡਵਾਇਆ ਗਿਆ।
5. ਗੁਰੂ ਗ੍ਰੰਥ ਸਾਹਿਬ ਉਤੇ ਪੂਰਨ ਭਰੋਸਾ ਬਣਾਈ ਰਖਣਾ। ਜਿਸ ਸਦਕਾ ਸਰਬੱਤ ਖ਼ਾਲਸੇ ਦੇ ਗੁਰਮਤੇ ਨੂੰ ਕਦੇ ਵੀ ਕਿਸੇ ਨੇ ਮੰਨਣ ਤੋਂ ਇਨਕਾਰ ਨਹੀਂ ਕੀਤਾ।
6. ਸਰਬੱਤ ਖ਼ਾਲਸੇ ਕਾਰਣ ਹੀ ਸਮਾਜ ਨੂੰ ਸੁਚਾਰੂ ਪ੍ਰਬੰਧ ਦਿਤਾ ਤੇ ਸਿੱਖ ਮਿਸਲਾਂ ਨੇ ਰਾਖੀ ਪ੍ਰਬੰਧ ਸ਼ੁਰੂ ਕੀਤਾ।
7. ਆਪਸੀ ਮਤ-ਭੇਦ ਭੁਲਾ ਕਿ ਇਕ ਸੰਗਠਿਤ ਸਿੱਖ ਸ਼ਕਤੀ ਨੂੰ ਪੈਦਾ ਕੀਤਾ। ਜਿਸੇ ਫਲਸਰੂਪ ਇਕ ਵਿਸ਼ਾਲ ਸਿੱਖ ਰਾਜ ਕਾਇਮ ਹੋ ਗਿਆ।

## 6.10 ਸਾਰ

ਸਮੁੱਚੇ ਤੌਰ ਤੇ ਕੋਈ ਵੀ ਸਮੱਸਿਆ ਬੇਸ਼ੱਕ ਉਹ ਸਮੁੱਚੀ ਕੌਮ ਦੀ ਹੋਵੇ ਜਾਂ ਕਿਸੇ ਵਿਸ਼ੇਸ਼ ਮਿਸਲ ਦੀ ਸਥਾਨਕ ਉਸ ਦਾ ਹੱਲ ਸਰਬੱਤ ਖ਼ਾਲਸਾ ਵੱਲੋਂ ਹੀ ਕੀਤਾ ਜਾਂਦਾ ਸੀ। ਸਰਬੱਤ ਖ਼ਾਲਸਾ ਇਕੱਠ ਵਿੱਚ ਕੌਮ ਦੇ ਹਰ ਪ੍ਰਕਾਰ ਮਸਲੇ ਵਿਚਾਰੇ ਜਾਂਦੇ ਸਨ ਭਾਵੇਂ ਰਾਜਨੀਤਿਕ, ਧਾਰਮਿਕ ਜਾਂ ਸਮਾਜਿਕ ਕਿਸੇ ਵੀ ਪ੍ਰਕਾਰ ਦੇ ਕਿਉਂ ਨਾ ਹੋਣ ਸਹੀ ਅਰਥਾਂ ਵਿੱਚ ਇਹ ਲੋਕਰਾਜੀ ਪਰੰਪਰਾ ਸੀ।

## 6.11 ਸਹਾਇਕ ਪੁਸਤਕਾਂ


- ਸਿੱਖ ਇਤਿਹਾਸ ਦੇ ਵਿਸ਼ੇਸ਼ ਪੱਖ, ਕਿਰਪਾਲ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।
- ਸਿੱਖ ਸੰਕਲਪ ਸਿਧਾਂਤ ਤੇ ਸੰਸਥਾਵਾਂ, (ਸੰਪਾ.), ਰੂਪ ਸਿੰਘ, ਧਰਮ ਪ੍ਰਚਾਰ ਕਮੇਟੀ, ਸ੍ਰੀ ਅੰਮ੍ਰਿਤਸਰ।
- ਪ੍ਰਮੁੱਖ ਸਿੱਖ ਸੰਸਥਾਵਾਂ, (ਸੰਪਾ.), ਨਰਿੰਦਰ ਕੌਰ ਭਾਟੀਆ, ਜਸਵਿੰਦਰ ਕੌਰ ਢਿੱਲੋਂ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।